ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

10-16 ਜਨਵਰੀ 2024

ਸਾਲ 15ਵਾਂ - ਅੰਕ 2

email : info@sadelok.com

Ph. : 510-706-1300

Fax : 925-373-1300




ਖਿਦਰਾਣੇ ਦੀ ਢਾਬ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ 40 ਮੁਕਤਿਆਂ ਦੀ ਸ਼ਹਾਦਤ ਨੂੰ

**ਕੋਟਿ-ਕੋਟਿ ਪ੍ਰਣਾਮ** (ਦੇਖੋ ਸਫ਼ਾ 26 'ਤੇ)

## 500 ਸਾਲ ਬਾਅਦ ਅਯੁੱਧਿਆ ਵਿਚ ਸ੍ਰੀ ਰਾਮ ਮੰਦਰ ਦੀ ਪੂਰੀ ਦੁਨੀਆ ਦੇ ਹਿੰਦੂਆਂ ਵਿਚ ਖੁਸ਼ੀ ਦੀ ਲਹਿਰ

ਕਾਰ ਰੈਲੀ 20 ਜਨਵਰੀ ਨੂੰ



6



28-29

ਈਸ਼ਰ ਆਏ ਦਲਿੱਦਰ ਜਾਏ,
ਦਲਿੱਦਰ ਦੀ ਜੜ੍ਹ ਚੁੱਲੇ ਪਾਏ

**ਲੋਹੜੀ ਦੀਆਂ ਮੁਬਾਰਕਾਂ**

ਖੁਸ਼ੀਆਂ ਦੇ ਤਿਉਹਾਰ ਲੋਹੜੀ ਦੀਆਂ ਆਪ ਸਭ ਨੂੰ ਬਹੁਤ ਬਹੁਤ ਵਧਾਈਆਂ।

## ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦਾ ਦੇਹਾਂਤ



22

## ਆਪੇ ਗੁਰੁ ਚੇਲਾ

# ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 355ਵਾਂ ਪ੍ਰਕਾਸ਼ ਦਿਵਸ ਸੰਗਤਾਂ ਵਲੋਂ ਸ਼ਰਧਾ ਨਾਲ ਮਨਾਇਆ ਜਾ ਰਿਹੈ



ਜੰਮੂ ਵਿਚ ਨਗਰ ਕੀਰਤਨ ਦੀ ਇਲਾਹੀ ਝਲਕ (ਦੇਖੋ ਸਫ਼ਾ 39 'ਤੇ)

# ਬਿਲਕੀਸ ਕੇਸ: 11 ਦੋਸ਼ੀਆਂ ਦੀ ਸਜ਼ਾ ਮੁਆਫ਼ੀ ਸੁਪਰੀਮ ਕੋਰਟ ਵੱਲੋਂ ਰੱਦ

## ਵਿਸ਼ੇਸ਼ ਮੁਆਫ਼ੀ ਤਹਿਤ ਛੱਡੇ ਦੋਸ਼ੀਆਂ ਨੂੰ ਦੋ ਹਫ਼ਤਿਆਂ 'ਚ ਵਾਪਸ ਜੇਲ੍ਹ ਭੇਜਣ ਦੀ ਹਦਾਇਤ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ 'ਤੇ ਤਾਕਤ ਦੀ ਦੁਰਵਰਤੋਂ ਦਾ ਦੋਸ਼ ਲਾਉਂਦੇ ਹੋਏ 2002 ਗੁਜਰਾਤ ਦੰਗਿਆਂ ਦੌਰਾਨ ਬਿਲਕੀਸ ਬਾਨੋ ਸਮੂਹਿਕ ਜਬਰ-ਜਨਾਹ ਤੇ ਉਸ ਦੇ ਸੱਤ ਪਰਿਵਾਰਕ ਜੀਆਂ ਦੀ ਹੱਤਿਆ ਮਾਮਲੇ ਵਿਚ 11 ਦੋਸ਼ੀਆਂ ਨੂੰ ਮਿਲੀ ਵਿਸ਼ੇਸ਼ ਸਜ਼ਾ ਮੁਆਫ਼ੀ ਰੱਦ ਕਰ ਦਿੱਤੀ ਹੈ। ਸਰਵਉੱਚ ਅਦਾਲਤ ਨੇ ਦੋਸ਼ੀਆਂ ਨੂੰ ਦੋ ਹਫ਼ਤਿਆਂ ਅੰਦਰ ਵਾਪਸ ਜੇਲ੍ਹ ਭੇਜਣ ਦੀ

(ਦੇਖੋ ਸਫ਼ਾ 10 'ਤੇ)



## ਭਾਈ ਗੁਰਦੇਵ ਸਿੰਘ ਕਾਉਂਕੇ ਦੀ ਪਤਨੀ ਦੇ ਭਾਵੁਕ ਬੋਲ

# ਸਾਡਾ ਕਿਸੇ ਨੇ ਸਾਥ ਨਹੀਂ ਦਿੱਤਾ : ਬੀਬੀ ਗੁਰਮੇਲ ਕੌਰ



ਜਗਰਾਉਂ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਬਾਰੇ ਪੰਜਾਬ ਪੁਲਿਸ ਦੇ ਸਾਬਕਾ ਵਧੀਕ ਡੀ.ਜੀ.ਪੀ. ਬੀ.ਪੀ. ਤਿਵਾੜੀ ਦੀ ਜਾਂਚ ਰਿਪੋਰਟ 25 ਸਾਲ ਮਗਰੋਂ ਜਨਤਕ ਹੋਣ ਤੋਂ ਬਾਅਦ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ। ਕਰੀਬ 32 ਸਾਲ ਤੋਂ ਜਿਥੇ ਭਾਈ ਕਾਉਂਕੇ ਦਾ ਪ੍ਰਵਾਰ ਇਨਸਾਫ਼ ਦੀ ਗੁਹਾਰ ਲਗਾ ਰਿਹਾ ਹੈ, ਉਥੇ ਹੀ ਸਿੱਖ ਕੌਮ ਲਈ ਇਹ ਵੱਡੀ ਤ੍ਰਾਸਦੀ ਹੈ ਕਿ ਕੌਮ ਅਪਣੇ ਜਥੇਦਾਰ ਨੂੰ ਇਨਸਾਫ਼ ਨਹੀਂ ਦਿਵਾ ਸਕੀ।

ਭਾਈ ਕਾਉਂਕੇ ਦੇ ਪਤਨੀ ਬੀਬੀ ਗੁਰਮੇਲ ਕੌਰ ਨੇ ਕਿਹਾ ਕਿ ਭਾਈ ਕਾਉਂਕੇ ਦੀ ਸ਼ਹਾਦਤ ਮਗਰੋਂ ਆਗੂ ਇਨਸਾਫ਼ ਦੀਆਂ ਗੱਲਾਂ ਤਾਂ ਬਹੁਤ ਕਰਦੇ ਸੀ ਪਰ ਕਿਸੇ ਨੇ ਸਾਥ ਨਹੀਂ ਦਿਤਾ। ਉਨ੍ਹਾਂ ਦਿਨਾਂ ਬਾਰੇ ਬਾਰੇ ਗੱਲ ਕਰਦਿਆਂ ਗੁਰਮੇਲ ਕੌਰ ਨੇ ਦੱਸਿਆ, "20 ਦਸੰਬਰ ਨੂੰ ਮੇਰਾ ਦੋਹਤਾ ਗੁਜ਼ਰ ਗਿਆ ਸੀ ਤੇ ਉਸੇ ਦਿਨ ਪੁਲਿਸ ਮੇਰੇ ਪਤੀ ਨੂੰ ਫੜ ਕੇ ਲੈ ਗਈ। ਪਹਿਲਾਂ ਪੁਲਿਸ ਕਹਿ ਰਹੀ ਸੀ ਕਿ ਸ਼ਾਮ ਤੱਕ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ ਪਰ ਭਾਈ ਕਾਉਂਕੇ ਕਹਿ ਗਏ ਸਨ ਕਿ ਲਾਸ਼

(ਦੇਖੋ ਸਫ਼ਾ 30 'ਤੇ)

Khalsa Affairs

ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ

www.khalsaaffairs.com

510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases

44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigration Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋ੍ਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ 209-481-7750

Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ
ਉਤਸ਼ਾਹਿਤ ਕਰਨ ਲਈ

## ★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★

### ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

## ਸ. ਸੁਖਦੇਵ ਸਿੰਘ ਬੈਨੀਵਾਲ


**For San Jose City Council - District 8**

**(408) 421-9463 or email : voteBainiwal@gmail.com**

**visit www.Votebainiwal.com # BainiwalForAll**

Paid for by Sukhdev Bainiwal for City Council 2024 FPPc#1463066

# ਸਵੇਰ ਦੀ ਨਮਾਜ਼ ਤੋਂ ਬਾਅਦ ਨਿਊਜਰਸੀ ਸੂਬੇ ਦੇ ਸ਼ਹਿਰ ਨੇਵਾਰਕ ਦੀ ਮਸਜਿਦ ਦੇ ਬਾਹਰ ਇਕ ਮੌਲਵੀ (ਇਮਾਮ) ਦੀ ਗੋਲੀਆਂ ਮਾਰ ਕੇ ਹੱਤਿਆ






ਨਿਊਜਰਸੀ, (ਰਾਜ ਗੋਗਨਾ) : ਬੀਤੇ ਦਿਨੀਂ ਨਿਊਜਰਸੀ ਸੂਬੇ ਦੇ ਸ਼ਹਿਰ ਨੇਵਾਰਕ ਦੀ ਇੱਕ ਮਸਜਿਦ ਦੇ ਇਮਾਮ, (ਮੌਲਵੀ) ਦੀ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਸੂਚਨਾ ਮਿਲੀ ਹੈ। ਜਿਸ ਨੂੰ ਬੁੱਧਵਾਰ ਤੜਕੇ ਸਵੇਰ ਦੀ ਨਮਾਜ਼ ਤੋਂ ਬਾਅਦ ਉਸ ਦੇ ਘਰ ਦੇ ਬਾਹਰ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਉਸ ਦੇ ਪਰਿਵਾਰ ਅਤੇ ਮਸਜਿਦ ਦੇ ਸੰਪਰਕ ਵਿੱਚ ਰਹੇ ਭਾਈਚਾਰੇ ਦੇ ਨੇਤਾਵਾਂ ਦੇ ਅਨੁਸਾਰ, ਉਸ ਦੀ ਗੋਲੀਆਂ ਦੀ ਤਾਬ ਨਾ ਝੱਲਣ ਕਾਰਨ ਸਥਾਨਕ ਹਸਪਤਾਲ ਵਿੱਚ ਉਸ ਨੂੰ ਦਾਖਲ ਕਰਵਾਇਆ ਗਿਆ ਜਿੱਥੇ ਉਹਨਾਂ ਦੀ ਮੌਤ ਹੋ ਗਈ। ਨਿਊਜਰਸੀ ਸੂਬੇ ਵਿੱਚ ਇਮਾਮਾਂ (ਮੌਲਵੀਆਂ) ਦੀ ਇਕ ਕੌਂਸਲ ਦੇ ਕਨਵੀਨਰ ਇਮਾਮ ਵਹੀ-ਉਦ-ਦੀਨ ਸ਼ਰੀਫ ਨੇ ਕਿਹਾ ਕਿ ਇਮਾਮ ਹਸਨ ਸ਼ਰੀਫ ਨੂੰ ਦੱਖਣੀ ਔਰੇਂਜ ਐਵੇਨਿਊ 'ਤੇ ਮਸਜਿਦ ਮੁਹੰਮਦ-ਨੇਵਾਰਕ (ਨਿਊਜਰਸੀ) ਨਾਂ ਦੀ ਪਾਰਕਿੰਗ ਵਿੱਚ ਦੋ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕੀਤੀ ਗਈ। ਦੱਸਿਆ ਗਿਆ ਹੈ ਕਿ ਇਮਾਮ 'ਤੇ ਕਈ ਮਹੀਨੇ ਪਹਿਲਾਂ ਸਵੇਰ ਦੀ ਨਮਾਜ਼ ਤੋਂ ਬਾਅਦ ਮਸਜਿਦ ਦੇ ਬਾਹਰ ਬੰਦੂਕ ਦੀ ਨੋਕ 'ਤੇ ਇਕ ਹਮਲਾ ਵੀ ਕੀਤਾ ਗਿਆ ਸੀ। ਉਸ ਘਟਨਾ ਵਿੱਚ, ਇਮਾਮ ਨੇ ਸ਼ੱਕੀ ਤੋਂ ਗੰਨ ਖੋਹ ਲਈ, ਸੀ। ਜੋ ਭੱਜ ਗਿਆ ਅਤੇ ਫਿਰ ਫੜਿਆ ਨਹੀਂ ਸੀ ਗਿਆ।ਨੇਵਾਰਕ ਪਬਲਿਕ ਸੇਫਟੀ ਡਾਇਰੈਕਟਰ ਫ੍ਰਿਟਜ਼ ਫਰੇਗੇ ਦੇ ਅਨੁਸਾਰ, ਬੁੱਧਵਾਰ ਨੂੰ ਗੋਲੀਬਾਰੀ ਸਵੇਰੇ 6:16 ਵਜੇ ਵਾਪਰੀ, ਜਦੋਂ ਮਸਜਿਦ ਦੇ ਬਾਹਰ ਇੱਕ ਵਿਅਕਤੀ ਨੂੰ ਗੋਲੀ ਮਾਰਨ ਦੀ ਉਹਨਾਂ ਨੂੰ ਸੂਚਨਾ ਦੇਣ ਵਾਲੀ ਇੱਕ ਦੁਖਦਾਈ ਕਾਲ ਤੋਂ ਬਾਅਦ ਪੁਲਿਸ ਸਥਾਨ 'ਤੇ ਪਹੁੰਚੀ। ਅਧਿਕਾਰੀਆਂ ਨੇ ਦੱਸਿਆ ਕਿ ਇਮਾਮ ਨੂੰ ਨੇਵਾਰਕ ਦੇ ਯੂਨੀਵਰਸਿਟੀ ਹਸਪਤਾਲ ਲਿਜਾਇਆ ਗਿਆ ਅਤੇ ਦੁਪਹਿਰ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਦੁਪਿਹਰ ਦੇ 2:21 ਵਜੇ ਉਸ ਦੀ ਮੌਤ ਹੋ ਗਈ। ਮਾਰੇ ਗਏ ਮੌਲਵੀ (ਇਮਾਮ) ਹਸਨ ਸ਼ਰੀਫ ਨੇ ਨੇਵਾਰਕ ਮਸਜਿਦ ਵਿੱਚ ਚਾਰ ਸਾਲਾਂ ਤੱਕ ਸੇਵਾ ਕੀਤੀ। ਪੁਲਿਸ ਨੇ ਕਾਤਲ ਦੀ ਗੁਪਤ ਸੂਚਨਾ ਦੇਣ ਲਈ 25,000 ਹਜ਼ਾਰ ਡਾਲਰ ਦਾ ਇਨਾਮ ਵੀ ਰੱਖਿਆ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

ਸਾਡੇ ਲੋਕ




S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ਅਮਰੀਕਾ ਦੇ ਰੱਖਿਆ ਮੰਤਰੀ ਲੋਇਡ ਆਸਟਿਨ ਬਿਮਾਰ, ਮੈਡੀਕਲ ਸੈਂਟਰ 'ਚ ਦਾਖਲ


ਵਾਸ਼ਿੰਗਟਨ : ਅਮਰੀਕਾ ਦੇ ਰੱਖਿਆ ਮੰਤਰੀ ਲੌਇਡ ਆਸਟਿਨ (70) ਕਿਸੇ ਬੀਮਾਰੀ ਕਾਰਨ ਪਿਛਲੇ ਸੋਮਵਾਰ ਤੋਂ ਡਿਊਟੀ ਤੋਂ ਗੈਰ-ਹਾਜ਼ਰ ਹਨ। ਪੈਂਟਾਗਨ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿੱਚ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ।

ਪੈਂਟਾਗਨ ਦੇ ਬੁਲਾਰੇ ਏਅਰ ਫੋਰਸ ਮੇਜਰ ਜਨਰਲ ਪੈਟ ਰਾਈਡਰ ਨੇ ਕਿਹਾ ਕਿ ਮਾਮੂਲੀ ਸਰਜਰੀ ਤੋਂ ਬਾਅਦ ਪੇਚੀਦਗੀਆਂ ਪੈਦਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਸੋਮਵਾਰ ਨੂੰ ਮੈਡੀਕਲ ਸੈਂਟਰ 'ਚ ਦਾਖਲ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਉਹ ਠੀਕ ਹੋ ਰਹੇ ਹਨ ਅਤੇ ਸੰਭਾਵਨਾ ਹੈ ਕਿ ਉਹ ਆਪਣੀ ਡਿਊਟੀ ਜਲਦੀ ਜੁਆਇਨ ਕਰ ਲੈਣਗੇ। ਉਨ੍ਹਾਂ ਕਿਹਾ ਕਿ ਨਿੱਜੀ ਗੋਪਨੀਯਤਾ ਅਤੇ ਡਾਕਟਰੀ ਮੁੱਦਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਮੰਤਰੀ ਨੂੰ



ਆਸਟਿਨ ਹਸਪਤਾਲ ਵਿੱਚ ਦਾਖਲ ਹੋਣ ਦੀ ਗੱਲ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਰਾਜ ਮੰਤਰੀ ਕੈਥਲੀਨ ਹਿਕਸ ਨੇ ਕਿਹਾ ਕਿ ਜੇ ਲੋੜ ਪਈ ਤਾਂ ਉਹ ਉਨ੍ਹਾਂ ਦੀ ਥਾਂ 'ਤੇ ਬਣੇ ਰਹਿਣ ਲਈ ਤਿਆਰ ਹੈ।

# ਟੈਕਸਾਸ ਦੇ ਹੋਟਲ 'ਚ ਧਮਾਕੇ ਕਾਰਨ 20 ਜ਼ਖ਼ਮੀ, ਇਕ ਦੀ ਹਾਲਤ ਗੰਭੀਰ



ਫੋਰਟ ਵਰਥ (ਅਮਰੀਕਾ) : ਅਮਰੀਕਾ ਦੇ ਟੈਕਸਾਸ ਸੂਬੇ ਦੇ ਫੋਰਟ ਵਰਥ ਵਿਚਲੇ ਇਤਿਹਾਸਕ ਹੋਟਲ ਵਿਚ ਅੱਜ ਧਮਾਕੇ ਵਿਚ 21 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਧਮਾਕੇ ਕਾਰਨ 20 ਮੰਜ਼ਿਲਾ ਹੋਟਲ ਦੇ ਦਰਵਾਜ਼ੇ ਅਤੇ ਕੰਧ ਦਾ ਪੂਰਾ ਹਿੱਸਾ ਸੜਕ 'ਤੇ ਡਿੱਗ ਗਿਆ। ਇਸ ਦੇ ਨਾਲ ਹੀ ਬਚਾਅ ਦਲ ਨੇ ਬੇਸਮੈਂਟ 'ਚ ਕਈ ਲੋਕਾਂ ਨੂੰ ਫਸੇ ਹੋਏ ਦੇਖਿਆ, ਜਦੋਂ ਧਮਾਕਾ ਹੋਇਆ ਤਾਂ ਸੈਂਡਮੈਨ ਸਿਗਨੇਚਰ ਹੋਟਲ ਦੇ ਦੋ ਦਰਜਨ ਤੋਂ ਵੱਧ ਕਮਰੇ ਮਹਿਮਾਨਾਂ ਨਾਲ ਭਰੇ ਸਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਧਮਾਕਾ ਗੈਸ ਲੀਕ ਹੋਣ ਕਾਰਨ ਹੋਇਆ ਅਤੇ ਹੋਟਲ ਵਿੱਚ ਉਸਾਰੀ ਦਾ ਕੰਮ ਚੱਲ ਰਿਹਾ ਹੈ।

# ਹੇਲੀ ਨੇ ਬਾਈਡੇਨ ਤੇ ਵਿੰਨ੍ਹਿਆ ਨਿਸ਼ਾਨਾ

ਡੀ ਮੋਇਨੇਸ : ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਪਾਰਟੀ ਦੀ ਉਮੀਦਵਾਰ ਬਣਨ ਦੀ ਦੌੜ ਵਿਚ ਸ਼ਾਮਲ ਨਿੱਕੀ ਹੇਲੀ ਨੇ ਰਾਸ਼ਟਰਪਤੀ ਜੋਅ ਬਾਈਡੇਨ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਹੇਲੀ ਨੇ 2015 ਵਿਚ ਨਸਲੀ ਹਮਲੇ ਦੀ ਜੱਦ 'ਚ ਆਏ ਦੱਖਣੀ ਕੈਰੋਲੀਨਾ ਸਥਿਤ ਇਕ ਚਰਚ ਵਿਚ ਰਾਸ਼ਟਰਪਤੀ ਜੋਅ ਬਾਈਡੇਨ ਦੇ ਭਾਸ਼ਣ ਨੂੰ ਲੈ ਕੇ ਸੋਮਵਾਰ ਰਾਤ ਉਨ੍ਹਾਂ 'ਤੇ ਹਮਲਾ ਬੋਲਿਆ। ਹੇਲੀ ਨੇ ਚਰਚ ਵਿਚ ਰਾਸ਼ਟਰਪਤੀ ਦੇ ਭਾਸ਼ਣ ਨੂੰ 'ਅਪਮਾਨਜਨਕ' ਕਿਹਾ ਅਤੇ ਕਿਹਾ ਕਿ ਰਾਸ਼ਟਰਪਤੀ ਨੇ 'ਸਿਆਸੀ ਭਾਸ਼ਣ' ਦਿੱਤਾ।

ਰਾਸ਼ਟਰਪਤੀ ਨੇ ਭਿਆਨਕ ਨਸਲੀ ਹਮਲੇ ਦੇ ਸ਼ਿਕਾਰ ਹੋਏ ਦੱਖਣੀ ਕੈਰੋਲੀਨਾ ਸਥਿਤ 'ਮਦਰ ਇਮੈਨੁਅਲ ਏਐਮਈ ਚਰਚ' 'ਚ ਸੋਮਵਾਰ ਨੂੰ ਆਪਣੇ ਭਾਸ਼ਣ ਦੌਰਾਨ ਗੋਰਿਆਂ ਦੀ ਸਰਵਉੱਚਤਾ ਦੀ ਨਿੰਦਾ ਕੀਤੀ ਅਤੇ ਗੈਰ ਗੋਰੇ ਲੋਕਾਂ ਨੂੰ ਰਾਸ਼ਟਰਪਤੀ ਚੋਣਾਂ 'ਚ ਉਨ੍ਹਾਂ ਨੂੰ ਦੁਬਾਰਾ ਜਿੱਤ ਦਿਵਾਉਣ ਦੀ ਅਪੀਲ ਕੀਤੀ ਅਤੇ ਐਲਾਨ ਕੀਤਾ ਕਿ ਅਜਿਹੀ ਵਿਚਾਰਧਾਰਾ ਦੀ ਅਮਰੀਕਾ ਵਿੱਚ ਕੋਈ ਥਾਂ ਨਹੀਂ ਹੈ। ਇੱਥੇ ਦੱਸ ਦਈਏ ਕਿ ਜੂਨ 2015 ਵਿੱਚ ਇਸ ਚਰਚ ਵਿੱਚ ਪ੍ਰਾਰਥਨਾ ਦੌਰਾਨ ਇੱਕ ਗੋਰੇ ਵਿਅਕਤੀ



ਵੱਲੋਂ ਨੌਂ ਗੈਰ ਗੋਰੇ ਲੋਕਾਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

'ਮਦਰ ਇਮੈਨੁਅਲ' ਵਿੱਚ ਬਾਈਡੇਨ ਨੇ ਕਿਹਾ, "ਕੁਝ ਗੋਰੇ ਸੋਚਦੇ ਹਨ ਕਿ ਉਹ ਹਰ ਕਿਸੇ ਨਾਲੋਂ ਉੱਤਮ ਹਨ। ਇਹ ਵਿਚਾਰ ਇੱਕ 'ਜ਼ਹਿਰ' ਹੈ ਜੋ ਇਸ ਦੇਸ਼ ਨੂੰ ਲੰਬੇ ਸਮੇਂ ਤੋਂ ਪਰੇਸ਼ਾਨ ਕਰ ਰਿਹਾ ਹੈ। ਅਮਰੀਕਾ ਵਿਚ ਇਸ ਦੀ ਕੋਈ ਥਾਂ ਨਹੀਂ ਹੈ, ਨਾ ਅੱਜ, ਨਾ ਕੱਲ੍ਹ ਜਾਂ ਕਦੇ ਵੀ।" ਹੇਲੀ ਨੇ ਕਿਹਾ ਕਿ ਉਹ ਨਵੰਬਰ ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਲੜਨਾ ਚਾਹੁੰਦੀ ਹੈ। ਸੰਯੁਕਤ ਰਾਸ਼ਟਰ ਦੇ ਸਾਬਕਾ ਰਾਜਦੂਤ ਅਤੇ ਦੱਖਣੀ ਕੈਰੋਲੀਨਾ ਦੇ ਗਵਰਨਰ ਨੇ ਡੇਸ ਮੋਇਨਸ, ਆਇਓਵਾ ਵਿੱਚ ਫੌਕਸ ਨਿਊਜ਼ 'ਤੇ ਇੱਕ ਟਾਊਨ ਹਾਲ ਸੰਬੋਧਨ ਦੌਰਾਨ ਕਿਹਾ, 'ਬਾਈਡੇਨ ਦਾ ਉੱਥੇ ਜਾਣਾ ਅਤੇ ਇੱਕ ਰਾਜਨੀਤਿਕ ਭਾਸ਼ਣ ਦੇਣਾ ਆਪਣੇ ਆਪ ਵਿੱਚ ਅਪਮਾਨਜਨਕ ਹੈ।'

# ਅਮਰੀਕਾ : ਕੋਲਾ ਖਾਨ 'ਚੋਂ ਮਿਲਿਆ ਕਰੋੜਾਂ ਸਾਲ ਪੁਰਾਣਾ ਖਜ਼ਾਨਾ, ਮਾਹਰ ਵੀ ਹੋਏ ਹੈਰਾਨ

ਡਕੋਟਾ : ਕੋਲੇ ਦੀ ਖਾਨ ਵਿੱਚ ਖੋਦਾਈ ਕਰਦੇ ਸਮੇਂ ਮਜ਼ਦੂਰਾਂ ਨੂੰ ਲੱਖਾਂ ਸਾਲ ਪੁਰਾਣਾ ਖਜ਼ਾਨਾ ਮਿਲਿਆ। ਅਮਰੀਕਾ ਦੇ ਉੱਤਰੀ ਡਕੋਟਾ ਸ਼ਹਿਰ ਵਿੱਚ ਖੋਦਾਈ ਦੌਰਾਨ ਮਜ਼ਦੂਰਾਂ ਨੂੰ ਇੱਕ ਬਹੁਤ ਪੁਰਾਣੇ ਮੈਮਥ (ਹਾਥੀ ਦੇ ਪੂਰਵਜ) ਦਾ ਦੰਦ ਮਿਲਿਆ। ਦੱਸਿਆ ਜਾ ਰਿਹਾ ਹੈ ਕਿ ਇਹ ਖਾਨ ਦੇ ਅੰਦਰ ਇੱਕ ਅਲੋਪ ਹੋ ਚੁੱਕੀ ਨਦੀ ਦੇ ਤਲ ਵਿੱਚ ਦੱਬਿਆ ਹੋਇਆ ਸੀ। ਇੱਕ ਮਜ਼ਦੂਰ ਨੂੰ 2 ਮੀਟਰ ਲੰਬਾ ਮੈਮਥ ਦੰਦ ਦੱਬਿਆ ਹੋਇਆ ਮਿਲਿਆ, ਜਿਸ ਦੀ ਉਮਰ 10 ਹਜ਼ਾਰ ਤੋਂ 1 ਲੱਖ ਸਾਲ ਦੱਸੀ ਜਾ ਰਹੀ ਹੈ। ਇਹ ਖਾਨ ਆਮ ਤੌਰ 'ਤੇ ਸਾਲਾਨਾ ਲੱਖਾਂ ਟਨ ਲਿਗਨਾਈਟ ਕੋਲੇ ਦਾ ਉਤਪਾਦਨ ਕਰਦੀ ਹੈ।

ਕੋਲਾ ਮਾਈਨਿੰਗ ਵਿੱਚ ਭਾਰੀ ਸਾਜ਼ੋ-ਸਾਮਾਨ ਦੀ ਵਰਤੋਂ ਦੇ ਬਾਵਜੂਦ ਲੱਖਾਂ ਸਾਲ ਪੁਰਾਣੇ ਮੈਮਥ ਦੰਦ ਦੀ ਚੰਗੀ ਤਰ੍ਹਾਂ ਸੰਭਾਲੀ ਸਥਿਤੀ ਦੇਖ ਕੇ ਮਾਹਿਰ ਹੈਰਾਨ ਸਨ। ਹੋਰ ਖੋਦਾਈ ਵਿੱਚ 20 ਤੋਂ ਵੱਧ ਹੱਡੀਆਂ ਵੀ ਮਿਲੀਆਂ, ਜੋ ਸੰਭਵ ਤੌਰ 'ਤੇ ਦੱਸਦੀਆਂ ਹਨ ਕਿ ਉੱਤਰੀ ਡਕੋਟਾ ਵਿੱਚ ਸ਼ਾਇਦ ਵੱਡੀ ਗਿਣਤੀ ਵਿੱਚ ਮੈਮਥ ਮਿਲੇ ਸਨ। ਅੱਜ ਦੇ ਹਾਥੀਆਂ ਨਾਲੋਂ ਬਹੁਤ ਵੱਡੇ ਮੈਮਥ ਕਦੇ ਧਰਤੀ 'ਤੇ ਘੁੰਮਦੇ ਸਨ। ਇਹ ਵੱਡੀ ਖੋਜ ਉਨ੍ਹਾਂ ਦੇ ਇਤਿਹਾਸ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕਰਦੀ ਹੈ, ਇਸ ਸੰਭਾਵਨਾ ਨੂੰ ਵਧਾਉਂਦੀ ਹੈ ਕਿ ਸਾਰੀਆਂ ਹੱਡੀਆਂ ਇੱਕੋ ਜਾਨਵਰ ਦੀਆਂ ਹਨ। ਪੂਰੇ ਮੈਮਥ ਪਿੰਜਰ ਨਾਲੋਂ



ਘੱਟ ਹੱਡੀਆਂ ਹੋਣ ਦੇ ਬਾਵਜੂਦ, ਇਹ ਖੋਜ ਕਾਫ਼ੀ ਮਹੱਤਵਪੂਰਨ ਹੈ।

**ਭਾਰੀ ਪਰ ਵਜ਼ਨੀ ਹੈ ਦੰਦ :** ਇਸ ਵੱਡੇ ਦੰਦ ਦਾ ਵਜ਼ਨ 22.6 ਕਿਲੋਗ੍ਰਾਮ ਤੋਂ ਵੱਧ ਹੈ ਪਰ ਇਹ ਕਾਫ਼ੀ ਨਾਜ਼ੁਕ ਹੈ। ਇਸ ਦੇ ਨੁਕਸਾਨ ਨੂੰ ਰੋਕਣ ਲਈ ਜੀਵਾਣੂ ਵਿਗਿਆਨੀਆਂ ਨੇ ਨਿਯੰਤਰਿਤ ਡੀਹਾਈਡਰੇਸ਼ਨ ਲਈ ਉਸ ਨੂੰ ਪਲਾਸਟਿਕ ਵਿੱਚ ਲਪੇਟਿਆ। ਹੱਡੀਆਂ ਮਹੀਨਿਆਂ ਤੱਕ ਲਪੇਟੀਆਂ ਰਹਿਣਗੀਆਂ। ਮਾਈਨਿੰਗ ਕੰਪਨੀ ਸਿੱਖਿਆ ਦੇ ਖੇਤਰ ਵਿੱਚ ਸਟੱਡੀ ਲਈ ਦਾਨ ਦੇਣਾ ਚਾਹੁੰਦੀ ਹੈ।

ਰੌਕੀ ਪਹਾੜਾਂ ਦੇ ਨੇੜੇ ਉੱਤਰੀ ਡਕੋਟਾ ਦਾ ਲੈਂਡਸਕੇਪ ਫਾਸਿਲਾਂ ਦਾ ਖਜ਼ਾਨਾ ਹੈ। ਰਾਜ ਦੀ ਰਣਨੀਤਕ ਸਥਿਤੀ ਅਤੇ ਵਾਤਾਵਰਣਕ ਇਤਿਹਾਸ ਨੇ ਪ੍ਰਾਚੀਨ ਜੀਵਨ ਦੇ ਅਵਸ਼ੇਸ਼ਾਂ ਨੂੰ ਸੁਰੱਖਿਅਤ ਰੱਖਿਆ ਹੈ, ਇਸ ਨੂੰ ਜੀਵਾਣੂ ਵਿਗਿਆਨੀਆਂ ਲਈ ਇੱਕ ਆਕਰਸ਼ਕ ਖੇਤਰ ਬਣਾਉਂਦਾ ਹੈ।

# ਕੋਲੋਰਾਡੋ ਸੁਪਰੀਮ ਕੋਰਟ 'ਚ ਦਾਖ਼ਲ ਹੋ ਕੇ ਬੰਦੂਕਧਾਰੀ ਨੇ ਕੀਤੀ ਗੋਲੀਬਾਰੀ, ਗ੍ਰਿਫ਼ਤਾਰ

ਡੈਨਵਰ : ਕੋਲੋਰਾਡੋ ਸੁਪਰੀਮ ਕੋਰਟ 'ਚ ਦਾਖ਼ਲ ਹੋ ਕੇ ਇਕ ਬੰਦੂਕਧਾਰੀ ਨੇ ਇਕ ਸੁਰੱਖਿਆ ਗਾਰਡ ਨੂੰ ਬੰਧਕ ਬਣਾ ਲਿਆ ਅਤੇ ਗੋਲੀਬਾਰੀ ਕੀਤੀ। ਕੁਝ ਦੇਰ ਬਾਅਦ ਸਥਾਨਕ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕੋਲੋਰਾਡੋ ਸਟੇਟ ਪੈਟਰੋਲਿੰਗ ਟੀਮ (ਸੀ. ਐੱਸ. ਪੀ.) ਅਨੁਸਾਰ, ਘਟਨਾ ਮੰਗਲਵਾਰ ਦੀ ਰਾਤ 1.15 ਵਜੇ ਹੋਈ। ਸ਼ੱਕੀ ਦੀ ਪਛਾਣ 44 ਸਾਲਾ ਬ੍ਰੈਂਡਨ ਆਲਸੇਨ ਵਜੋਂ ਹੋਈ, ਉਹ ਇਮਾਰਤ ਦੇ ਬਾਹਰ 2 ਕਾਰਾਂ ਦੀ ਟੱਕਰ ਦੇ ਬਾਅਦ ਇਕ ਖਿੜਕੀ ਰਾਹੀਂ ਕੋਰਟ ਵਿਚ ਦਾਖ਼ਲ ਹੋਇਆ ਸੀ।

ਕੋਰਟ 'ਚ ਦਾਖ਼ਲ ਹੋਣ ਤੋਂ ਬਾਅਦ ਉਸ ਨੇ ਸੀ. ਐੱਸ. ਪੀ. ਦੀ ਕੈਪੀਟਲ ਸੁਰੱਖਿਆ ਇਕਾਈ ਦੇ ਇਕ ਗਾਰਡ ਨੂੰ ਬੰਦੂਕ ਦੀ ਨੋਕ




'ਤੇ ਬੰਧਕ ਬਣਾ ਲਿਆ ਅਤੇ ਉਸ ਤੋਂ ਚਾਬੀਆਂ ਲੈ ਕੇ ਕੋਰਟ ਦੇ ਹੋਰ ਹਿੱਸਿਆਂ 'ਚ ਚਲਾ ਗਿਆ। ਇਸ ਤੋਂ ਬਾਅਦ ਉਸ ਨੇ ਅੰਦਰ ਗੋਲੀਬਾਰੀ ਕੀਤੀ ਅਤੇ ਲਗਭਗ 3 ਵਜੇ ਆਪਣੀ ਮਰਜ਼ੀ ਨਾਲ ਆਤਮਸਮਰਪਣ ਕਰ ਦਿੱਤਾ। ਘਟਨਾ 'ਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਸ਼ੱਕੀ ਦਾ ਇਰਾਦਾ ਅਜੇ ਸਪੱਸ਼ਟ ਨਹੀਂ ਹੋ ਸਕਿਆ। ਉਧਰ, ਕੋਲੋਰਾਡੋ ਪੁਲਸ ਨੇ ਸ਼ੁਰੂਆਤੀ ਜਾਂਚ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ ਗੋਲੀਬਾਰੀ 19 ਦਸੰਬਰ, 2023 ਨੂੰ ਕੋਲੋਰਾਡੋ ਸੁਪਰੀਮ ਕੋਰਟ ਦੇ 4-3 ਫੈਸਲੇ ਨਾਲ ਸਬੰਧਤ ਨਹੀਂ ਹੈ, ਜਿਸ 'ਚ ਰਾਸ਼ਟਰਪਤੀ ਅਹੁਦੇ ਦੀ ਪ੍ਰਾਇਮਰੀ ਵੋਟਿੰਗ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਾਂ ਹਟਾਉਣ ਦਾ ਹੁਕਮ ਦਿੱਤਾ ਗਿਆ ਸੀ। ਐੱਫ. ਬੀ. ਆਈ. ਨੇ ਪਹਿਲਾਂ ਕਿਹਾ ਸੀ ਕਿ ਉਹ ਟਰੰਪ ਨੂੰ ਰਾਸ਼ਟਰਪਤੀ ਅਹੁਦੇ ਦੀ ਚੋਣ ਤੋਂ ਹਟਾਉਣ ਦੇ ਫੈਸਲੇ ਤੋਂ ਬਾਅਦ ਕੋਲੋਰਾਡੋ ਸੁਪਰੀਮ ਕੋਰਟ ਦੇ ਜੱਜਾਂ ਖਿਲਾਫ ਹਿੰਸਕ ਧਮਕੀਆਂ ਦੀਆਂ ਰਿਪੋਰਟਾਂ ਦੀ ਜਾਂਚ ਕਰਨ ਲਈ ਕੋਲੋਰਾਡੋ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਕੰਮ ਕਰ ਰਹੀ ਹੈ।

# ਇਕ ਤੋਂ ਬਾਅਦ ਇਕ ਆਪਸ 'ਚ ਟਕਰਾਈਆਂ 35 ਗੱਡੀਆਂ, 2 ਲੋਕਾਂ ਦੀ ਮੌਤ

ਲਾਸ ਏਂਜਲਸ- ਅਮਰੀਕਾ ਦੇ ਕੈਲੀਫੋਰਨੀਆ 'ਚ ਇਕ ਤੋਂ ਬਾਅਦ ਇਕ 35 ਗੱਡੀਆਂ ਦੀ ਆਪਸ 'ਚ ਟੱਕਰ ਹੋ ਗਈ। ਇਸ ਹਾਦਸੇ 'ਚ 2 ਲੋਕਾਂ ਦੀ ਮੌਤ ਹੋ ਗਈ ਅਤੇ 9 ਹੋਰ ਜ਼ਖਮੀ ਹੋ ਗਏ। ਇਸ ਹਾਦਸੇ ਕਾਰਨ ਕੇਰਨ ਕਾਉਂਟੀ 'ਚ ਦੱਖਣ ਵੱਲ ਜਾਣ ਵਾਲਾ ਅੰਤਰਰਾਜੀ ਮਾਰਗ ਐਤਵਾਰ ਸਵੇਰ ਤੱਕ 24 ਘੰਟਿਆਂ ਤੋਂ ਵੱਧ ਸਮੇਂ ਲਈ ਬੰਦ ਰਿਹਾ।

ਸਥਾਨਕ ਨਿਊਜ਼ ਚੈਨਲ ਮੁਤਾਬਕ ਲਾਸ ਏਂਜਲਸ ਤੋਂ ਲਗਭਗ 170 ਕਿਲੋਮੀਟਰ ਉੱਤਰ 'ਚ ਬੇਕਰਸਫੀਲਡ ਕੋਲ ਦੱਖਣ ਵੱਲ ਸਥਾਨਕ ਸਮੇਂ ਮੁਤਾਬਕ ਸਵੇਰੇ 7:30 ਵਜੇ ਹੋਈ ਟੱਕਰ ਲਈ ਐਮਰਜੈਂਸੀ ਟੀਮ ਨੂੰ ਬੁਲਾਇਆ ਗਿਆ ਅਤੇ ਫਿਰ ਘੋਸ਼ਣਾ ਕੀਤੀ ਗਈ ਕਿ ਹਫੜਾ-ਦਫੜੀ ਵਾਲੇ ਹਾਲਾਤਾਂ 'ਚ ਦੋ ਲੋਕਾਂ ਦੀ ਮੌਤ ਹੋ ਗਈ ਹੈ। ਹਾਦਸੇ 'ਚ 35 ਵਾਹਨ ਸ਼ਾਮਲ ਸਨ, ਜਿਨ੍ਹਾਂ 'ਚ 17 ਯਾਤਰੀ ਵਾਹਨ ਅਤੇ 18 ਵੱਡੀਆਂ ਗੱਡੀਆਂ ਸ਼ਾਮਲ ਸਨ।

ਕੈਲੀਫੋਰਨੀਆ ਟਰਾਂਸਪੋਰਟ ਵਿਭਾਗ ਨੇ ਕਿਹਾ ਕਿ ਇਹ ਹਾਦਸਾ ਧੁੰਦ ਕਾਰਨ ਵਾਪਰਿਆ ਅਤੇ ਵਿਜ਼ੀਬਿਲਟੀ ਲਗਭਗ ਤਿੰਨ ਮੀਟਰ ਤੱਕ



ਘੱਟ ਗਈ ਸੀ। ਟਰਾਂਸਪੋਰਟ ਵਿਭਾਗ ਮੁਤਾਬਕ ਜਾਂਚ ਅਤੇ ਸਫਾਈ ਦੇ ਕਾਰਨ ਐਤਵਾਰ ਸਵੇਰੇ 11:00 ਵਜੇ ਤੱਕ ਖੇਤਰ ਵਿਚ 9-5 ਦੀਆਂ ਦੱਖਣੀ ਪਾਸੇ ਦੇ ਮਾਰਗ ਨੂੰ ਬੰਦ ਕਰ ਦਿੱਤਾ ਗਿਆ ਸੀ।

ਹਾਦਸੇ 'ਚ ਸ਼ਾਮਲ ਡਰਾਈਵਰ ਯੇਸੇਨੀਆ ਕਰੂਜ਼ ਨੇ ਸਥਾਨਕ KBAK ਨਿਊਜ਼ ਚੈਨਲ ਨੂੰ ਦੱਸਿਆ ਕਿ ਉਹ ਆਪਣੇ ਜੀ. ਪੀ. ਐਸ 'ਤੇ ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਉਹ ਰੁਕ ਗਈ। ਦੋ ਮਿੰਟ ਬਾਅਦ ਉਸ ਦੇ ਪਿੱਛੇ ਆ ਰਹੀ ਕਾਰ ਉਸ ਨਾਲ ਟਕਰਾ ਗਈ ਅਤੇ ਉਦੋਂ ਹੀ ਸਭ ਕੁਝ ਤੇਜ਼ੀ ਨਾਲ ਵਾਪਰਿਆ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM


CALIFORNIA INDIANS
celebrating
Bhagwan Shri Ram Ji's
homecoming in North California
Key attraction:
400+ CARS JOINING
IN THE RALLY
श्रीराम जन्मभूमि निर्माणाधीन मंदिर अयोध्या
POC- Deepti Mahajan, deepti.mahajan@gmail.com, 848-228-1416
JAN 20 2024
2 - 5 PM
FROM:
SOUTH BAY TO GOLDEN GATE BRIDGE
(ROUTE TBD)
Snacks sponsored by :
BiryaniZ
Milpitas
RSVP
https://forms.gle/FxnGtzuvHd1L4ooR9
VHPA
*This Car Rally is a volunteer effort by the participants in their own personal, free will. No organization is formally engaged in this event.

# ਰਾਮ ਮੰਦਰ ਸਮਾਗਮ: ਅਮਰੀਕਾ 'ਚ ਹਿੰਦੂਆਂ ਨੇ ਹਿਊਸਟਨ 'ਚ ਕੱਢੀ ਕਾਰ ਰੈਲੀ



ਹਿਊਸਟਨ : ਹਿੰਦੂ ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਇਸ ਮਹੀਨੇ ਦੇ ਅੰਤ ਵਿੱਚ ਅਯੁੱਧਿਆ ਵਿੱਚ ਹੋਣ ਵਾਲੇ ਰਾਮ ਮੰਦਰ ਸਮਾਗਮ ਤੋਂ ਪਹਿਲਾਂ ਹਿਊਸਟਨ ਵਿੱਚ ਵਿਸ਼ਾਲ ਕਾਰ ਰੈਲੀ ਕੱਢੀ। ਇਹ ਰੈਲੀ ਭਜਨ ਗਾਉਂਦੀ ਅਤੇ ਜੈ ਸ੍ਰੀ ਰਾਮ ਦੇ ਨਾਅਰੇ ਲਾਉਂਦੀ ਹੋਈ ਰਸਤੇ ਵਿੱਚ 11 ਮੰਦਰਾਂ ਵਿੱਚ ਵੀ ਰੁਕੀ। ਅਮਰੀਕਾ ਦੀ ਵਿਸ਼ਵ ਹਿੰਦੂ ਪਰਿਸ਼ਦ (ਵੀਐੱਚਪੀਏ) ਨੇ 22 ਜਨਵਰੀ ਨੂੰ ਅਯੁੱਧਿਆ ਵਿੱਚ ਹੋਣ ਵਾਲੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਮੰਦਰ ਦੇ ਅਧਿਕਾਰੀਆਂ ਨੂੰ ਰਸਮੀ ਸੱਦਾ ਵੀ ਦਿੱਤਾ ਹੈ। ਰਾਮ ਮੰਦਰ ਦੀ ਤਸਵੀਰ ਵਾਲੇ ਭਾਰਤੀ ਅਤੇ ਅਮਰੀਕਾ ਦੇ ਝੰਡੇ ਅਤੇ ਭਗਵੇ ਬੈਨਰ ਲੈ ਕੇ 500 ਤੋਂ ਵੱਧ ਲੋਕਾਂ ਨੇ 216 ਕਾਰਾਂ ਨਾਲ ਤਕਰੀਬਨ ਪੰਜ ਕਿਲੋਮੀਟਰ ਲੰਬੀ ਰੈਲੀ ਕੱਢੀ। ਇਸ ਦੌਰਾਨ ਅੱਠ ਪੁਲੀਸ ਮੁਲਾਜ਼ਮ ਵੀ ਆਪਣੇ ਮੋਟਰਸਾਈਕਲਾਂ 'ਤੇ ਰੈਲੀ ਦੇ ਨਾਲ ਮੌਜੂਦ ਸਨ। ਹਿਊਸਟਨ ਦੇ ਸਮਾਜ ਸੇਵਕ ਜੁਗਲ ਮਲਾਨੀ ਨੇ ਸ੍ਰੀ ਮੀਨਾਕਸ਼ੀ ਮੰਦਰ ਤੋਂ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਇਹ ਦੁਪਹਿਰ ਨੂੰ ਰਿਚਮੰਡ ਦੇ ਸ੍ਰੀ ਸ਼ਰਦ ਅੰਬਾ ਮੰਦਰ ਪਹੁੰਚ ਕੇ ਸਮਾਪਤ ਹੋਈ।

# ਮਿਸਾਲਾਂ ਹਨ ਚਾਰ, ਸੁਣਿਉਂ 'ਭਰਦਾਨ' ਬਰਖੁਰਦਾਰ !




ਸ਼ੁਰੂ ਵਿੱਚ ਥੋੜਾ ਜਿਹਾ ਨਿੱਜੀ ਵੇਰਵਾ ਇਸ ਕਰਕੇ ਦੇ ਰਿਹਾਂ ਕਿਉਂਕਿ ਅਜੋਕੇ 'ਬਾਦਲ ਦਲ' ਨੂੰ ਜੇ ਮੁੜ ਸ਼੍ਰੋਮਣੀ ਅਕਾਲੀ ਦਲ ਬਣਾਉਣ ਵਾਸਤੇ ਕੋਈ ਸਿਧਾਂਤਕ ਸਲਾਹ ਦੇਵੇ ਤਾਂ ਬਾਦਲ ਦਲੀਏ ਉਹਦੇ 'ਤੇ ਕਾਂਗਰਸੀ ਹੋਣ ਦਾ 'ਲੇਬਲ' ਝੱਟਪਟ ਚੇਪ ਦਿੰਦੇ ਹਨ!

ਮੈਂ ਉਸ ਕੱਟੜ ਅਕਾਲੀ ਬਾਪ ਦਾ ਪੁੱਤ ਹਾਂ ਜੋ ਮਾਸਟਰ ਤਾਰਾ ਸਿੰਘ ਹੁਣਾ ਦੇ ਸਮੇਂ ਅਕਾਲੀ ਦਲ ਦਾ ਨਵਾਂ ਸ਼ਹਿਰ ਤਹਿਸੀਲ ਤੋਂ 'ਡੈਲੀਗੇਟ' ਹੋਣ ਨਾਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਾਈਕਲ 'ਤੇ ਜਾਂਦਾ ਹੁੰਦਾ ਸੀ ਦਲ ਦੇ ਪ੍ਰਧਾਨ ਦੀ ਚੋਣ ਮੌਕੇ। ਜਮਾਂਦਰੂ ਅਕਾਲੀ ਹੋਣ ਨਾਤੇ ਮੈਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਰਿਹਾ ਹਾਂ! ਕਹਿਣ ਦਾ ਮਤਲਬ ਕਿ ਅਕਾਲੀ ਦਲ ਦਾ ਸ਼ੁੱਭਚਿੰਤਕ ਹਾਂ ਵਿਰੋਧੀ ਨਹੀਂ!

ਮਿਸਾਲ ਪਹਿਲੀ-ਮੇਰੇ ਬਾਪ ਵਰਗੇ ਹੀ ਅਕਾਲੀ ਇੱਕ ਬਜ਼ੁਰਗ ਦਾ ਬੇਟਾ ਮੇਰਾ ਦੋਸਤ ਹੈ। ਮੇਰੇ ਵਾਂਗ ਹੀ ਉਹ ਪੰਜਾਬ ਵਿਧਾਨ ਸਭਾ ਦੀ ਹੋਈ ਚੋਣ ਮੌਕੇ 'ਆਪ' ਦਾ ਹਮਾਇਤੀ ਸੀ! ਫੇਸ-ਬੁੱਕ 'ਤੇ ਪਾਈ ਇੱਕ ਪੋਸਟ ਵਿੱਚ ਉਸਨੇ ਲਿਖਿਆ ਕਿ ਜੇ ਸਵਰਗਾਂ 'ਚ ਗਏ ਮੇਰੇ ਬਾਪ ਨੂੰ ਪਤਾ ਲੱਗ ਜਾਵੇ ਕਿ ਮੈਂ ਅਕਾਲੀ ਦਲ ਦੇ ਖਿਲਾਫ ਹਾਂ,ਤਾਂ ਉਹ ਗੁੱਸੇ 'ਚ ਡਾਂਗ ਲੈ ਕੇ ਮੇਰੇ ਦੁਆਲੇ ਹੋ ਜਾਵੇ! ਪਰ ਜਦ ਉਹ ਦੇਖੇ ਕਿ ਹੁਣ ਅਕਾਲੀ ਦਲ 'ਕੀ ਤੋਂ ਕੀ' ਬਣਿਆਂ ਹੋਇਆ ਹੈ ਤਾਂ ਉਹ ਮੈਨੂੰ ਛੱਡ ਕੇ ਉਹੀ ਡਾਂਗ ਲੈ ਕੇ ਬਾਦਲ ਟੱਬਰ ਮਗਰ ਸਿੱਧਾ ਹੋ ਜਾਵੇ!

ਮਿਸਾਲ ਦੂਜੀ- ਜਦੋਂ ਮਨਪ੍ਰੀਤ ਸਿੰਘ ਬਾਦਲ ਨਵੀਂ ਪਾਰਟੀ 'ਪੀ.ਪੀ.ਪੀ' ਬਣਾ ਕੇ ਪ੍ਰਵਾਸੀਆਂ ਦਾ ਸਹਿਯੋਗ ਲੈਣ ਹਿਤ ਅਮਰੀਕਾ ਗਿਆ ਤਾਂ ਉੱਥੇ ਨਿਊਯਾਰਕ ਵਿਖੇ ਇੱਕ ਪ੍ਰਭਾਵਸ਼ਾਲੀ ਇਕੱਠ ਵਿੱਚ ਉਸਨੇ ਆਪਣੀ ਪਾਰਟੀ ਦੇ ਏਜੰਡੇ ਬਾਰੇ ਸ਼ਾਨਦਾਰ ਲੈਕਚਰ ਦਿੱਤਾ। ਬਾਅਦ ਵਿੱਚ ਇੱਕ ਪੰਜਾਬੀ ਮੁੰਡਾ ਸਟੇਜ 'ਤੇ ਜਾ ਕੇ ਕਹਿੰਦਾ- 'ਮਨਪ੍ਰੀਤ ਜੀ ਪੰਜਾਬ ਲਈ ਤੁਹਾਡਾ ਦਰਦ ਅਤੇ ਤੁਹਾਡੀਆਂ ਭਵਿੱਖੀ ਯੋਜਨਾਵਾਂ ਸੁਣਕੇ ਅਸੀਂ ਬੇਹੱਦ ਪ੍ਰਭਾਵਤ ਹੋਏ ਹਾਂ। ਤੁਹਾਡਾ ਏਜੰਡਾ ਸੁਣ ਕੇ ਤਾਂ ਅਸੀਂ ਬਾਗੋ ਬਾਗ ਹੋ ਗਏ ਹਾਂ ਪਰ ਜਦ ਤੁਹਾਡੇ ਨਾਂ ਪਿੱਛੇ ਲੱਗੇ 'ਬਾਦਲ' ਸ਼ਬਦ ਵੱਲ੍ਹ ਨਜ਼ਰ ਜਾਂਦੀ ਹੈ ਤਾਂ ਉਦੇ ਈ ਸਾਡੇ ਦਿਲ ਨੂੰ ਡੋਬੂ ਪੈਣ ਲਗਦੇ ਹਨ! ਇਹ ਉਪ-ਨਾਮ ਸੁਣਕੇ ਸਾਨੂੰ ਝੁਣਝੁਣੀ ਛਿੜਦੀ ਐ !!

ਮਿਸਾਲ ਤੀਜੀ-ਇੱਕ ਸਮੇਂ ਸਵਰਗੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਨਹੀਂ ਸਨ ਛੱਡ ਰਹੇ। ਵੱਡੇ ਬਾਦਲ ਸੰਤ ਲੌਂਗੋਵਾਲ ਨੂੰ ਪ੍ਰਧਾਨ ਬਣਾਉਣਾ ਚਾਹੁੰਦੇ ਸਨ ਪਰ ਤਲਵੰਡੀ ਜੀ ਅਹੁਦੇ ਨਾਲ ਸੁਖਬੀਰ ਬਾਦਲ ਵਾਂਗ ਚਿੰਬੜੇ ਬੈਠੇ ਸਨ। ਉਦੋਂ ਬਜ਼ੁਰਗ ਬਾਦਲ ਨੇ ਤਲਵੰਡੀ ਹੁਣਾ ਨੂੰ ਟਿੱਚਰ ਕੀਤੀ ਸੀ ਅਖੇ ਤਲਵੰਡੀ ਸਾਬ੍ਹ ਜੇ ਤੁਹਾਥੋਂ ਪ੍ਰਧਾਨਗੀ ਛੱਡ ਨਹੀਂ ਹੁੰਦੀ ਤੁਹਾਨੂੰ ਇਹ ਏਨੀ ਹੀ ਪਿਆਰੀ ਲਗਦੀ ਐ ਤਾਂ ਤੁਹਾਡਾ ਨਾਂ ਹੀ 'ਭਰਧਾਨ ਸਿੰਘ' ਰੱਖ ਦੇਨੇ ਆਂ!

ਮਿਸਾਲ ਚੌਥੀ-ਗੁਰਬਾਣੀ ਵਿੱਚ ਵੀ ਇੱਕ ਅਜਿਹਾ ਸਲੋਕ ਆਉਂਦਾ ਹੈ (ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ) ਭਾਵ ਕਿ ਕਸਾਈ ਦੇ ਵਿਹੜੇ ਵਿਚਲੇ ਖੁੰਡੇ ਨਾਲ ਬੰਨ੍ਹੀਂ ਹੋਈ ਬੱਕਰੀ ਨੂੰ ਭਾਵੇਂ ਕੰਦ ਮੂਲ ਖਿਲਾਈ ਜਾਵੋ ਉਹਨੂੰ ਖਾਧੀ ਹੋਈ ਕੋਈ ਖੁਰਾਕ ਬਿਲਕੁਲ ਵੀ ਨਹੀਂ ਲਗਦੀ ਹੁੰਦੀ। ਸਗੋਂ ਉਹ ਦਿਨ-ਬ-ਦਿਨ ਸੁੱਕੀ ਹੀ ਜਾਂਦੀ ਐ ! ਸੋ ਜੇ ਉਹਦਾ ਦੁੱਧ ਪੀਣਾ ਹੋਵੇ ਤਾਂ ਸਭ ਤੋਂ ਪਹਿਲਾਂ ਉਹਨੂੰ ਕਸਾਈ ਦੇ ਖੁੰਡੇ ਨਾਲੋਂ ਖੋਲ੍ਹਣਾ ਚਾਹੀਦਾ ਤਦੇ ਹੀ ਉਹ 'ਰਾਜੀ ਬਾਜੀ' ਤਕੜੀ ਹੋ ਕੇ ਦੁੱਧ ਦੇ ਸਕਦੀ ਹੈ!



ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724





# ਭੱਜ ਦੌੜ ਦੀ ਜ਼ਿੰਦਗੀ ਵਿਚ ਟੁੱਟ ਰਹੇ ਨੇ ਰਿਸ਼ਤੇ

ਰਿਸ਼ਤਿਆਂ ਦਾ ਸਾਡੇ ਜੀਵਨ ਅਤੇ ਸਾਡੇ ਸਮਾਜ ਵਿਚ ਬਹੁਤ ਮਹੱਤਵ ਹੈ। ਇਹ ਸਾਡੇ ਜੀਵਨ ਨੂੰ ਵੀ ਨਿਰੰਤਰ ਚੱਲਦੇ ਰੱਖਣ ਵਿਚ ਬਹੁਤ ਮਦਦਗਾਰ ਸਾਬਤ ਹੁੰਦੇ ਹਨ। ਰਿਸ਼ਤਿਆਂ ਨਾਤਿਆਂ ਦਾ ਮੋਹ ਇਨਸਾਨ ਨੂੰ ਜੀਣ ਲਈ ਪ੍ਰੇਰਿਤ ਕਰਦਾ ਹੈ। ਰਿਸ਼ਤੇ ਵਿਚਲਾ ਮੋਹ ਸਾਨੂੰ ਹਜ਼ਾਰਾਂ ਮੀਲ ਦੂਰ ਬੈਠੇ ਆਪਣਿਆਂ ਨਾਲੋਂ ਟੁੱਟਣ ਨਹੀਂ ਦਿੰਦਾ। ਰਿਸ਼ਤੇ ਪਿਆਰ, ਅਹਿਸਾਸ ਅਤੇ ਭਰੋਸੇ ਦੇ ਭੁੱਖੇ ਹੁੰਦੇ ਹਨ ਜਿਵੇਂ ਦਿਲ ਨੂੰ ਧੜਕਣਾਂ ਦੀ ਜ਼ਰੂਰਤ ਹੁੰਦੀ ਹੈ, ਉਵੇਂ ਹੀ ਜ਼ਿੰਦਗੀ ਜਿਊਣ ਲਈ ਰਿਸ਼ਤੇ ਜ਼ਰੂਰੀ ਹਨ। ਪਰ ਅੱਜ ਕੱਲ੍ਹ ਦੀ ਦੌੜ ਭਰੀ ਜ਼ਿੰਦਗੀ ਵਿਚ ਰਿਸ਼ਤਿਆਂ ਵਿਚਲਾ ਮੋਹ ਘਟਦਾ ਨਜ਼ਰ ਆਉਂਦਾ ਹੈ। ਅਸੀਂ ਆਪਣੇ ਕੰਮਕਾਜ ਵਿਚ ਏਨੇ ਕੁ ਮਸਰੂਫ਼ ਹੋ ਗਏ ਹਾਂ ਕਿ ਸਾਨੂੰ ਰਿਸ਼ਤਿਆਂ ਦੀ ਅਹਿਮੀਅਤ ਤੱਕ ਭੁੱਲ ਚੁੱਕੀ ਹੈ। ਅਸੀਂ ਆਪਣੀ ਜ਼ਿੰਦਗੀ ਦਾ ਰੁਤਬਾ ਕਾਇਮ ਰੱਖਣ ਲਈ ਕਿਸੇ ਹੱਦ ਤੱਕ ਵੀ ਜਾਂਦੇ ਹਾਂ। ਅੱਗੇ ਵਧਣਾ ਚੰਗੀ ਗੱਲ ਹੈ, ਪਰ ਰਿਸ਼ਤੇ ਨਾਤਿਆਂ ਨੂੰ ਵਿਸਾਰ ਕੇ ਨਹੀਂ। ਜਦੋਂ ਅਸੀਂ ਕਿਸੇ ਮੁਕਾਮ 'ਤੇ ਪਹੁੰਚ ਜਾਂਦੇ ਹਾਂ ਤਾਂ ਉਦੋਂ ਸਾਡੇ ਨਾਲ ਸਾਡੇ ਆਪਣੇ ਹੋਣ ਤਾਂ ਉਸ ਮੰਜ਼ਿਲ ਅਤੇ ਕਾਮਯਾਬੀ ਦੀ ਖ਼ੁਸ਼ੀ ਦੁੱਗਣੀ ਹੋਵੇਗੀ। ਸਭ ਕੁਝ ਜਾਣਨ ਦੇ ਬਾਵਜੂਦ ਸਾਡੇ ਵਿਚੋਂ ਵਧੇਰੇ ਲੋਕ ਆਲੇ-ਦੁਆਲੇ ਦੇ ਰਿਸ਼ਤਿਆਂ ਨਾਲੋਂ ਆਪਣੀ ਸਾਂਝੇਦਾਰੀ ਵਿਸਾਰ ਚੁੱਕੇ ਹਨ।

ਵੱਡੇ ਸ਼ਹਿਰਾਂ ਦਾ ਹਾਲ ਹੋਰ ਵੀ ਘਾਤਕ ਹੈ। ਪਿੰਡ ਵੀ ਏਸੇ ਰਸਤੇ 'ਤੇ ਤੁਰ ਪਏ ਨੇ। ਵੱਡੇ ਸ਼ਹਿਰਾਂ ਵਿਚ ਜਦੋਂ ਮਾਪੇ ਕੰਮ ਲਈ ਨਿਕਲਦੇ ਹਨ ਤਾਂ ਬੱਚੇ ਸੌਂ ਰਹੇ ਹੁੰਦੇ ਹਨ ਅਤੇ ਜਦੋਂ ਉਹ ਵਾਪਸ ਘਰ ਮੁੜਦੇ ਹਨ ਤਾਂ ਬੱਚੇ ਫੇਰ ਨੀਂਦ ਵਿਚ ਸੁੱਤੇ ਪਏ ਹੁੰਦੇ ਹਨ। ਉਨ੍ਹਾਂ ਲੋਕਾਂ ਕੋਲ ਆਪਣੇ ਬੱਚਿਆਂ ਲਈ ਵੀ ਵਕਤ ਨਹੀਂ ਹੈ, ਤਾਂ ਬਾਕੀ ਰਿਸ਼ਤਿਆਂ ਦੀ ਉਮੀਦ ਕਰਨੀ ਬੇਬੁਨਿਆਦ ਹੈ। ਅਜੋਕੇ ਬੱਚੇ ਨਾਨਕੇ ਘਰ ਜਾ ਕੇ ਮਸਤੀ ਕਰਨ ਦੇ ਪਲਾਂ ਤੋਂ ਵੀ ਅਕਸਰ ਵਾਂਝੇ ਰਹਿੰਦੇ ਹਨ। ਸਰੀਰਕ ਭਾਰ ਤੋਂ ਜ਼ਿਆਦਾ ਬਸਤਿਆਂ ਦਾ ਭਾਰ ਉਨ੍ਹਾਂ ਨੂੰ ਰਿਸ਼ਤਿਆਂ ਵੱਲ ਵਧਣ ਨਹੀਂ ਦਿੰਦਾ। ਕਸੂਰਵਾਰ ਬੱਚੇ ਨਹੀਂ ਹਨ, ਮਾਪਿਆਂ ਦੀ ਪੈਸੇ ਦੇ ਪਿੱਛੇ ਲੱਗੀ ਦੌੜ ਉਨ੍ਹਾਂ ਨੂੰ ਹਰ ਰਿਸ਼ਤੇ 'ਚੋਂ ਮਨਫ਼ੀ ਕਰ ਰਹੀ ਹੈ। ਦੂਜੇ ਪਾਸੇ ਅਸੀਂ ਪਿੰਡਾਂ ਦੇ ਲੋਕ ਵੀ ਉਸੇ ਰਸਤੇ ਤੁਰੇ ਹੋਏ ਹਾਂ। ਘਰ ਵਿਚ ਵੀ ਕੋਈ ਆਪਸ ਵਿਚ ਬੈਠ ਕੇ ਖ਼ੁਸ਼ ਨਹੀਂ ਹੈ। ਨਾ ਇਕੱਠਿਆਂ ਬੈਠ ਕੇ ਖਾਣਾ ਖਾਧਾ ਜਾਂਦਾ ਹੈ ਨਾ ਹੀ ਕੋਈ ਦੁੱਖ ਸੁੱਖ ਸਾਂਝਾ ਕੀਤਾ ਜਾਂਦਾ ਹੈ। ਘਰ ਦੇ ਜੀਅ ਆਪੋ ਆਪਣੇ ਕਮਰਿਆਂ ਵਿਚ ਟੈਲੀਵਿਜ਼ਨ ਨਾਲ ਜਾਂ ਮੋਬਾਈਲ ਨਾਲ ਸਾਂਝ ਰੱਖਦੇ ਹਨ। ਕੋਈ ਕਿਸੇ ਨੂੰ ਬਾਹਰ ਨਿਕਲ ਕੇ ਪਾਣੀ ਦਾ ਗਲਾਸ ਦੇ ਕੇ ਖ਼ੁਸ਼ ਨਹੀਂ, ਉਂਝ ਅਸੀਂ ਸੇਵਾ ਦੇ ਨਾਂਅ 'ਤੇ ਦਿਖਾਵਾ ਜ਼ਰੂਰ ਕਰਦੇ ਹਾਂ। ਸੇਵਾ ਕਰਨੀ ਮਾੜੀ ਗੱਲ ਨਹੀਂ, ਪਰ ਇਹ ਸੇਵਾ ਘਰ ਤੋਂ ਸ਼ੁਰੂ ਹੋਵੇ ਤਾਂ ਗੁਰੂ ਘਰ ਦੀ ਸੇਵਾ ਦਰਗਾਹੇ ਜ਼ਰੂਰ ਕਬੂਲ ਹੋਵੇਗੀ। ਨਾਨਕੇ, ਮਾਸੀਆਂ, ਭੂਆ, ਚਾਚੇ, ਤਾਏ ਸਭ ਰਿਸ਼ਤਿਆਂ ਦੀਆਂ ਲੱਤਾਂ ਕਮਜ਼ੋਰ ਹੋ ਗਈਆਂ ਹਨ। ਕਸੂਰਵਾਰ ਰਿਸ਼ਤੇ ਨਹੀਂ ਅਸੀਂ ਖ਼ੁਦ ਹਾਂ। ਛੋਟੀਆਂ ਛੋਟੀਆਂ ਗੱਲਾਂ ਨੂੰ ਮਨ ਅੰਦਰ ਰੱਖ ਕੇ ਗ਼ਲਤਫਹਿਮੀ ਦਾ ਸ਼ਿਕਾਰ ਹੋਣਾ ਆਮ ਗੱਲ ਹੈ। ਚੰਗਾ ਹੋਵੇ ਬੈਠ ਕੇ ਗਿਲੇ ਸ਼ਿਕਵੇ ਮਿਟਾਏ ਜਾਣ। ਨਜ਼ਰਅੰਦਾਜ਼ੀ ਰਿਸ਼ਤਿਆਂ ਦਾ ਗੱਲਾ ਬਾਖ਼ੂਬੀ ਘੁੱਟਦੀ ਹੈ। ਇਹ ਰਿਸ਼ਤਿਆਂ 'ਤੇ ਲੱਗਾ ਸਭ ਤੋਂ ਵੱਡਾ ਗ੍ਰਹਿਣ ਹੈ। ਰਿਸ਼ਤੇ ਵਕਤ ਦੇ ਮੁਥਾਜ਼ ਹੁੰਦੇ ਹਨ। ਜੇ ਤੁਹਾਡੇ ਕੋਲ ਰਿਸ਼ਤਿਆਂ ਪ੍ਰਤੀ ਵਕਤ ਮੋਹ ਤੇ ਅਹਿਸਾਸ ਹੈ ਤਾਂ ਤੁਹਾਡਾ ਰਿਸ਼ਤਾ ਕਦੇ ਮਰ ਨਹੀਂ ਸਕਦਾ ਭਾਵੇਂ ਰਿਸ਼ਤੇ ਵਿਚਲੀ ਦੂਰੀ ਲੱਖਾਂ ਮੀਲਾਂ ਦੀ ਕਿਉਂ ਨਾ ਹੋਵੇ।


ਹੁਣ ਗੱਲ ਕਰਦੇ ਹਾਂ ਕਿ ਅੱਜ ਕੱਲ੍ਹ ਦੇ ਸਮੇਂ ਵਿਚ ਰਿਸ਼ਤੇ ਮਨਫੀ ਕਿਉਂ ਹੋ ਰਹੇ ਹਨ। ਪੁਰਾਣੇ ਸਮਿਆਂ ਵਿਚ ਮੈਂ ਆਪਣੇ ਦਾਦਾ ਜੀ ਤੋਂ ਸੁਣਿਆ ਸੀ ਕਿ ਵਿਆਹ ਦੇ ਸਮੇਂ ਵਿਆਹ ਵਾਲੇ ਘਰ ਰਿਸ਼ਤੇਦਾਰ ਕਈ-ਕਈ ਦਿਨ ਰੁਕਦੇ ਸਨ, ਸਭ ਬੈਠ ਕੇ ਗੱਲਬਾਤ ਕਰਦੇ ਰਿਸ਼ਤਿਆਂ ਦਾ ਨਿੱਘ ਮਾਣਦੇ। ਕੁੜੀ ਵਾਲੇ ਘਰ ਬਰਾਤ ਵੀ ਕਈ ਦਿਨ ਰੁਕਦੀ ਸੀ। ਵਾਹ ਕੀ ਸਮੇਂ ਹੋਣਗੇ ਉਹ, ਪਰ ਹੁਣ ਬਹੁਤ ਕੁਝ ਬਦਲ ਚੁੱਕਾ ਹੈ, ਮਜਬੂਰੀ ਵਿਚ ਹੀ ਅਸੀਂ ਕਿਤੇ ਸ਼ਰੀਕ ਹੁੰਦੇ ਹਾਂ, ਉਹ ਵੀ ਘੜੀ ਪਲ ਦੇ ਲਈ। ਕਰੀਬੀ ਰਿਸ਼ਤੇਦਾਰ ਦੇ ਵਿਆਹ 'ਚ ਵੀ ਬੇਗਾਨਿਆਂ ਵਾਂਗ ਫੇਰਾ ਪਾ ਕੇ ਮੁੜਦੇ ਬਣਦੇ ਹਾਂ। ਰਾਤ ਰਹਿਣ ਦਾ ਰਿਵਾਜ ਤਾਂ ਹੁਣ ਜਿੱਧਰ ਗਈਆਂ ਬੇੜੀਆਂ ਉਧਰ ਗਏ ਮਲਾਹ ਵਾਂਗ ਮੁੜਦਾ ਨਜ਼ਰ ਨਹੀਂ ਆਉਂਦਾ। ਇਹੀ ਹਾਲ ਸਾਡਾ ਦੁੱਖ ਦੀ ਘੜੀ ਵਿਚ ਸ਼ਰੀਕ ਹੋਣ 'ਤੇ ਵੀ ਹੋ ਗਿਆ ਹੈ। ਕਿਸੇ ਮਰਗ ਜਾਂ ਭੋਗ 'ਤੇ ਜਾਣਾ ਹੋਵੇ ਤਾਂ ਫ਼ੋਨ ਕਰਕੇ ਪੁੱਛਦੇ ਹਾਂ ਕਿ ਸਸਕਾਰ ਕਿਹੜੇ ਸਮੇਂ ਦਾ ਹੈ, ਭੋਗ ਦਾ ਕੀ ਸਮਾਂ ਹੈ। ਬਸ ਉਥੇ ਪਹੁੰਚ ਕੇ ਅਸੀਂ ਆਪਣੀ ਹਾਜ਼ਰੀ ਲਵਾਉਣੀ ਜ਼ਰੂਰੀ ਸਮਝਦੇ ਹਾਂ। ਅਫ਼ਸੋਸ ਕਰਦੇ ਸਮੇਂ ਵੀ ਸਾਡਾ ਧਿਆਨ ਫੋਨ ਵਿਚ ਜਾਂ ਪਿੱਛੇ ਚਲਦੇ ਕੰਮਕਾਜ ਵਿਚ ਹੀ ਹੁੰਦਾ ਹੈ। ਪਹਿਲਾਂ ਟੈਲੀਵਿਜ਼ਨ ਤੇ ਹੁਣ ਮੋਬਾਈਲ ਨੇ ਆਪਸੀ ਗੱਲਬਾਤ ਵੀ ਮਨਫੀ ਕਰ ਦਿੱਤੀ ਹੈ, ਦੋ ਆਦਮੀ ਕੋਲ ਬੈਠੇ ਇਕ ਦੂਜੇ ਨਾਲ ਗੱਲ ਕਰਨਾ ਪਸੰਦ ਨਹੀਂ ਕਰਦੇ ਸਗੋਂ ਮੋਬਾਈਲ 'ਤੇ ਸਮਾਂ ਬਿਤਾਉਣਾ ਜ਼ਿਆਦਾ ਪਸੰਦ ਕਰਦੇ ਹਨ। ਕੁਝ ਰਿਸ਼ਤੇ ਗ਼ਲਤਫਹਿਮੀਆਂ ਦੇ ਸ਼ਿਕਾਰ ਹੋ ਗਏ ਤੇ ਕੁਝ ਕੁ ਅਸੀਂ ਜਾਣਬੁਝ ਕੇ ਆਪਣੀ ਆਕੜ ਤੇ ਮਸਰੂਫੀਅਤ ਵਿਚ ਗੁਆ ਲਏ ਹਨ। ਰਿਸ਼ਤੇ ਨਾਤੇ ਤਦੇ ਸਥਿਰ ਚਲਦੇ ਹਨ, ਜੇਕਰ ਰਿਸ਼ਤਿਆਂ ਦਾ ਭਾਰ ਤੱਕੜੀ ਵਾਂਗ ਬਰਾਬਰ ਰਹੇ। ਜੇ ਕੋਈ ਇਕ ਦਿਲੋਂ ਰਿਸ਼ਤਾ ਨਿਭਾਅ ਰਿਹਾ ਹੈ ਅਤੇ ਦੂਸਰਾ ਸਿਰਫ਼ ਮਤਲਬ ਲਈ ਤਾਂ ਉਸ ਰਿਸ਼ਤੇ ਦਾ ਸਮਾਪਤ ਹੋਣਾ ਲਾਜ਼ਮੀ ਹੈ ਅਤੇ ਉਸ ਰਿਸ਼ਤੇ 'ਚੋਂ ਉੱਠਿਆ ਵਿਸ਼ਵਾਸ ਬਾਕੀ ਰਿਸ਼ਤਿਆਂ ਨੂੰ ਵੀ ਢਾਹ ਲਾਉਣ ਦਾ ਕੰਮ ਕਰਦਾ ਹੈ। ਸਹੀ ਮਾਅਨਿਆਂ ਵਿਚ ਜਿਸ ਨੂੰ ਅਸੀਂ ਪਰਿਵਾਰਕ ਤੌਰ 'ਤੇ ਸ਼ਰੀਕੇਬਾਜ਼ੀ ਦਾ ਨਾਂਅ ਦੇ ਦਿੱਤਾ ਦਰਅਸਲ ਉਹ ਵੀ ਰਿਸ਼ਤਿਆਂ ਦੇ ਬੋਹੜ ਦੀਆਂ ਹੀ ਜੜ੍ਹਾਂ ਹਨ, ਜਿਨ੍ਹਾਂ ਨੂੰ ਵੱਢਣ ਨਾਲ ਰਿਸ਼ਤਿਆਂ ਦਾ ਰੁੱਖ ਸੁੱਕ ਜਾਂਦਾ ਹੈ।

ਜਿਹੜੇ ਲੋਕ ਇਹ ਸੋਚ ਕੇ ਇਕੱਲੇ ਰਹਿਣਾ ਪਸੰਦ ਕਰਦੇ ਹਨ ਕਿ ਜੀਵਨ ਵਿਚ ਸਾਨੂੰ ਕਿਸੇ ਦੀ ਜ਼ਰੂਰਤ ਨਹੀਂ, ਅਸੀਂ ਕਿਸੇ ਤੋਂ ਕੀ ਲੈਣਾ ਹੈ, ਉਹ ਲੋਕ ਬਹੁਤ ਵੱਡੇ ਭਰਮ ਦਾ ਸ਼ਿਕਾਰ ਹਨ। ਜਿਊਂਦੇ ਜੀਅ ਗਲੀ ਦੇ ਕੱਖਾਂ ਦੀ ਵੀ ਲੋੜ ਪੈ ਜਾਂਦੀ ਹੈ, ਇਨਸਾਨ ਤਾਂ ਫੇਰ ਰੱਬ ਦਾ ਰੂਪ ਮੰਨਿਆ ਗਿਆ ਹੈ। ਕਿਸੇ ਵੀ ਰਿਸ਼ਤੇ ਨੂੰ ਦਰਕਿਨਾਰ ਨਾ ਕਰੋ, ਭਾਵੇਂ ਉਹ ਪਰਿਵਾਰਕ ਮੈਂਬਰ ਹਨ, ਰਿਸ਼ਤੇਦਾਰ ਜਾ ਸੱਜਣ ਮਿੱਤਰ ਹਨ, ਸਭ ਨੂੰ ਉਨ੍ਹਾਂ ਦੀ ਬਣਦੀ ਜਗ੍ਹਾ ਦੇ ਕੇ ਉਨ੍ਹਾਂ ਰਿਸ਼ਤਿਆਂ ਦੀ ਕਦਰ ਕਰਨੀ ਚਾਹੀਦੀ ਹੈ। ਜੀਵਨ ਇਕ ਵਾਰ ਮਿਲਿਆ ਹੈ ਪਤਾ ਨਹੀਂ ਕਦੋਂ ਬੁਲਾਵਾ ਆ ਜਾਵੇ, ਜੋ ਲੋਕਾਂ ਨਾਲ ਮੇਲ ਰੱਬ ਨੇ ਕਰਾਏ ਨੇ, ਉਨ੍ਹਾਂ ਨੂੰ ਜ਼ਰੂਰ ਸਾਂਭ ਕੇ ਰੱਖੋ।

-ਵਿੱਕੀ ਸੁਰਖ਼ਾਬ

# ਬੇਘਰਿਆਂ ਲਈ ਜਾਨਲੇਵਾ ਹੈ ਸਿਆਲ

-ਮੁਖ਼ਤਾਰ ਗਿੱਲ



ਦੇਸ਼ ਦੀ ਆਜ਼ਾਦੀ ਦੇ ਸਾਢੇ ਸੱਤ ਦਹਾਕੇ ਬੀਤਣ ਤੋਂ ਬਾਅਦ ਵੀ ਆਮ ਨਾਗਰਿਕਾਂ ਖ਼ਾਸ ਕਰਕੇ ਗ਼ਰੀਬ ਬੇਘਰਿਆਂ ਨੂੰ ਬੁਨਿਆਦੀ ਸਹੂਲਤਾਂ ਨਹੀਂ ਮਿਲੀਆਂ। ਭਾਰਤ ਦੇ ਲੱਖਾਂ ਲੋਕਾਂ ਨੂੰ ਸਿਰ 'ਤੇ ਛੱਤ ਵੀ ਨਸੀਬ ਨਹੀਂ ਹੈ। ਝੁੱਗੀਆਂ-ਝੌਂਪੜੀਆਂ ਅਤੇ ਜੰਗਲਾਂ ਵਿਚ ਗੁਜ਼ਰ-ਬਸਰ ਕਰਨ ਵਾਲਿਆਂ ਦੀ ਜ਼ਿੰਦਗੀ ਤਾਂ ਜਾਨਵਰਾਂ ਤੋਂ ਵੀ ਨਖਿੱਧ ਹੈ। ਬੇਘਰਿਆਂ ਤੇ ਗ਼ਰੀਬ ਲੋਕਾਂ ਕੋਲ ਨਾ ਤਾਂ ਲੋੜੀਂਦਾ ਭੋਜਨ ਹੁੰਦਾ ਹੈ ਤੇ ਨਾ ਹੀ ਪਹਿਨਣਯੋਗ ਕੱਪੜਾ।

ਭੁੱਖਮਰੀ ਕਾਰਨ ਲੱਖਾਂ ਲੋਕ ਮਰਦੇ ਹਨ ਤੇ ਕੁਪੋਸ਼ਣ ਦਾ ਸ਼ਿਕਾਰ ਹੋ ਅਨੇਕਾਂ ਬੱਚੇ ਜਾਨ ਗੁਆ ਬੈਠਦੇ ਹਨ। ਬੇਘਰੇ ਤੇ ਅਨੇਕਾਂ ਗ਼ਰੀਬ ਲੋਕ ਭੀਸ਼ਣ ਠੰਢ ਤੇ ਧੁੰਦ ਵਿਚ ਫੁੱਟਪਾਥਾਂ ਤੇ ਪਾਰਕਾਂ ਵਿਚ ਖੁੱਲ੍ਹੇ ਅਸਮਾਨ ਹੇਠ ਰਾਤਾਂ ਗੁਜ਼ਾਰਨ ਲਈ ਮਜਬੂਰ ਹਨ ਜਿਸ ਦੇ ਫਲਸਰੂਪ ਲੱਖਾਂ ਲੋਕ ਸਿਆਲ ਦੀ ਭੀਸ਼ਣ ਠੰਢ ਦੀ ਵਜ ?ਹਾ ਕਾਰਨ ਦਮ ਤੋੜ ਜਾਂਦੇ ਹਨ।

ਦੁਨੀਆ ਦੇ ਭੂਗੋਲ 'ਚ ਦੱਖਣ-ਪੂਰਬ ਵਿਚ ਸਥਿਤ ਬਰੂੰਡੀ, ਸਿਅਰਾ ਲਿਯੋਨ, ਮਾਲਾਵੀ, ਸੋਮਾਲੀਆ ਤੇ ਅਫ਼ਗਾਨਿਸਤਾਨ ਆਦਿ ਦੇਸ਼ਾਂ 'ਚ ਜਿੱਥੇ ਗ਼ਰੀਬੀ ਸਭ ਤੋਂ ਜ਼ਿਆਦਾ ਹੈ, ਓਥੇ ਹੀ ਜ਼ਿੰਦਗੀ ਬਸਰ ਕਰਨ ਦੀਆਂ ਬੁਨਿਆਦੀ ਸਹੂਲਤਾਂ ਨਾ ਹੋਣ ਕਾਰਨ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਮਰਦੇ ਹਨ ਪ੍ਰੰਤੂ ਭਾਰਤ, ਚੀਨ, ਪਾਕਿਸਤਾਨ, ਬੰਗਲਾਦੇਸ਼, ਨੇਪਾਲ ਤੇ ਹੋਰ ਗ਼ਰੀਬ ਦੇਸ਼ਾਂ ਵਿਚ ਵੀ ਲੱਖਾਂ ਲੋਕ ਮਰ ਜਾਂਦੇ ਹਨ। ਮਹਾਨਗਰਾਂ ਤੇ ਸ਼ਹਿਰਾਂ ਵਿਚ ਤਾਂ 'ਰੈਣ ਬਸੇਰੇ' ਹਨ। ਸਮਾਜ ਸੇਵੀ ਸੰਸਥਾਵਾਂ ਹਨ ਜੋ ਇਨ੍ਹਾਂ ਲੋਕਾਂ ਨੂੰ ਭੋਜਨ, ਕੰਬਲ ਤੇ ਕੱਪੜੇ ਆਦਿ ਦਾ ਪ੍ਰਬੰਧ ਕਰਦੀਆਂ ਹਨ ਪਰ ਛੋਟੇ ਸ਼ਹਿਰਾਂ ਵਿਚ ਇਹ ਬੇਘਰੇ ਗ਼ਰੀਬ ਫਲਾਈਓਵਰਾਂ ਹੇਠਾਂ, ਦੁਕਾਨਾਂ ਦੇ ਛੱਜਿਆਂ ਹੇਠ ਅਤੇ ਸਕੂਲਾਂ ਆਦਿ ਦੇ ਖੁੱਲ੍ਹੇ ਬਰਾਂਡਿਆਂ ਵਿਚ ਰਾਤਾਂ ਗੁਜ਼ਾਰਦੇ ਹਨ। ਛੋਟੇ ਸ਼ਹਿਰਾਂ ਵਿਚ ਇਨ੍ਹਾਂ ਦੀ ਮਦਦ ਲਈ ਸੰਸਥਾਵਾਂ ਤੇ ਕਲੱਬਾਂ ਘੱਟ ਹੀ ਨਿਕਲਦੀਆਂ ਹਨ। ਜੰਗਲਾਂ ਵਿਚ ਰਹਿਣ ਵਾਲੇ ਵੀ ਜ਼ਿਆਦਾਤਰ ਲੋਕ ਇਸ ਲਈ ਜਾਨ ਗੁਆ ਬੈਠਦੇ ਹਨ ਕਿਉਂਕਿ ਉਨ੍ਹਾਂ ਦੇ ਸਿਰ ਲੁਕਾਉਣ ਲਈ ਕੱਖ-ਕਾਨੇ ਦੀਆਂ ਝੌਂਪੜੀਆਂ ਤੋਂ ਇਲਾਵਾ ਰਹਿਣ ਯੋਗ ਮਕਾਨ ਨਹੀਂ ਹੁੰਦੇ।

ਤਮਾਮ ਹੋਂਦ ਵਿਚ ਆਈਆਂ ਯੋਜਨਾਵਾਂ ਦੇ ਬਾਵਜੂਦ ਅਜੇ ਤੱਕ ਵਸੇਬਾ ਯੋਜਨਾਵਾਂ ਦਾ ਫ਼ਾਇਦਾ ਬੇਘਰੇ ਗ਼ਰੀਬ ਲੋਕਾਂ ਤੱਕ ਨਹੀਂ ਪੁੱਜਾ। ਸਿੱਖਿਆ ਤੇ ਜਾਗਰੂਕਤਾ ਦੀ ਘਾਟ ਕਾਰਨ ਵੀ ਮਜ਼ਲੂਮਾਂ ਦੇ ਹਾਲਾਤ ਵਿਚ ਕੋਈ ਬਦਲਾਅ ਨਹੀਂ ਆਇਆ। ਦਰਅਸਲ, ਰਾਜ ਸਰਕਾਰਾਂ ਵੱਲੋਂ ਬਣਾਏ ਗਏ ਰੈਣ ਬਸੇਰੇ ਜਾਂ ਨਿਆਸਰਿਆਂ ਲਈ ਬਣਾਏ ਗਏ 'ਆਸਰਾ ਘਰਾਂ' ਬਾਰੇ ਜਾਣਦਿਆਂ ਵੀ ਹੀਣ ਭਾਵਨਾ ਦੀ ਵਜ੍ਹਾ ਕਰ ਕੇ ਅਤੇ ਝਿਜਕਦਿਆਂ ਉਹ ਇਨ੍ਹਾਂ 'ਚ ਨਹੀਂ ਜਾਂਦੇ। ਇਸ ਤਰ੍ਹਾਂ ਉਹ ਸਰਕਾਰੀ ਯੋਜਨਾਵਾਂ ਦੇ ਲਾਭਾਂ ਤੋਂ ਵਿਰਵੇ ਰਹਿ ਜਾਂਦੇ ਹਨ। ਕੁਝ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਅਜਿਹੇ ਲੋਕਾਂ ਨੂੰ ਲੱਭ ਕੇ ਰੈਣ ਬਸੇਰਿਆਂ ਤੱਕ ਲਿਆਉਣ ਲਈ ਟੀਮਾਂ ਵੀ ਬਣਾਈਆਂ ਜਾਂਦੀਆਂ ਹਨ।

ਦਿੱਲੀ ਸਰਕਾਰ ਨੇ ਸ਼ਹਿਰ ਦੇ ਬੇਘਰਿਆਂ ਦੇ ਰਹਿਣ, ਭੋਜਨ ਖੁਆਉਣ ਲਈ 'ਸਿਆਲੀ ਕਾਰਜ ਯੋਜਨਾ' ਸ਼ੁਰੂ ਕੀਤੀ ਹੈ ਜਿਹੜੀ ਉਨ੍ਹਾਂ ਦੇ ਰਹਿਣ ਤੇ ਭੋਜਨ ਮੁਹੱਈਆ ਕਰਵਾਉਣ ਦਾ ਪ੍ਰਬੰਧ ਕਰਦੀ ਹੈ। ਜ਼ਿਕਰਯੋਗ ਹੈ ਕਿ ਦਿੱਲੀ ਵਿਚ 197 ਰੈਣ ਬਸੇਰੇ ਹਨ ਜਿਨ੍ਹਾਂ ਵਿਚ 7092 ਲੋਕ ਰਹਿ ਸਕਦੇ ਹਨ। ਇਸ ਤੋਂ ਇਲਾਵਾ ਤੰਬੂਆਂ ਦੇ 200 ਦੇ ਲਗਪਗ ਰੈਣ ਬਸੇਰੇ ਵੀ ਸਥਾਪਤ ਕੀਤੇ ਗਏ ਹਨ। ਪਰ ਫਿਰ ਵੀ ਬੇਘਰੇ ਤੇ ਗ਼ਰੀਬ ਲੋਕ ਇਸ ਭੀਸ਼ਣ ਠੰਢ ਨਾਲ ਮਰ ਜਾਂਦੇ ਹਨ।

ਅਜਿਹੀਆਂ ਯੋਜਨਾਵਾਂ ਨੂੰ ਕਾਰਗਰ ਢੰਗ-ਤਰੀਕੇ ਨਾਲ ਅਮਲ ਵਿਚ ਲਿਆਉਣ ਦੀ ਜ਼ਰੂਰਤ ਹੈ। ਆਜ਼ਾਦੀ ਦੇ 75 ਸਾਲ ਗੁਜ਼ਰ ਜਾਣ ਤੋਂ ਬਾਅਦ ਵੀ ਭਾਰਤ ਦੇ 80 ਕਰੋੜ ਲੋਕ ਅੱਜ ਕੇਂਦਰ ਸਰਕਾਰ ਵੱਲੋਂ ਮੁਫ਼ਤ ਕਣਕ-ਚੌਲ ਆਦਿ ਰਾਸ਼ਨ ਲੈ ਰਹੇ ਹਨ। ਠੰਢ ਨਾਲ ਇਸ ਤਰ੍ਹਾਂ ਬੇਘਰੇ ਲੋਕਾਂ ਦਾ ਮਰਨਾ ਇਹ ਜੱਗ ਜ਼ਾਹਰ ਕਰਦਾ ਹੈ ਕਿ ਸਾਡੀ ਵਿਕਾਸ ਯਾਤਰਾ ਵਿਚ ਅਜਿਹੀਆਂ ਖਾਮੀਆਂ ਹਨ ਜਿਸ ਦੇ ਚੱਲਦਿਆਂ ਮਹਾਤਮਾ ਗਾਂਧੀ ਦੀਆਂ ਖ਼ਾਹਿਸ਼ ਕੀਤੀਆਂ 'ਜਨ ਕੋ ਸਿਹਤ, ਘਰ, ਖਾਣਾ, ਕੱਪੜਾ, ਸਾਫ਼ ਪਾਣੀ' ਅਤੇ ਦੂਸਰੀਆਂ ਸਹੂਲਤਾਂ ਨਹੀਂ ਮਿਲ ਸਕੀਆਂ ਹਨ। ਦਰਅਸਲ, ਸਰਕਾਰੀ ਯੋਜਨਾਵਾਂ ਦਾ ਫ਼ਾਇਦਾ ਉਨ੍ਹਾਂ ਸਭ ਤੋਂ ਗ਼ਰੀਬਾਂ ਤੱਕ ਨਹੀਂ ਪਹੁੰਚਦਾ ਜਿਨ੍ਹਾਂ ਲਈ ਇਹ ਯੋਜਨਾਵਾਂ ਲਾਗੂ ਕੀਤੀਆਂ ਜਾਂਦੀਆਂ ਹਨ। ਰਾਜ ਸਰਕਾਰਾਂ ਵੀ ਨਿਆਸਰਿਆਂ ਤੇ ਬੇਘਰਿਆਂ ਲਈ ਰਿਹਾਇਸ਼ ਵਾਸਤੇ ਕਾਰਜ ਯੋਜਨਾਵਾਂ ਬਣਾਉਂਦੀਆਂ ਹਨ ਪਰ ਗ਼ਰੀਬ ਅੱਜ ਵੀ ਸਰਕਾਰੀ ਨਿਕੰਮੇ ਤੇ ਬਦਤਰ ਪ੍ਰਬੰਧ ਦਾ ਸ਼ਿਕਾਰ ਹਨ।

ਬੇਘਰਿਆਂ ਨੂੰ ਆਸਰਾ ਤੇ ਘਰ ਦੇਣ ਦੀ ਯੋਜਨਾ ਕੇਂਦਰ ਸਰਕਾਰ ਨੇ ਲਾਗੂ ਕੀਤੀ ਹੋਈ ਹੈ ਪ੍ਰੰਤੂ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਯੋਜਨਾਵਾਂ ਨੂੰ ਬਿਹਤਰ ਤਰੀਕੇ ਨਾਲ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ। ਕਈ ਅਜਿਹੇ ਮਾਮਲਿਆਂ ਦਾ ਨੋਟਿਸ ਲਿਆ ਗਿਆ ਜਿਨ੍ਹਾਂ ਨੂੰ ਮਕਾਨ ਬਣਾਉਣ ਲਈ ਸਰਕਾਰੀ ਮਦਦ ਮਿਲੀ ਪਰ ਉਨ੍ਹਾਂ ਨੇ ਉਹ ਰਕਮ ਕਿਸੇ ਹੋਰ ਕੰਮ-ਧੰਦੇ 'ਚ ਵਰਤ ਲਈ।

ਇਸ ਲਈ ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਅਜਿਹੀਆਂ ਯੋਜਨਾਵਾਂ ਤੋਂ ਹਾਸਲ ਧਨ ਦੀ ਕੁਵਰਤੋਂ ਨਾ ਹੋਵੇ। ਪਰ ਜ਼ਿਅਦਾਤਰ ਲੋਕ ਅਜਿਹੇ ਹੀ ਹਨ ਜੋ ਦੂਰ-ਦਰਾਜ ਦੇ ਇਲਾਕਿਆਂ ਵਿਚ ਜਾਨਵਰਾਂ ਤੋਂ ਵੀ ਬਦਤਰ ਜ਼ਿੰਦਗੀ ਜਿਊਂਦੇ ਹਨ ਪਰ ਉਨ੍ਹਾਂ ਤੱਕ ਯੋਜਨਾਵਾਂ ਦਾ ਲਾਭ ਨਹੀਂ ਪਹੁੰਚਦਾ। ਜਾਗਰੂਕਤਾ ਦੀ ਕਮੀ ਕਰਕੇ ਉਹ ਸਲੱਮ ਏਰੀਆ, ਝੁੱਗੀਆਂ ਤੇ ਝੌਂਪੜੀਆਂ ਵਿਚ ਰਹਿਣ ਨੂੰ ਤਰਜੀਹ ਦਿੰਦੇ ਹਨ। ਇਸ ਤੋਂ ਇਲਾਵਾ ਰੋਜ਼ੀ-ਰੋਟੀ ਦੀ ਭਾਲ ਵਿਚ ਹਜ਼ਾਰਾਂ ਕਿਰਤੀ ਕਾਮੇ ਪਿੰਡਾਂ ਤੋਂ ਸ਼ਹਿਰਾਂ ਵਿਚ ਆ ਗਏ ਹਨ ਪਰ ਸਾਰਿਆਂ ਨੂੰ ਨੌਕਰੀ ਤੇ ਮਜ਼ਦੂਰੀ ਦਾ ਕੰਮ ਨਹੀਂ ਮਿਲਦਾ। ਇਸੇ ਤਰ੍ਹਾਂ ਹਜ਼ਾਰਾਂ ਰਿਕਸ਼ਾ ਚਾਲਕ ਬਿਹਾਰ ਤੇ ਉੱਤਰ ਪ੍ਰਦੇਸ਼ ਆਦਿ ਸੂਬਿਆਂ ਤੋਂ ਦੇਸ਼ ਦੀ ਕੌਮੀ ਰਾਜਧਾਨੀ 'ਚ ਆ ਗਏ। ਉਹ ਵੀ ਦਿੱਲੀ ਦੇ ਬੇਘਰਿਆਂ ਵਿਚ ਸ਼ਾਮਲ ਹੋ ਗਏ।

ਉਨ੍ਹਾਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਭਾਵ ਉਹ ਭੁੱਖੇ ਮਰਨ ਲੱਗੇ। ਸੋ, ਉਨ੍ਹਾਂ ਨੂੰ ਰੈਣ ਬਸੇਰਿਆਂ ਤੇ ਆਸਰਾ ਘਰਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜਿਨ੍ਹਾਂ ਨੂੰ ਇਨ੍ਹਾਂ ਟਿਕਾਣਿਆਂ ਦੀ ਜਾਣਕਾਰੀ ਨਹੀਂ ਉਹ ਸੜਕਾਂ, ਫੁੱਟਪਾਥਾਂ ਤੇ ਪਾਰਕਾਂ ਵਿਚ ਰਾਤਾਂ ਕੱਟਣ ਲਈ ਮਜਬੂਰ ਹੋ ਗਏ। ਸਰਕਾਰਾਂ ਵੱਲੋਂ ਅਜਿਹੇ ਲੋਕਾਂ ਨੂੰ ਲੱਭ ਕੇ ਆਸਰਾ ਘਰਾਂ ਵਿਚ ਲਿਆਉਣ ਲਈ ਕਾਰਜ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਪ੍ਰੰਤੂ ਇਹ ਸਮੱਸਿਆ ਅੱਜ ਵੀ ਬਰਕਰਾਰ ਹੈ ਕਿਉਂਕਿ ਜਾਨਲੇਵਾ ਠੰਢ ਉਨ੍ਹਾਂ ਲਈ ਆਫ਼ਤ ਸਾਬਿਤ ਹੁੰਦੀ ਹੈ।

ਰਾਜ ਸਰਕਾਰਾਂ ਵੱਲੋਂ ਬੇਘਰਿਆਂ ਲਈ ਅਜਿਹੀਆਂ ਯੋਜਨਾਵਾਂ ਕਈ ਸਾਲਾਂ ਤੋਂ ਚਲਾਈਆਂ ਜਾ ਰਹੀਆਂ ਹਨ ਪਰ ਇਸ ਦੇ ਬਾਵਜੂਦ ਅੱਜ ਵੀ ਬੇਘਰੇ ਲੋਕਾਂ ਦੀ ਗਿਣਤੀ ਲੱਖਾਂ 'ਚ ਹੈ। ਉੱਤਰ ਪ੍ਰਦੇਸ਼ ਵਿਚ ਇਸ ਸਾਲ ਬਜ਼ੁਰਗਾਂ ਲਈ ਸਰਕਾਰੀ 'ਆਵਾਸ ਯੋਜਨਾ', ਬਿਹਾਰ ਸਰਕਾਰ ਦੀ 'ਜ਼ਮੀਨ ਕ੍ਰਯ ਯੋਜਨਾ' (ਰਾਜ ਸਰਕਾਰ ਵੱਲੋਂ ਪੀਐੱਮ ਆਵਾਸ ਯੋਜਨਾ 'ਚ ਮਕਾਨ ਬਣਾਉਣ ਲਈ ਜ਼ਮੀਨ ਦੇਣਾ), ਹਰਿਆਣਾ ਸਰਕਾਰ ਵੱਲੋਂ 'ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ', ਝਾਰਖੰਡ ਸਰਕਾਰ ਦੀ 'ਅਬੂਆ ਆਵਾਸ ਯੋਜਨਾ', ਛੱਤੀਸਗੜ੍ਹ 'ਚ 'ਮੁੱਖ ਮੰਤਰੀ ਗ੍ਰਾਮੀਣ ਯੋਜਨਾ', ਅਸਾਮ ਸਰਕਾਰ ਦੀ 'ਆਸ਼ਰਯ ਯੋਜਨਾ' ਦੇ ਇਲਾਵਾ ਦੂਸਰੇ ਤਮਾਮ ਰਾਜਾਂ ਵਿਚ ਵੀ ਬੇਘਰਿਆਂ ਲਈ 'ਵਸੇਬਾ ਯੋਜਨਾਵਾਂ' ਚਲਾਈਆਂ ਜਾ ਰਹੀਆਂ ਹਨ। ਦੇਸ਼ ਵਿਚ ਕਰੋੜਾਂ ਲੋਕ ਬੇਘਰ ਕਿਉਂ ਹਨ ? ਅਜਿਹੇ ਬੇਘਰੇ ਲੋਕਾਂ ਦੀਆਂ ਸੀਤ ਲਹਿਰ ਨਾਲ ਹੋਣ ਵਾਲੀਆਂ ਮੌਤਾਂ ਕਿਉਂ ਨਹੀਂ ਰੋਕੀਆਂ ਜਾ ਰਹੀਆਂ ? ਇਹ ਵੱਡੇ ਸਵਾਲ ਹਨ।

ਇਨ੍ਹਾਂ ਹਾਲਾਤ ਨਾਲ ਨਿਪਟਣ ਲਈ ਸਮਾਜ ਦੀ ਬਿਹਤਰੀ ਲਈ ਕੰਮ ਕਰਨ ਵਾਲਿਆਂ ਨੂੰ ਅੱਗੇ ਆਉਣ ਦੀ ਜ਼ਰੂਰਤ ਹੈ। ਅਮਰੀਕਾ, ਫਰਾਂਸ, ਜਰਮਨੀ ਵਰਗੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਅਜਿਹੀਆਂ ਸੰਸਥਾਵਾਂ ਤੇ ਲੋਕ ਇਨਸਾਨੀਅਤ ਦੀ ਹਿਫ਼ਾਜ਼ਤ ਲਈ ਹੀ ਕੰਮ ਕਰਦੇ ਹਨ। ਭਾਰਤ ਵਿਚ ਇਹੋ ਜਿਹੀਆਂ ਸੰਸਥਾਵਾਂ ਹਨ ਪਰ ਉਨ੍ਹਾਂ ਦੇ ਕਾਰਜ ਅਜਿਹੇ ਨਹੀਂ ਹਨ ਕਿ ਸਰਦੀ, ਗਰਮੀ ਤੇ ਬਰਸਾਤਾਂ ਵਿਚ ਬੇਘਰਿਆਂ ਨੂੰ ਢੂੰਡ ਕੇ ਉਨ੍ਹਾਂ ਲਈ ਵਸੇਬੇ ਤੇ ਰੋਟੀ ਦਾ ਪ੍ਰਬੰਧ ਕਰਨ।

ਦਰਅਸਲ, ਭਾਰਤ ਵਿਚ ਇਸ ਤਰ੍ਹਾਂ ਦੀਆਂ ਸੰਸਥਾਵਾਂ ਅਤੇ ਲੋਕ ਬਹੁਤ ਘੱਟ ਹਨ ਜਿਹੜੇ ਬੇਘਰਿਆਂ ਨੂੰ ਸਰਕਾਰੀ ਯੋਜਨਾਵਾਂ ਬਾਰੇ ਦੱਸਣ ਦਾ ਕਾਰਜ ਕਰਦੇ ਹੋਣ। ਆਪਣੇ ਲਈ ਹੀ ਸੁੱਖ-ਸੁਵਿਧਾਵਾਂ ਪ੍ਰਾਪਤ ਕਰਨਾ ਆਮ ਲੋਕਾਂ ਦੀ ਜ਼ਿੰਦਗੀ ਦਾ ਮਕਸਦ ਹੋ ਗਿਆ ਹੈ। 'ਅਸੀਂ ਸੁਖੀ ਤਾਂ ਦੁਨੀਆ ਸੁਖੀ' ਦਾ ਵਿਚਾਰ ਸਾਡੀ ਜ਼ਿੰਦਗੀ ਦਾ ਖਾਸਾ ਹਿੱਸਾ ਬਣ ਗਿਆ ਹੈ। ਅੱਜ ਵੀ ਬੇਘਰਿਆਂ ਦੀ ਇਹ ਜਟਿਲ ਸਮੱਸਿਆ ਜੇ ਖ਼ਤਮ ਨਾ ਹੋਈ ਤਾਂ ਦੋਸ਼ੀ ਸਿਰਫ਼ ਸਰਕਾਰਾਂ ਹੀ ਨਹੀਂ ਹਨ। ਅਸੀਂ ਵੀ ਸਾਰੇ ਇਲਜ਼ਾਮ ਦੇ ਭਾਗੀ ਹਾਂ ਜੋ ਆਪਣੇ ਧਾਰਮਿਕ ਤੇ ਅਧਿਆਤਮਕ ਹੋਣ ਦੀ ਗੱਲ ਤਾਂ ਕਰਦੇ ਹਾਂ ਪਰ ਗ਼ਰੀਬ, ਨਿਆਸਰੇ ਤੇ ਬੇਘਰਿਆਂ ਦੀ ਮਦਦ ਕਰਨ ਨੂੰ ਤਿਆਰ ਨਹੀਂ ਹਾਂ। ਉਨ੍ਹਾਂ ਦੀਆਂ ਮੁਸ਼ਕਲਾਂ ਸਰਕਾਰਾਂ ਤੱਕ ਅਪੜਾਉਣ ਦੀ ਜ਼ਿੰਮੇਵਾਰੀ ਵੀ ਸਾਡੀ ਬਣਦੀ ਹੈ ਜੋ ਅਸੀਂ ਨਿਭਾਉਣ ਤੋਂ ਅਸਮਰੱਥ ਹਾਂ। ਇਹ ਸਾਡਾ ਨੈਤਿਕ ਤੇ ਸਮਾਜਿਕ ਫ਼ਰਜ਼ ਵੀ ਹੈ।

ਸਾਡੇ ਲੋਕ SADE LOK

ਮੁੱਖ ਸੰਪਾਦਕ: ਸਤਨਾਮ ਸਿੰਘ ਖਾਲਸਾ, ਸਟੂਡੈਂਟ ਐਡੀਟਰ: ਹਰਕਰਨ ਸਿੰਘ,
ਅਸਿਸਟੈਂਟ ਸੰਪਾਦਕ: ਰਵਿੰਦਰ ਸਿੰਘ ਟਾਂਡਾ, ਜਨਰਲ ਮੈਨੇਜਰ: ਹਰਪਾਲ ਸਿੰਘ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-100

ਜੀਵਨ ਤੋਂ ਜੀਵਨ ਦੀ ਉਤਪਤੀ ਦਾ ਸਫਰ ਅਸਾਂ ਇਸਦੀ ਉਤਪਤੀ ਸੰਬੰਧੀ ਵਿਚਾਰ ਕਰਨ ਤੋਂ ਸ਼ੁਰੂ ਕੀਤਾ ਸੀ। ਮਤਲਬ ਜੀਵਨ ਦਾ ਸਫਰ ਅਸਾ ਓਵਮ ਤੇ ਸਪਰਮ ਦੀ ਉਤਪਤੀ ਵੱਖ-ਵੱਖ ਸਰੀਰਾਂ ਵਿਚ ਕਿਵੇ ਹੁੰਦੀ ਹੈ ਭਾਵ ਮਰਦ ਅਤੇ ਔਰਤ ਸਰੀਰ ਵਿਚ ਕਿਸ ਤਰਾਸੁਰੂ ਹੁੰਦੀ ਹੈ ਇਹਨਾਂ ਦੀ ਬਣਤਰ ਕਿਹੜੇ ਕਿਹੜੇ ਪੜਾਅ ਤੋਂ ਲੰਘ ਕੇ ਆਪਣੇ ਤੋਂ ਉਲਟ ਸਰੀਰ ਜੋ ਜੀਵਨ ਵੱਲੋਂ ਆਏ ਜੀਵਨ ਪੈਦਾ ਕਰਨ ਦੀ ਸਮਰੱਥਾ ਵਾਲੇ ਏਨੂੰ ਕਿਵੇਂ ਕਿਸ ਰੂਪ ਵਿਚ ਮਿਲਦਾ ਹੈ। ਉਤਪਤੀ ਬਣਤਰ ਤੇ ਮਿਲਾਪ ਤੋ ਬਾਹਦ ਅੱਗੇ ਜੀਵਨ ਕਿਵੇਂ ਕਿਵੇਂ ਵਿਕਸਤ ਹੁੰਦਾ ਹੈ। ਮਾਂ ਦੇ ਪੇਟ ਵਿਚ 180 ਦਿਨਾਂ ਦੇ ਗੁਜ਼ਾਰੇ ਵਕਤ ਦਾ ਹਿਸਾਬ ਕਿਤਾਬ ਵੀ ਅਸਾਂ ਵਿਚਾਰਿਆ ਸੀ।

ਬਾਹਰ ਆਕੇ ਜੀਵਨ ਨੂੰ ਕੀ-ਕੀ ਮੁਸ਼ਕਲਾਂ ਆਈਆਂ ਤੇ ਉਹਨਾਂ ਦਾ ਨਿਵਾਰਨ ਕਿਵੇਂ ਹੁੰਦਾ ਰਿਹਾ। ਜਵਾਨੀ ਵਿੱਚ ਪੈਰ ਰੱਖਣ ਸਮੇਂ ਤੇ ਜਵਾਨੀ ਵਿੱਚ ਪੈਰ ਰੱਖਣ ਤੋਂ ਬਾਅਦ ਕਿਹਨਾ ਹਾਲਾਤਾ ਦਾ ਸਾਹਮਣਾ ਜੀਵਨ ਨੇ ਕੀਤਾ ਹੈ। ਇਹ ਸਭ ਅਸਾਂ ਵਿਚਾਰਿਆ ਹੈ।

ਸਰੀਰ ਦੀ ਬਣਤਰ ਇਕ ਸੈਲ ਤੋਂ ਮਲਟੀ ਸੈਲ ਵਿੱਚ ਕਿਵੇਂ ਤਬਦੀਲ ਹੋਈ। ਸੈਲ ਸਮੂੰਹ ਟਿਸ਼ੂਆਂ ਕਿਵੇ ਬਣਿਆ ਟਿਸ਼ੂ ਅੰਗ ਯਾਨੀਔਰੇਗਨ ਕਿਵੇਂ ਬਣਾਉਂਦੇ ਹਨ ਔਰੇਗਨ ਇਕ ਸਿਸਟਮ ਕਿਵੇਂ ਘੜਦੇ ਹਨ ਤੇ ਸਿਸਟਮ ਮਿਲਕੇ ਇਕ ਸਰੀਰ ਦੀ ਪੂਰੀ ਰਚਨਾ ਕਿਵੇਂ ਪੂਰੀ ਕਰਦੇ ਹਨ।

ਹੁਣ ਅਸੀਂ ਇਸ ਸਰੀਰ ਦੀ ਰਚਨਾ ਕਰਨ ਵਾਲੇ ਉਸ ਵਿੱਚ ਜੁੜਕੇ ਸਰੀਰ ਨੂੰ ਪੂਰੀ ਬਣਤਰ ਵਿੱਚ ਘੜਨ ਵਾਲੇ ਜਿਸਚਮਾ ਦਾ ਵੇਰਵਾ ਸਾਂਝਾ ਕਰਨਾ ਸ਼ੁਰੂ ਕਰਾਂਗੇ।

ਸਰੀਰ ਦੇ ਪੂਰੇ ਢਾਂਚੇ ਦੀ ਬਣਤਰ ਵਿੱਚ ਕੰਮ ਆਉਣ ਵਾਲੀਆਂ ਹੱਡੀਆਂ ਹੱਡੀਆਂ ਦੇ ਜੋੜਾਂ ਅਤੇ ਮਾਸਪੇਸੀਆਂ ਦੀ ਜਾਣਕਾਰੀ ਅਸਾਂ ਕਰ ਲਈ ਹੈ। ਹੁਣ ਇਸ ਬਣ ਗਏ ਸਰੀਰਕ ਢਾਂਚੇ ਦੇ ਅੰਦਰ ਅਸਾਂ ਦਾਖਲ ਹੋਣਾ ਹੈ। ਸਰੀਰ ਦੇ ਇੰਦਰ ਦਾਖਲ ਹੋਣ ਲਈ ਸਾਨੂੰ ਕੋਈ ਤਾਂ ਦਰਵਾਜਾ ਯਾਨੀ ਪ੍ਰਵੇਸ਼ ਦੁਆਰ ਚੁਣਨਾ ਹੀ ਪਵੇਗਾ।

ਇਕ ਗੱਲ ਯਾਦ ਰੱਖਣਾ ਅਸੀਂ ਜੀਵਨ ਤੋਂ ਜੀਵਨ ਦੀ ਉਤਪਤੀ ਦੀ ਲੈਕਚਰਾਂ ਰਾਹੀਂ ਵਿਸਥਾਰ ਜਾਣਕਾਰੀ ਹਾਸਲ ਕਰ ਰਹੇ ਹਾਂ। ਹੁਣ ਦੋ ਘਰ ਦੋ ਸੈਂਟਰ ਸਾਡੇ ਕੋਲ ਸਥਾਪਤ ਹੋ ਗਏ ਹਨ। ਇਕ ਸਰੀਰ ਤੇ ਦੂਜਾ ਜੀਵਨ। ਸਰੀਰ ਵਿੱਚ ਅਸਾਨੀ ਨਾਲ ਦਾਖਲ ਹੋਇਆ ਜਾ ਸਕਦਾ ਹੈ ਸਰੀਰ ਪਦਾਰਥ ਸਾਡੀਆ ਅੱਖਾ ਵੇਖਦੀਆਂ ਹਨ ਇਸ ਨੂੰ ਜਾਣਨਾ ਇਸਨੂੰ ਵੇਖਣਾ ਅਸਾਨ ਹੈ। ਜੀਵਨ ਸੁਖਮ ਹੈ ਬਲਕਿ ਸੂਖਮਤਾ ਦੀ ਅਥਾਹ ਹੈ। ਇਸ ਲਈ ਜੀਵਨ ਨੂੰ ਬਾਅਦ ਵਿੱਚ ਜਾਣਾਗੇ ਕਿ ਉਹ ਅਥਾਹ ਦੀ ਸਾਰ ਪਾਉਣਾ ਤੇ ਸਮਝਣਾ ਅਸਾਨ ਨਹੀਂ ਹੋਵੇਗਾ। ਪਰ ਤਾਂ ਯਕੀਨਨ ਹੀ ਹੈ ਕਿ ਇਸ ਸਰੀਰ ਤੋਂ ਉੱਪਰ ਵੀ ਕੁਝ ਹੈ। ਕਿਉਂਕਿ ਸਰੀਰ ਇਕੱਲੇ ਤੌਰ ’ਤੇ ਨਹੀਂ ਵਿਚਰ ਸਕਦਾ। ਸਮੇਂ ਨਾਲ ਖੁਰ ਜਾਵੇਗਾ ਭੁਰ ਜਾਵੇਗਾ ਤੇ ਸਭ ਤੋਂ ਵੱਡੀ ਗੱਲ ਜੀਵਨ ਬਿਨਾ ਸਰੀਰ ਇਕ ਵਸਤੂ ਪਦਾਰਥ ਹੈ ਤੇ ਹਰ ਪਦਾਰਥ ਹਮੇਸਾ ਖੁਰਦਾ ਹੈ ਘਟਦਾ ਹੈ ਜੇ ਜੀਵਨ ਇਸ ਵਿੱਚ ਨਾ ਹੋਵੇ ਤਾ। ਕਿਉਂਕਿ ਜਦ ਜੀਵਨ ਸਰੀਰ ਤੋਂ ਅਲੱਗ ਹੁੰਦਾ ਹੈ ਤਾਂ ਇਸ ਸਰੀਰ ਦਾ ਕੋਈ ਅੱਗ ਕੰਮ ਨਹੀਂ ਕਰਦਾ। ਬੇਸ਼ੱਕ ਸਾਰੇ ਅੰਗ ਆਪਣੀ ਆਪਣੀ ਥਾਂ ਮੌਜੂਦ ਹੁੰਦੇ ਹਨ। ਭਾਰ ਵੀ ਓਨਾ ਹੀ ਰਹਿੰਦਾ ਹੈ ਪਰ ਜੀਵਨ ਇਸ ਵਿਚੋਂ ਨਿਕਲ ਗਿਆ ਕਿਵੇਂ ਨਿਕਲ ਗਿਆ ਕਿਥੋਂ ਨਿਕਲ ਗਿਆ ਇਸ ਦੀ ਪੜਤਾਲ ਅਸਾਂ ਕਰਨੀ ਹੈ। ਇਸ ਲਈ ਜ਼ਰੂਰੀ ਹੈ ਸਰੀਰ ਦੇ ਢਾਂਚੇ ਦੀ ਬਣ ਗਈ ਬਣਤਰ ਨੂੰ ਅਸੀਂ ਸਮਝ ਲਈਏ ਸ਼ਾਇਦ ਕੋਈ ਸੁਰਾਖ ਜੀਵਨ ਇਸ ਵਿਚੋ ਜੀਵਨ ਦੇ ਰਸਤੇ ਦਾ ਮਿਲ ਜਾਵੇ। ਸੋ ਸਭ ਤੋਂ ਪਹਿਲਾਂ ਬਾਹਰੋਂ ਦਿਸਦੀ ਇਸਦੀ ਬਾਹਰੀ ਦੀਵਾਰ ਚਮੜੀ ਯਾਨੀ ਸਕਿਨ ਬਾਰੇ ਜਾਣਕਾਰੀ ਕਰਦੇ ਹਾਂ। ਫਿਰ ਚਮੜੀ ਰਾਹੀਂ ਇਸਦੇ ਅੰਦਰ ਦਾ ਨਜ਼ਾਰਾ ਦੇਖਾਂਗੇ। ਹੈਰਾਨ ਨਾ ਹੋਣਾ ਕਿ ਸਰੀਰ ਅੰਦਰ ਦਾਖਲ ਹੋਣ ਲਈ ਮੈਂ ਚਮੜੀ ਦਾ ਦਿਵਾਰ ਦਾ ਰਸਤਾ ਹੀ ਕਿਉਂ ਚੁਣਿਆ ਜਦੋਂ ਕਿ ਹੋਰ ਬਹੁਤ ਸਾਰੇ ਸੁਰਾਖ ਹਨ ਇਸ ਸਰੀਰ ਦੇ ਅੰਦਰ ਜਾਣ ਵਾਲੇ ਜਿਵੇਂ ਮੂੰਹ ਹੈ ਨਾਸਾ ਹਨ ਟੱਟੀ ਪੇਸ਼ਾਪ ਦੇ ਰਸਤੇ ਹਨ ਜੋ ਇਸ ਵਿਚੋਂ ਬਾਹਰ ਵੱਲ ਖੁੱਲ੍ਹਦੇ ਰਸਤਿਆਂ ਦੇ ਦਰਵਾਜ਼ੇ ਹਨ। ਅਸੀ ਇਹਨਾ ਰਸਤਿਆਂ ਰਾਹੀਂ ਸਰੀਰ ਵਿਚ ਸਰੀਰ ਦੀ ਭੁੱਲ ਭੁਲਾਈਆਂ ਵਿਚ ਦਾਖਲ ਹੋ ਸਕਦੇ ਹਾਂ। ਜੀਵਨ ਵਿਚ ਦਾਖਲ ਹੋਣ ਦਾ ਰਸਤਾ ਸਾਨੂੰ ਨਹੀਂ ਮਿਲ ਸਕਦਾ। ਮਤਲਬ ਅਸੀਂ ਇਹਨਾਂ ਰਸਤਿਆਂ ਰਾਹੀਂ ਦਾਖਲ ਹੋ ਕੇ ਇਕ ਸਿਸਟਮ ਇਕ ਘਰ ਵਿਚ ਉਲਝ ਕੇ ਰਹਿ ਜਾਵਾਂਗੇ। ਇਸ ਲਈ ਅਸੀਂ ਇਸ ਸਰੀਰ ਦੀ ਬਾਹਰੀ ਦਿਵਾਰ ਦੀ ਜਾਣਕਾਰੀ ਕਰਕੇ ਇਸਦੇ ਅੰਦਰ ਦਾਖਲ ਹੋਵਾਂਗੇ।

**ਚਮੜੀ**

ਸਰੀਰ ਦਾ ਸਭ ਤੋਂ ਵੱਡਾ ਅੰਗ ਹੈ ਚਮੜੀ ਦੋ ਬਾਕੀ ਸਾਰੇ ਸਰੀਰਕ ਢਾਂਚੇ ਨੂੰ ਬਾਹਰੋਂ ਢੱਕਦੀ ਹੈ। ਆਓ ਜਾਣਦੇ ਹਾਂ ਚਮੜੀ ਯਾਨੀ ਸਰੀਰ ਦੀ ਬਾਹਰੀ ਦਿਵਾਰ ਬਾਰੇ।

ਬਾਹਰੀ ਤੌਰ ’ਤੇ ਦੇਖਣ ਤੋਂ ਲਗਦਾ ਹੈ ਚਮੜੀ ਇਕ ਮੈਟਲ ਜਾਂ ਪਲਾਸਟਿਕ ਦੀ ਸ਼ੀਟ ਵਰਗੀ ਹੈ। ਪਰ ਐਸਾ ਨਹੀਂ ਹੈ ਇਹ ਨਰਮਲ ਚਕਦਾਰ ਰਬੜ ਵਰਗੀ ਹੈ ਜਿਸ ਵਿੱਚ ਸੁਰਾਖ ਵੀ ਹਨ ਤੇ ਜਿਸ ਉੱਪਰ ਧਰਤੀ ਤੇ ਉੱਗਦੇ ਘਾਹ ਵਾਂਗ ਉੱਗਣ ਵਾਲੇ ਵਾਲ ਵੀ ਹਨ। ਵਾਲਾਂ ਦੀਆਂ ਜੜਾਂ ਨਾਲ ਤੇ ਆਮ ਸਾਰੀ ਚਮੜੀ ਦੇ ਵਿੱਚ ਛਾਨਣੀ ਵਾਂਗ ਸੁਰਾਖ ਹੁੰਦੇ ਹਨ। ਪਰ ਚਮੜੀ ਦੀ ਲਚਕ ਕਰਕੇ ਉਹ ਆਮ ਤੌਰ ’ਤੇ ਦਿਖਾਈ ਨਹੀਂ ਦਿੰਦੇ ਤੇ ਚਮੜੀ ਵਾਲਾਂ ਤੋਂ ਇਲਾਵਾ ਸਾਫ ਤੇ ਪੱਧਰੀ ਹੀ ਦਿਖਾਈ ਦਿੰਦੀ ਹੈ। ਚਮੜੀ ਦੇ ਉਪਰੀ ਲਚਕਦਾਰ ਪਰਸਖ਼ਤ ਪਰਦੇ ਨੂੰ ਐਪੀਡਰਮਿਸ ਕਹਿੰਦੇ ਹਨ। ਇਹ ਐਪੀਡਰਮਸ ਇੰਜ ਹੀ ਹੈ ਜਿਵੇਂ ਕੜਦੇ ਦੁੱਧ ਉੱਪਰ ਸਖ਼ਤ ਮਲਾਈ ਆ ਜਾਂਦੀ ਹੈ ਹੇਠਾਂ ਦੁੱਧ ਦੀ ਸੰਘਣੀ ਚਰਬੀ ਵਰਗੀ ਹੁੰਦੀ ਹੈ ਜੋ ਉੱਪਰ ਵਾਲੀ ਚਮੜੀ ਦੀ ਤਹਿ ਨਾਲੋਂ ਨਰਮ ਹਿੱਸਾ ਹੁੰਦਾ ਹੈ ਉਸਨੂੰ ਡਰਮਿਸ ਕਹਿੰਦੇ ਹਨ। ਇਸ ਚਮੜੀ ਦੇ ਨਰਮ ਹਿੱਸੇ ਵਿੱਚ ਹੀ ਛਿਦਿਆਂ ਕਰਕੇ ਜਿਹੜੀਆਂ ਗਿਲਟੀਆਂ ਹੁੰਦੀਆਂ ਹਨ ਉਹਨਾਂ ਨੂੰ ਤੇਲ ਵਾਲੀਆਂ ਗਿਲਟੀਆਂ ਯਾਨੀ ਉਆਇਲ ਗਲੈਡ ਕਹਿੰਦੇ ਹਨ। ਇਹਦੇ ਵਿੱਚ ਹੀ ਪਸੀਨੇ ਵਾਲੀਆਂ ਗਿਲਟੀਆਂ ਯਾਨੀ ਸਵੈਟ ਗਲੈਂਡ ਹੁੰਦੇ ਹਨ। ਇਸ ਨੂੰ ਡਰਮਿਸ ਕਹਿੰਦੇ ਹਨ।

(ਚੱਲਦਾ)


HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

# CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਬਿਲਕੀਸ ਕੇਸ: 11 ਦੋਸ਼ੀਆਂ ਦੀ ਸਜ਼ਾ ਮੁਆਫ਼ੀ ਸੁਪਰੀਮ ਕੋਰਟ ਵੱਲੋਂ ਰੱਦ

## ਵਿਸ਼ੇਸ਼ ਮੁਆਫ਼ੀ ਤਹਿਤ ਛੱਡੇ ਦੋਸ਼ੀਆਂ ਨੂੰ ਦੋ ਹਫ਼ਤਿਆਂ 'ਚ ਵਾਪਸ ਜੇਲ੍ਹ ਭੇਜਣ ਦੀ ਹਦਾਇਤ

- ਗੁਜਰਾਤ ਸਰਕਾਰ ਫੈਸਲਾ ਲੈਣ ਲਈ ਸਮਰੱਥ ਅਥਾਰਿਟੀ ਨਹੀਂ ਸੀ
- ਸਿਰਫ਼ ਮਹਾਰਾਸ਼ਟਰ ਨੂੰ ਹੀ ਸਜ਼ਾ ਵਿੱਚ ਛੋਟ ਸਬੰਧੀ ਹੁਕਮ ਪਾਸ ਕਰਨ ਦਾ ਅਧਿਕਾਰ
- ਕੇਸ ਇਸ ਕੋਰਟ ਦੇ ਹੁਕਮਾਂ ਨੂੰ ਵਰਤ ਕੇ ਸਜ਼ਾ ਵਿੱਚ ਛੋਟ ਦੇ ਕਾਨੂੰਨ ਦੀ ਉਲੰਘਣਾ ਕੀਤੇ ਜਾਣ ਦੀ ਪ੍ਰਤੱਖ ਮਿਸਾਲ





ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ 'ਤੇ ਤਾਕਤ ਦੀ ਦੁਰਵਰਤੋਂ ਦਾ ਦੋਸ਼ ਲਾਉਂਦੇ ਹੋਏ 2002 ਗੁਜਰਾਤ ਦੰਗਿਆਂ ਦੌਰਾਨ ਬਿਲਕੀਸ ਬਾਨੋ ਸਮੂਹਿਕ ਜਬਰ-ਜਨਾਹ ਤੇ ਉਸ ਦੇ ਸੱਤ ਪਰਿਵਾਰਕ ਜੀਆਂ ਦੀ ਹੱਤਿਆ ਮਾਮਲੇ ਵਿਚ 11 ਦੋਸ਼ੀਆਂ ਨੂੰ ਮਿਲੀ ਵਿਸ਼ੇਸ਼ ਸਜ਼ਾ ਮੁਆਫ਼ੀ ਰੱਦ ਕਰ ਦਿੱਤੀ ਹੈ। ਸਰਵਉੱਚ ਅਦਾਲਤ ਨੇ ਦੋਸ਼ੀਆਂ ਨੂੰ ਦੋ ਹਫ਼ਤਿਆਂ ਅੰਦਰ ਵਾਪਸ ਜੇਲ੍ਹ ਭੇਜਣ ਦੀ ਹਦਾਇਤ ਦਿੱਤੀ ਹੈ। ਜਸਟਿਸ ਬੀ.ਵੀ.ਨਾਗਰਤਨਾ ਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਕਿਹਾ ਕਿ ਗੁਜਰਾਤ ਸਰਕਾਰ ਦੇ ਸਜ਼ਾ ਮੁਆਫ਼ੀ ਦੇ ਫੈਸਲੇ ਨੂੰ ਬਿਨਾਂ ਸੋਚੇ ਸਮਝੇ ਲਾਗੂ ਕੀਤਾ ਗਿਆ। ਬੈਂਚ ਨੇ ਸਵਾਲ ਕੀਤਾ ਕਿ ਕੀ 'ਮਹਿਲਾਵਾਂ ਖਿਲਾਫ਼ ਅਜਿਹੇ ਘਿਣਾਉਣੇ/ਖੌਫ਼ਨਾਕ ਅਪਰਾਧ ਦੇ ਮਾਮਲਿਆਂ ਵਿਚ ਸਜ਼ਾ ਮੁਆਫ਼ੀ ਦੀ ਇਜਾਜ਼ਤ ਹੈ', ਫਿਰ ਉਹ ਮਹਿਲਾ ਭਾਵੇਂ ਕਿਸੇ ਵੀ ਧਰਮ ਜਾਂ ਦੀਨ ਨੂੰ ਮੰਨਦੀ ਹੋਵੇ। ਗੁਜਰਾਤ ਵਿਚ ਫਿਰਕੂ ਦੰਗਿਆਂ ਦੌਰਾਨ ਬਿਲਕੀਸ ਬਾਨੋ ਨਾਲ ਸਮੂਹਿਕ ਜਬਰ-ਜਨਾਹ ਕੀਤੇ ਜਾਣ ਮੌਕੇ ਉਸ ਦੀ ਉਮਰ 21 ਸਾਲ ਸੀ ਤੇ ਉਦੋਂ ਉਹ ਪੰਜ ਮਹੀਨਿਆਂ ਦੀ ਗਰਭਵਤੀ ਸੀ। ਕਤਲ ਕੀਤੇ ਸੱਤ ਪਰਿਵਾਰਕ ਜੀਆਂ ਵਿੱਚ ਉਸ ਦੀ ਤਿੰਨ ਸਾਲਾ ਧੀ ਵੀ ਸ਼ਾਮਲ ਸੀ। ਗੁਜਰਾਤ ਸਰਕਾਰ ਨੇ 11 ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਦਿਆਂ 15 ਅਗਸਤ 2022 ਨੂੰ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਸੀ।

ਬੈਂਚ ਨੇ ਕਿਹਾ, "ਅਸੀਂ ਗੁਜਰਾਤ ਸਰਕਾਰ ਵੱਲੋਂ ਤਾਕਤ ਦੀ ਦੁਰਵਰਤੋਂ ਦੇ ਅਧਾਰ ਉੱਤੇ ਸਜ਼ਾ ਮੁਆਫ਼ੀ ਦੇ ਹੁਕਮਾਂ ਨੂੰ ਰੱਦ ਕਰਦੇ ਹਾਂ।" ਸਰਵਉੱਚ ਅਦਾਲਤ ਨੇ 100 ਸਫ਼?ਆਂ ਤੋਂ ਵੱਧ ਦੇ ਆਪਣੇ ਫੈਸਲੇ ਵਿਚ ਕਿਹਾ ਕਿ ਗੁਜਰਾਤ ਸਰਕਾਰ ਸਜ਼ਾ ਮੁਆਫ਼ੀ ਦੇ ਹੁਕਮ ਪਾਸ ਕਰਨ ਲਈ ਢੁੱਕਵੀਂ ਅਥਾਰਿਟੀ ਨਹੀਂ ਸੀ। ਬੈਂਚ ਨੇ ਸਪੱਸ਼ਟ ਕੀਤਾ ਕਿ ਜਿਸ ਰਾਜ ਵਿਚ ਅਪਰਾਧੀ ਖਿਲਾਫ਼ ਮੁਕੱਦਮਾ ਚੱਲਿਆ ਤੇ ਸਜ਼ਾ ਸੁਣਾਈ ਗਈ, ਉਹੀ ਦੋਸ਼ੀਆਂ ਦੀ ਸਜ਼ਾ ਮੁਆਫ਼ੀ ਬਾਰੇ ਅਪੀਲ 'ਤੇ ਫੈਸਲਾ ਕਰਨ ਦੇ ਸਮਰੱਥ ਹੈ। ਦੋਸ਼ੀਆਂ ਖਿਲਾਫ਼ ਮਹਾਰਾਸ਼ਟਰ ਵਿੱਚ ਕੇਸ ਚੱਲਿਆ ਸੀ।

ਬੈਂਚ ਨੇ ਕਿਹਾ, "ਸਾਨੂੰ ਹੋਰ ਮੁੱਦਿਆਂ ਵਿੱਚ ਜਾਣ ਦੀ ਲੋੜ ਨਹੀਂ, ਪਰ ਸੰਪੂਰਨਤਾ ਲਈ ਸਾਨੂੰ ਜਾਣਾ ਪਿਆ। ਕਾਨੂੰਨ ਦੇ ਰਾਜ ਦੀ ਉਲੰਘਣਾ ਕੀਤੀ ਗਈ ਕਿਉਂਕਿ ਗੁਜਰਾਤ ਸਰਕਾਰ ਨੇ ਉਨ੍ਹਾਂ ਅਧਿਕਾਰਾਂ ਦਾ ਇਸਤੇਮਾਲ ਕੀਤਾ, ਜੋ ਉਸ ਦੇ ਕੋਲ ਨਹੀਂ ਸਨ। ਉਸ ਨੇ ਆਪਣੀ ਤਾਕਤ ਦੀ ਦੁਰਵਰਤੋਂ ਕੀਤੀ। ਉਸ ਅਧਾਰ 'ਤੇ ਵੀ ਸਜ਼ਾ ਵਿੱਚ ਛੋਟ/ਸਜ਼ਾ ਮੁਆਫ਼ੀ ਦੇ ਹੁਕਮਾਂ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।" ਸੁਪਰੀਮ ਕੋਰਟ ਨੇ ਸਜ਼ਾ ਵਿੱਚ ਛੋਟ ਸਬੰਧੀ ਦੋਸ਼ੀਆਂ ਵਿਚੋਂ ਇਕ ਵੱਲੋਂ ਦਾਇਰ ਪਟੀਸ਼ਨ 'ਤੇ ਗੁਜਰਾਤ ਸਰਕਾਰ ਨੂੰ ਵਿਚਾਰ ਕਰਨ ਦਾ ਹੁਕਮ ਦੇਣ ਵਾਲੇ ਆਪਣੇ ਹੀ ਇਕ ਹੋਰ ਬੈਂਚ ਦੇ 13 ਮਈ 2022 ਦੇ ਹੁਕਮਾਂ ਨੂੰ 'ਮਨਸੂਖ' ਕਰਦਿਆਂ ਕਿਹਾ ਕਿ ਇਹ 'ਅਦਾਲਤ ਨਾਲ ਧੋਖਾਧੜੀ' ਕਰਕੇ ਤੇ 'ਤੱਥਾਂ ਨੂੰ ਲੁਕਾ ਕੇ' ਹਾਸਲ ਕੀਤਾ ਗਿਆ ਹੈ। ਬੈਂਚ ਨੇ ਕਿਹਾ ਕਿ ਇਹ ਕੇਸ ਇਸ ਕੋਰਟ ਦੇ ਹੁਕਮਾਂ ਨੂੰ ਵਰਤ ਕੇ ਸਜ਼ਾ ਵਿੱਚ ਛੋਟ ਦੇ ਕਾਨੂੰਨ ਦੀ ਉਲੰਘਣਾ ਕੀਤੇ ਜਾਣ ਦੀ ਪ੍ਰਤੱਖ ਮਿਸਾਲ ਹੈ। ਸੇਵਾਮੁਕਤ ਆਈਪੀਸੀ ਅਧਿਕਾਰੀ ਮੀਰਾਂ ਚੱਢਾ ਬੋਰਵਾਂਕਰ ਤੇ ਹੋਰਨਾਂ ਵੱਲੋਂ ਪੇਸ਼ ਸੀਨੀਅਰ ਵਕੀਲ ਵਰਿੰਦਾ ਗਰੋਵਰ ਨੇ ਫੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਇਸ ਨੂੰ ਬਹੁਤ ਵਧੀਆ ਫੈਸਲਾ ਦੱਸਿਆ। ਗਰੋਵਰ ਨੇ ਪੱਤਰਕਾਰਾਂ ਨੂੰ ਕਿਹਾ, "ਇਸ ਫੈਸਲੇ ਨੇ ਕਾਨੂੰਨ ਦੇ ਸ਼ਾਸਨ ਅਤੇ ਇਸ ਦੇਸ਼ ਦੇ ਲੋਕਾਂ ਖਾਸ ਕਰਕੇ ਮਹਿਲਾਵਾਂ ਦੇ ਕਾਨੂੰਨੀ ਪ੍ਰਣਾਲੀ ਤੇ ਅਦਾਲਤਾਂ ਵਿੱਚ ਭਰੋਸੇ ਨੂੰ ਬਰਕਰਾਰ ਰੱਖਿਆ ਹੈ ਅਤੇ ਨਿਆਂ ਦਾ ਭਰੋਸਾ ਦਿੱਤਾ ਹੈ।" ਸੁਪਰੀਮ ਕੋਰਟ ਨੇ ਮਈ 2022 ਦੇ ਫੈਸਲੇ ਖਿਲਾਫ਼ ਨਜ਼ਰਸਾਨੀ ਪਟੀਸ਼ਨ ਦਾਖਲ ਨਾ ਕਰਨ ਲਈ ਗੁਜਰਾਤ ਸਰਕਾਰ ਦੀ ਝਾੜ-ਝੰਬ ਕਰਦਿਆਂ ਕਿਹਾ ਕਿ ਸਿਰਫ਼ ਮਹਾਰਾਸ਼ਟਰ ਨੂੰ ਹੀ ਸਜ਼ਾ ਵਿੱਚ ਛੋਟ ਸਬੰਧੀ ਹੁਕਮ ਪਾਸ ਕਰਨ ਦਾ ਅਧਿਕਾਰ ਸੀ। ਬੈਂਚ ਨੇ ਕਿਹਾ, "ਸਰਵਉੱਚ ਅਦਾਲਤ ਦੇ 13 ਮਈ 2022 ਦੇ ਹੁਕਮਾਂ ਦਾ ਫਾਇਦਾ ਲੈਂਦੇ ਹੋਏ ਹੋਰਨਾਂ ਦੋਸ਼ੀਆਂ ਨੇ ਵੀ ਸਜ਼ਾ ਵਿੱਚ ਛੋਟ/ਮੁਆਫ਼ੀ ਲਈ ਅਰਜ਼ੀ ਦਾਇਰ ਕੀਤੀ ਗੁਜਰਾਤ (ਸਰਕਾਰ) ਦੀ ਇਸ ਵਿਚ ਮਿਲੀਭੁਗਤ ਸੀ ਤੇ ਉਸ ਨੇ ਪ੍ਰਤੀਵਾਦੀ ਨੰਬਰ 3 (ਦੋਸ਼ੀਆਂ ਵਿਚੋਂ ਇਕ) ਨਾਲ ਮਿਲ ਕੇ ਕੰਮ ਕੀਤਾ। ਤੱਥਾਂ ਨੂੰ ਲੁਕਾ ਕੇ ਅਦਾਲਤ ਨੂੰ ਗੁੰਮਰਾਹ ਕੀਤਾ ਗਿਆ।" ਸੁਪਰੀਮ ਕੋਰਟ ਨੇ ਇਹ ਵੀ ਮੰਨਿਆ ਕਿ ਸੰਵਿਧਾਨ ਦੀ ਧਾਰਾ 32 ਤਹਿਤ ਬਿਲਕੀਸ ਬਾਨੋ ਵੱਲੋਂ ਸਜ਼ਾ ਵਿੱਚ ਛੋਟ ਨੂੰ ਚੁਣੌਤੀ ਦੇਣ ਲਈ ਦਾਇਰ ਜਨਹਿਤ ਪਟੀਸ਼ਨ ਗੌਰ ਕਰਨ ਦੇ ਯੋਗ ਹੈ। ਧਾਰਾ 32 ਅਨੁਸਾਰ, "ਇਹ ਇਕ ਮੌਲਿਕ ਅਧਿਕਾਰ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਵਿਅਕਤੀਆਂ ਨੂੰ ਸੰਵਿਧਾਨ ਵੱਲੋਂ ਮਾਨਤਾ ਪ੍ਰਾਪਤ ਹੋਰਨਾਂ ਬੁਨਿਆਦੀ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਸੁਪਰੀਮ ਕੋਰਟ ਤੱਕ ਰਸਾਈ ਕਰਨ ਦਾ ਅਧਿਕਾਰ ਹੈ।" ਜਸਟਿਸ ਨਾਗਰਤਨਾ ਨੇ ਯੂਨਾਨੀ ਦਾਰਸ਼ਨਿਕ ਪਲੈਟੋ ਦੇ ਕਥਨ ਦਾ ਜ਼ਿਕਰ ਕਰਦੇ ਹੋਏ ਕਿਹਾ, "ਸਜ਼ਾ ਬਦਲੇ ਲਈ ਨਹੀਂ ਬਲਕਿ ਰੋਕਥਾਮ ਤੇ ਸੁਧਾਰ ਲਈ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਜੋ ਹੋ ਚੁੱਕਾ ਹੈ, ਉਸ ਨੂੰ ਮੋੜਿਆ ਨਹੀਂ ਜਾ ਸਕਦਾ।" ਉਨ੍ਹਾਂ ਕਿਹਾ, "ਪਲੈਟੋ ਨੇ ਕਿਹਾ ਹੈ ਕਿ ਕਾਨੂੰਨ ਦੇਣ ਵਾਲਿਆਂ ਨੂੰ, ਜਿੱਥੋਂ ਤੱਕ ਹੋ ਸਕੇ ਉਸ ਚਕਿਸਤਕ ਵਜੋਂ ਕੰਮ ਕਰਨਾ ਚਾਹੀਦਾ ਹੈ, ਜੋ ਸਿਰਫ਼ ਦਰਦ ਲਈ ਨਹੀਂ ਬਲਕਿ ਮਰੀਜ਼ ਦਾ ਭਲਾ ਕਰਨ ਲਈ ਦਵਾਈ ਦਿੰਦਾ ਹੈ। ਸਜ਼ਾ ਦੇ ਰੋਗਨਾਸ਼ਕ ਸਿਧਾਂਤ ਵਿਚ ਸਜ਼ਾ ਦੀ ਤੁਲਨਾ ਸਜ਼ਾ ਦਿੱਤੇ ਜਾਣ ਵਾਲੇ ਵਿਅਕਤੀ ਦੀ ਭਲਾਈ ਲਈ ਦਿੱਤੀ ਜਾਣ ਵਾਲੀ ਦਵਾ ਨਾਲ ਕੀਤੀ ਗਈ ਹੈ।" ਜਸਟਿਸ ਨਾਗਰਤਨਾ ਨੇ ਕਿਹਾ ਕਿ ਪੀੜਤਾ ਦੇ ਅਧਿਕਾਰ ਵੀ ਅਹਿਮ ਹਨ। ਉਨ੍ਹਾਂ ਕਿਹਾ, "ਇਕ ਮਹਿਲਾ ਵੀ ਸਨਮਾਨ ਦੀ ਹੱਕਦਾਰ ਹੈ, ਫਿਰ ਭਾਵੇਂ ਉਸ ਨੂੰ ਸਮਾਜ ਵਿੱਚ ਕਿੰਨਾ ਵੀ ਉੱਚਾ ਜਾਂ ਨੀਵਾਂ ਮੰਨਿਆ ਜਾਵੇ ਜਾਂ ਉਹ ਕਿਸੇ ਵੀ ਧਰਮ ਜਾਂ ਦੀਨ ਨੂੰ ਮੰਨਦੀ ਹੋਵੇ।" ਉਨ੍ਹਾਂ ਕਿਹਾ, "ਕੀ ਮਹਿਲਾਵਾਂ ਖਿਲਾਫ਼ ਅਜਿਹੇ ਘਿਣਾਉਣੇ/ਖੌਫ਼ਨਾਕ ਅਪਰਾਧ ਦੇ ਮਾਮਲਿਆਂ ਵਿਚ ਸਜ਼ਾ 'ਚ ਛੋਟ ਦਿੱਤੀ ਜਾ ਸਕਦੀ ਹੈ? ਇਹ ਅਜਿਹੇ ਮੁੱਦੇ ਹਨ, ਜੋ ਪੈਦਾ ਹੁੰਦੇ ਹਨ।" ਸੁਪਰੀਮ ਕੋਰਟ ਨੇ ਬਿਲਕੀਸ ਵੱਲੋਂ ਦਾਇਰ ਪਟੀਸ਼ਨ ਸਮੇਤ ਹੋਰ ਪਟੀਸ਼ਨਾਂ 'ਤੇ 11 ਦਿਨਾਂ ਦੀ ਸੁਣਵਾਈ ਮਗਰੋਂ 12 ਅਕਤੂਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ। ਬਾਨੋ ਦੀ ਪਟੀਸ਼ਨ ਤੋਂ ਇਲਾਵਾ ਸੀਪੀਐੱਮ ਦੀ ਆਗੂ ਸੁਭਾਸ਼ਿਨੀ ਅਲੀ, ਸੁਤੰਤਰ ਪੱਤਰਕਾਰ ਰੇਵਤੀ ਲਾਲ ਤੇ ਲਖਨਊ ਯੂਨੀਵਰਸਿਟੀ ਦੀ ਸਾਬਕਾ ਉਪ ਕੁਲਪਤੀ ਰੂਪ ਰੇਖਾ ਵਰਮਾ, ਤ੍ਰਿਣਮੂਲ ਕਾਂਗਰਸ ਆਗੂ ਮਹੂਆ ਮੋਇਤਰਾ ਸਣੇ ਕਈ ਹੋਰਨਾਂ ਨੇ ਜਨਹਿਤ ਪਟੀਸ਼ਨਾਂ ਦਾਖ਼ਲ ਕਰਕੇ ਦੋਸ਼ੀਆਂ ਦੀ ਸਜ਼ਾ ਮੁਆਫ਼ੀ ਤੇ ਉਨ੍ਹਾਂ ਦੀ ਜੇਲ੍ਹ 'ਚੋਂ ਅਗਾਊਂ ਰਿਹਾਈ ਨੂੰ ਚੁਣੌਤੀ ਦਿੱਤੀ ਸੀ।



ਬਿਲਕਿਸ ਬਾਨੋ ਮਾਮਲੇ ਵਿਚ ਦੋਸ਼ੀਆਂ ਦੀ ਰਿਹਾਈ ਸਮੇਂ ਦੀ ਫ਼ਾਈਲ ਫੋਟੋ

## ਮੇਰੇ ਲਈ ਅੱਜ ਸੱਚਮੁੱਚ ਨਵਾਂ ਸਾਲ: ਬਿਲਕੀਸ



ਨਵੀਂ ਦਿੱਲੀ: ਬਿਲਕੀਸ ਬਾਨੋ ਨੇ ਫੈਸਲੇ ਮਗਰੋਂ ਕਿਹਾ ਕਿ 'ਅੱਜ ਸੱਚਮੁੱਚ ਮੇਰੇ ਲਈ ਨਵਾਂ ਸਾਲ ਹੈ।' ਆਪਣੀ ਵਕੀਲ ਸ਼ੋਭਾ ਗੁਪਤਾ ਰਾਹੀਂ ਜਾਰੀ ਬਿਆਨ ਵਿੱਚ ਬਾਨੋ ਨੇ ਫੈਸਲੇ ਲਈ ਸਰਵਉੱਚ ਅਦਾਲਤ ਦਾ ਧੰਨਵਾਦ ਕੀਤਾ ਹੈ। ਬਾਨੋ ਨੇ ਕਿਹਾ, "ਮੇਰੀ ਲਈ ਸੱਚਮੁੱਚ ਅੱਜ ਨਵਾਂ ਸਾਲ ਹੈ। ਮੇਰੀਆਂ ਅੱਖਾਂ ਵਿੱਚ ਰਾਹਤ ਦੇ ਅੱਥਰੂ ਹਨ। ਪਿਛਲੇ ਡੇਢ ਸਾਲ ਵਿੱਚ ਪਹਿਲੀ ਵਾਰ ਮੈਂ ਮੁਸਕੁਰਾਈ ਹਾਂ। ਮੈਂ ਆਪਣੇ ਬੱਚਿਆਂ ਨੂੰ ਗਲਵੱਕੜੀ ਵਿੱਚ ਲਿਆ। ਇੰਜ ਲੱਗਦਾ ਹੈ ਕਿ ਜਿਵੇਂ ਮੇਰੇ ਮਨ ਤੋਂ ਵੱਡਾ ਬੋਝ ਲੱਥ ਗਿਆ ਹੈ ਤੇ ਮੈਂ ਮੁੜ ਸਾਹ ਲੈ ਸਕਦੀ ਹਾਂ। ਨਿਆਂ ਮਿਲਣ 'ਤੇ ਇੰਜ ਮਹਿਸੂਸ ਹੁੰਦਾ ਹੈ। ਮੈਂ ਭਾਰਤ ਦੀ ਸਤਿਕਾਰਯੋਗ ਸੁਪਰੀਮ ਕੋਰਟ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਮੈਨੂੰ, ਮੇਰੇ ਬੱਚਿਆਂ ਤੇ ਮਹਿਲਾਵਾਂ ਨੂੰ ਇਹ ਆਸ ਦਿੱਤੀ ਕਿ ਸਾਰਿਆਂ ਨੂੰ ਬਰਾਬਰ ਨਿਆਂ ਦਾ ਵਾਅਦਾ ਪੂਰਾ ਹੁੰਦਾ ਹੈ।" ਬਾਨੋ ਨੇ ਕਿਹਾ ਕਿ ਉਸ ਨੇ ਜਿਹੜਾ ਸਫ਼ਰ ਤੈਅ ਕੀਤਾ ਹੈ ਉਹ ਇਕੱਲਿਆਂ ਪੂਰਾ ਨਹੀਂ ਕੀਤਾ ਜਾ ਸਕਦਾ। ਉਸ ਨੇ ਕਿਹਾ, "ਮੇਰਾ ਪਤੀ ਤੇ ਮੇਰੇ ਬੱਚੇ ਮੇਰੇ ਨਾਲ ਖੜ੍ਹੇ ਸਨ। ਮੇਰੇ ਦੋਸਤ ਮਿੱਤਰ ਸਨ, ਜਿਨ੍ਹਾਂ ਅਜਿਹੀ ਨਫ਼ਰਤ ਵੇਲੇ ਵੀ ਮੈਨੂੰ ਪਿਆਰ ਦਿੱਤਾ ਤੇ ਹਰ ਮੁਸ਼ਕਲ ਮੋੜ 'ਤੇ ਮੇਰਾ ਹੱਥ ਫੜੀ ਰੱਖਿਆ। ਮੇਰੇ ਕੋਲ ਇਕ ਅਸਧਾਰਨ ਵਕੀਲ ਐਡਵੋਕੇਟ ਸ਼ੋਭਾ ਗੁਪਤਾ ਸੀ, ਜੋ ਪਿਛਲੇ 20 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਬਿਨਾਂ ਡੋਲੇ ਮੇਰੇ ਨਾਲ ਤੁਰ ਰਹੀ ਹੈ ਤੇ ਜਿਸ ਨੇ ਨਿਆਂ ਉੱਤੇ ਮੇਰੇ ਯਕੀਨ ਨੂੰ ਕਦੇ ਡੋਲਣ ਦੀ ਇਜਾਜ਼ਤ ਨਹੀਂ ਦਿੱਤੀ।" ਉਧਰ ਕੇਸ ਦੇ ਪਟੀਸ਼ਨਰਾਂ ਵਿਚੋਂ ਇਕ ਤੇ ਸੀਪੀਆਈ(ਐੱਮ) ਆਗੂ ਸੁਭਾਸ਼ਿਨੀ ਅਲੀ ਨੇ ਕਿਹਾ ਕਿ ਇੱਕ ਨਵੀਂ ਕਸਵੱਟੀ ਸਥਾਪਤ ਕੀਤੀ ਗਈ, ਜਿੱਥੇ ਭਾਜਪਾ ਨਾਲ ਜੁੜੇ ਲੋਕਾਂ ਨੂੰ ਸਭ ਤੋਂ ਘਿਣਾਉਣੇ ਅਪਰਾਧਾਂ ਲਈ ਵੀ ਸਜ਼ਾ ਨਹੀਂ ਦਿੱਤੀ ਜਾਂਦੀ। ਅਲੀ ਨੇ ਕਿਹਾ ਕਿ ਬਿਲਕੀਸ ਬਾਨੋ ਨੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਲੰਮੀ ਲੜਾਈ ਲੜੀ, ਪਰ ਗੁਜਰਾਤ ਸਰਕਾਰ ਨੇ ਅਪਰਾਧੀਆਂ ਦੀ ਹਮਾਇਤ ਕੀਤੀ। ਜਦੋਂ ਉਹ(ਦੋਸ਼ੀ) ਜੇਲ੍ਹ ਵਿੱਚ ਸਨ ਤਾਂ ਉਨ੍ਹਾਂ ਨੂੰ ਪੈਰੋਲ ਮਿਲੀ ਤੇ ਮਗਰੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਗੁਜਰਾਤ ਸਰਕਾਰ ਨੇ ਅਜਿਹਾ ਕਿਉਂ ਕੀਤਾ? ਉਸ ਨੂੰ ਅਪਰਾਧੀਆਂ ਦੀ ਹਮਾਇਤ ਕਿਉਂ ਕਰਨੀ ਪਈ?" ਅਲੀ ਨੇ ਕਿਹਾ, "ਅਸੀਂ ਇੱਕ ਨਵੀਂ ਨਿਆਂ ਪ੍ਰਣਾਲੀ ਦੇਖ ਰਹੇ ਹਾਂ। ਜੇਕਰ ਤੁਸੀਂ ਭਾਜਪਾ ਦੇ ਨਾਲ ਹੋ, ਜੇਕਰ ਤੁਸੀਂ ਉਨ੍ਹਾਂ ਵਾਂਗ ਸੋਚਦੇ ਹੋ, ਤਾਂ ਤੁਸੀਂ ਸਭ ਤੋਂ ਘਿਣਾਉਣੇ ਅਪਰਾਧ ਕਰ ਸਕਦੇ ਹੋ ਅਤੇ ਕੁਝ ਨਹੀਂ ਹੋਵੇਗਾ, ਕੋਈ ਸਜ਼ਾ ਨਹੀਂ ਦਿੱਤੀ ਜਾਵੇਗੀ। ਜੇਕਰ ਇਹ ਇੱਕ ਕਸਵੱਟੀ ਬਣ ਰਿਹਾ ਹੈ, ਤਾਂ ਇਹ ਦੇਸ਼, ਇਸ ਦੀਆਂ ਔਰਤਾਂ ਅਤੇ ਲੋਕਾਂ ਲਈ ਬਹੁਤ ਖਤਰਨਾਕ ਹੈ। ਸਾਨੂੰ ਸਾਰਿਆਂ ਨੂੰ ਨਿਆਂ ਅਤੇ ਕਾਨੂੰਨ ਦੇ ਰਾਜ ਨੂੰ ਜ਼ਿੰਦਾ ਰੱਖਣ ਲਈ ਲੜਨਾ ਪਵੇਗਾ।" ਅਲੀ ਨੇ ਕਿਹਾ ਕਿ ਗੁਜਰਾਤ ਦੀ ਭਾਜਪਾ ਸਰਕਾਰ ਨੂੰ ਬਿਲਕਿਸ ਬਾਨੋ ਅਤੇ ਉਸ ਦੇ ਪਰਿਵਾਰ ਨੂੰ ਸੁਰੱਖਿਆ ਦੇਣੀ ਚਾਹੀਦੀ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

# ਗਾਥਾ ਏ ਸਿੰਘ ਸ਼ਹੀਦਾਂ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

5 ਅਗਸਤ,2012 ਨੂੰ ਓਕ ਕਰੀਕ, ਵਿਸਕਾਨਸਿਨ ਅਮਰੀਕਾ ਦੇ ਗੁਰਦੁਆਰਾ ਸਾਹਿਬ ਵਿਚ ਵਾਪਰਿਆ ਸਾਕਾ ਸਿੱਖ ਇਤਿਹਾਸ ਦਾ ਅਭਿੰਨ ਅੰਗ ਬਣ ਗਿਆ ਹੈ। ਠੀਕ ਉਸੇ ਤਰ੍ਹਾਂ ਜਿਵੇਂ ਨਨਕਾਣਾ ਸਾਹਿਬ ਦਾ ਸਾਕਾ ਅਤੇ ਸਿੱਖ ਇਤਿਹਾਸ ਦੀਆਂ ਅਜਿਹੀਆਂ ਹੋਰ ਦਰਦਨਾਕ ਪਰ ਗੌਰਵਮਈ ਘਟਨਾਵਾਂ। ਪੰਜ ਅਗਸਤ ਦਾ ਸਾਕਾ ਸਿੱਖ ਪਰੰਪਰਾ ਅਤੇ ਮਰਿਆਦਾ ਨਾਲ ਜੁੜਿਆ ਹੈ। ਭਾਵੇਂ ਇਸ ਦੀਆਂ ਕਿੰਨੀਆਂ ਹੀ ਪਰਤਾਂ ਹਨ, ਕਿੰਨੇ ਹੀ ਪੱਖ ਹਨ, ਕਿੰਨੇ ਹੀ ਪਰਿਪੇਖਾਂ ਵਿਚ ਇਸ ਦਾ ਵਿਸ਼ਲੇਸ਼ਣ ਹੋ ਸਕਦਾ ਹੈ ਅਤੇ ਹੋਇਆ ਹੈ, ਕਿੰਨੇ ਹੀ ਸਵਾਲ ਇਸ ਨੇ ਖੜ੍ਹੇ ਕੀਤੇ ਹਨ - ਸਿੱਖ ਪਛਾਣ ਬਾਰੇ-ਸਿੱਖ ਸਰੂਪ ਬਾਰੇ- ਇਸ ਦੀ ਵਿਲੱਖਣਤਾ ਬਾਰੇ। ਪਰ ਮੂਲ ਰੂਪ ਵਿਚ ਇਹ ਸਿੱਖ ਮਤ ਦੀ ਸ਼ਹਾਦਤ ਦੀ ਲੰਬੀ, ਨਿਰੰਤਰ ਅਤੇ ਗੌਰਵਮਈ ਪਰੰਪਰਾ ਦਾ ਪ੍ਰਤੀਕ ਹੈ ਅਤੇ ਇਸੇ ਪ੍ਰਸੰਗ ਵਿਚ ਸਤਵੰਤ ਸਿੰਘ ਕਾਲੇਕਾ ਨੇ ਇਕ ਉਜਲ ਉਦਾਹਰਣ ਪੇਸ਼ ਕੀਤੀ ਹੈ। ਆਪਣੀ ਕੁਰਬਾਨੀ ਦੇ ਕੇ ਉਹ ਸਿੱਖ ਸ਼ਹੀਦਾਂ ਦੀ ਸ਼ਾਨਦਾਰ ਸੂਚੀ ਦਾ ਹਿੱਸਾ ਬਣ ਗਿਆ ਹੈ- ਸਿੱਖ ਵਿਰਾਸਤ ਦਾ ਜੀਵੰਤ ਪ੍ਰਤੀਬਿੰਬ।

1964 ਵਿਚ ਮੈਂ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਚ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕੀਤੀ ਸੀ। ਇਕ ਪਰਾਅਧਿਆਪਕ ਦੇ ਤੌਰ ਤੇ ਇਸੇ ਕਾਲਜ ਵਿਚ ਮੇਰੀ ਸਤਵੰਤ ਸਿੰਘ ਕਾਲੇਕਾ ਨਾਲ ਜਾਣ ਪਛਾਣ ਹੋਈ ਸੀ। ਸਾਡੀ ਪਹਿਲੀ ਮੁਲਾਕਾਤ ਦੀ ਯਾਦ ਹੁਣ ਵੀ ਮੇਰੇ ਮਨ ਵਿਚ ਉਕਰੀ ਹੋਈ ਹੈ। ਇਕ ਦਿਨ ਮੈਂ ਆਪਣੇ ਸੁਭਾਅ ਅਨੁਸਾਰ ਉਸ ਤੋਂ ਪੁਛਿਆ ਸੀ ਜਿਵੇਂ ਮੈਂ ਪਿੰਡਾਂ ਤੋਂ ਆਉਣ ਵਾਲੇ ਹੋਰ ਵਿਦਿਆਰਥੀਆਂ ਤੋਂ ਵੀ ਪੁੱਛਿਆ ਕਰਦਾ ਸੀ- ਸਤਵੰਤ ਤੇਰਾ ਪਿੰਡ ਕਿਹੜਾ ਹੈ। ਜਦੋਂ ਉਸ ਨੇ ਦੁਗਾਲ ਦਾ ਨਾਂ ਲਿਆ ਤਾਂ ਫਿਰ ਗੋਤ ਦੀ ਗੱਲ ਚਲ ਪਈ। ਗੱਲਾਂ ਵਿਚੋਂ ਗੱਲ ਦਾ ਸਿਲਸਿਲਾ ਸ਼ੁਰੂ ਹੋ ਗਿਆ। ਬਰਨਾਲੇ ਨੇੜਲੇ ਪਿੰਡ ਕਾਲੇਕੇ ਦਾ ਜ਼ਿਕਰ ਵੀ ਹੋਇਆ ਅਤੇ ਸਰਾਓ ਅਤੇ ਕਾਲੇਕਾ ਸਰਾਓ ਵਿਚ ਅੰਤਰ ਦਾ ਪਤਾ ਚਲਿਆ। ਸਤਵੰਤ ਨੂੰ ਪਤਾ ਸੀ ਕਿ ਮੇਰੇ ਜੱਦੀ ਪਿੰਡ ਲਹਿਲ ਕਲਾਂ ਦੇ ਨੇੜਲੇ ਸੱਤ ਪਿੰਡ ਵੀ ਸਰਾਵਾਂ ਦੇ ਸਨ। ਸਗੋਤੀ ਹੋਣ ਦੀ ਸਾਂਝ ਨੂੰ ਉਸ ਨੇ ਬਹੁਤ ਮਹੱਤਤਾ ਦਿੱਤੀ। ਇਹ ਗੱਲ ਸਾਡੇ ਇਕ ਦੂਜੇ ਦੇ ਨੇੜੇ ਹੋਣ ਦਾ ਸਬੱਬ ਬਣੀ। ਹੌਲੀ-ਹੌਲੀ ਉਹ ਆਪਣੇ ਪਰਿਵਾਰ, ਮਾਤਾ ਪਿਤਾ, ਭਾਈਆਂ ਭੈਣਾ ਦੀ ਗੱਲਾਂ ਵੀ ਮੇਰੇ ਨਾਲ ਸਾਂਝੀਆਂ ਕਰਨ ਲੱਗ ਪਿਆ। ਸਹਿਜ ਸੁਭਾਅ ਹੀ ਬਿਨਾਂ ਪੁੱਛੇ ਕਈ ਵਾਰ ਅਸੀਂ ਆਪਣੀ ਨਿੱਜੀ ਗੱਲਾਂ ਉਸ ਵਿਅਕਤੀ ਨਾਲ ਕਰਨ ਲੱਗ ਪੈਂਦੇ ਹਾਂ ਜਿਹੜਾ ਸਾਨੂੰ ਚੰਗਾ ਲਗਦਾ ਹੈ। ਇਹੀ ਮੇਰੇ ਨਾਲ ਸਤਵੰਤ ਦੀ ਪਹਿਲੀ ਮੁਲਾਕਤਾਂ ਤੋਂ ਪਿੱਛੋਂ ਵਾਪਰਿਆ। ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਨਣ ਲਗ ਪਏ। ਰਿਸ਼ਤਾ ਅਧਿਆਪਕ ਅਤੇ ਵਿਦਿਆਰਥੀ ਦਾ ਹੀ ਸੀ ਪਰ ਇਸ ਵਿਚ ਅਣਜਾਣੇ ਹੀ ਦੋਸਤੀ ਅਤੇ ਜਜ਼ਬਾਤੀ ਸਾਂਝ ਦੀਆਂ ਤੰਦਾਂ ਜੁੜਨੀਆਂ ਸ਼ੁਰੂ ਹੋ ਗਈਆਂ ਸਨ।




ਸਤਵੰਤ ਦੀ ਸਧਾਰਨਤਾ ਵਿਚ ਵੀ ਕੁਝ ਵਿਲੱਖਣਤਾ ਸੀ। ਉਸ ਵਿਚ ਝਿੱਜਕ ਬਿਲਕੁਲ ਨਹੀਂ ਸੀ। ਉਂਝ ਆਮ ਪੇਂਡੂ ਮੁੰਡਿਆਂ ਵਿਚ ਝਿੱਜਕ ਬਹੁਤ ਸੀ। ਮੈਂ ਕਿੰਨੇ ਹੀ ਮੁੰਡਿਆਂ ਨੂੰ ਇਸ ਨਾਲ ਜੂਝਦੇ ਵੇਖਿਆ ਸੀ। ਸਤਵੰਤ ਇਸ ਤੋਂ ਮੁਕਤ ਸੀ। ਉਹ ਨਿਡਰ ਸੀ। ਝਿਪਦਾ ਨਹੀਂ ਸੀ। ਛੇਤੀ ਛੇਤੀ ਕਿਸੇ ਦੇ ਹੇਠਾਂ ਨਹੀਂ ਸੀ ਲਗਦਾ ਆਪ ਮਤਾ ਸੀ-ਖੁੱਲ੍ਹ ਕੇ ਗੱਲ ਕਰ ਸਕਦਾ ਸੀ। ਮੱਲਕੜੇ ਜਿਹੇ ਟਿਚਰ ਵੀ ਕਰ ਲੈਂਦਾ ਸੀ। ਪਲਾਂ ਵਿਚ ਹੀ ਗੰਭੀਰ ਅਤੇ ਚਿੰਤਨਸ਼ੀਲ ਹੋ ਜਾਂਦਾ ਸੀ। ਉਸ ਦੇ ਚਿਹਰੇ ਤੋਂ ਪਤਾ ਨਹੀਂ ਸੀ ਚਲਦਾ ਉਸ ਦੇ ਮਨ ਦੀ ਅਵਸਥਾ ਦਾ। ਅੱਖਾਂ ਵਿਚ ਪਰਗਟ ਅਤੇ ਅਲੋਪ ਹੁੰਦੀ ਲਿਸ਼ਕ ਤੋਂ ਜ਼ਰੂਰ ਭਿਣਕ ਪੈ ਜਾਂਦੀ ਸੀ ਉਸ ਦੀਆਂ ਅੰਦਰਲੀਆਂ ਉਲਝਣਾਂ ਤਾਘਾਂ ਦੀ। ਇਸੇ ਲਈ ਉਹ ਕਵਿਤਾ ਵੀ ਲਿਖਦਾ ਸੀ। ਪਰ ਇਸ ਦੀ ਜ਼ਿਆਦਾ ਚਰਚਾ ਨਹੀਂ ਸੀ ਕਰਦਾ। ਮੈਨੂੰ ਉਸ ਨੇ ਖੁਦ ਨਹੀਂ ਦੱਸਿਆ ਕਿ ਉਹ ਕਵਿਤਾ ਲਿਖਣ ਵਿਚ ਰੁਚਿਤ ਸੀ। ਉਸ ਨਾਲ ਪਿੰਡਾਂ ਤੋਂ ਆਉਂਦੇ ਹੋਰ ਮੁੰਡਿਆਂ ਨੇ ਇਹ ਗੱਲ ਮੈਨੂੰ ਦੱਸੀ ਸੀ- ਪਰ ਉਹ ਵੀ ਇਹ ਕਹਿੰਦੇ ਸਨ ਕਿ ਸਤਵੰਤ ਹੋਰਾਂ ਲਈ ਕਵਿਤਾ ਨਹੀਂ ਲਿਖਦਾ-ਨਾ ਇਸ ਦੀ ਬਹੁਤੀ ਗੱਲ ਕਰਦਾ ਹੈ। ਉਹ ਤਾਂ ਆਪਣੇ ਮਨ ਦੀਆਂ ਗੱਲਾਂ ਕਹਿਣ ਲਈ ਕਵਿਤਾ ਲਿਖਦਾ ਹੈ ਅਤੇ ਆਪਣੇ ਆਪੇ ਨਾਲ ਹੀ ਸੰਵਾਦ ਰਚਾਉਂਦਾ ਰਹਿੰਦਾ ਹੈ। ਕਈ ਵਾਰੀ ਉਹ ਅੱਲ ਵਲੱਲੀਆਂ ਗੱਲਾਂ ਵੀ ਕਰਿਆ ਕਰਦਾ ਪਰ ਉਹ ਜਾਣ ਬੁੱਝਕੇ ਅਜਿਹਾ ਕਰਦਾ ਸੀ। ਇਹ ਉਸ ਦੀ ਸ਼ੈਲੀ ਦਾ ਅੰਗ ਸੀ। ਉਸ ਦੀ ਵਿਲੱਖਣਤਾ ਦਾ ਚਿੰਨ੍ਹ ਸੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਆਪਿ ਚੌਰ ਸ੍ਰੀ ਗੁਰ ਕਰਤ ਬੁੱਢੇ ਲਈ ਆਵਾਜ਼।**
**ਏਕ ਚਿਤ ਸੰਗਤਿ ਸੁਨੈ ਸਭਿ ਮਨਿ ਸਾਂਤਿ ਬਿਰਾਜ॥**
(ਗੁਰ ਬਿਲਾਸ ਪਾ. ੬, ਅਧਿਆਇ ੫, ਪੰਨਾ ੧੨੨)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖ ਤੌਰ 'ਤੇ ਦਸਾਂ ਪਾਤਸ਼ਾਹੀਆਂ ਦੀ ਜੋਤਿ ਹੈ। ਇਸ ਦਾ ਵੱਧ ਤੋਂ ਵੱਧ ਸ਼ਾਹਾਨਾ ਢੰਗ ਨਾਲ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਇਸਦੇ ਨਾਲ ਮਰਯਾਦਾ ਦਾ ਧਿਆਨ ਰੱਖਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਚਵਰ ਛੱਤਰ ਦੇ ਵਾਹਿਦ ਮਾਲਿਕ ਹਨ ਇਸ ਲਈ ਮੰਜੀ ਸਾਹਿਬ 'ਤੇ ਪ੍ਰਕਾਸ਼, ਚਾਨਣੀ, ਪਾਲਕੀ, ਚੌਰ ਦੇ ਸਿਧਾਂਤ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਚਲਤ ਮਰਯਾਦਾ ਤੋਂ ਸੇਧ ਲੈਣ ਦੀ ਲੋੜ ਹੈ।


**(ਸ) ਉਪਰ ਦੱਸੇ ਸਮਾਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।**
**(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)**

**ਧੂਮ ਜਾਂ ਦੀਵੇ ਮਚਾ ਕੇ ਆਰਤੀ ਕਰਨੀ**

ਹਿੰਦੂ ਮਤ ਅਤੇ ਸਭਿਆਚਾਰ ਵਿਚ ਥਾਲ ਵਿਚ ਦੀਵੇ ਰੱਖ ਕੇ ਮੂਰਤੀ ਸਾਹਵੇਂ ਇਸਨੂੰ ਘੁਮਾ ਕੇ ਉਸਦੀ ਆਰਤੀ ਕਰਨ ਦਾ ਵਿਧਾਨ ਹੈ। ਇਸ ਦਾ ਮਕਸਦ ਆਪਣੇ ਇਸ਼ਟ ਦੇਵ ਦੀ ਅਰਾਧਨਾ ਜਾਂ ਪੂਜ ਵਿਅਕਤੀ ਦਾ ਅਭਿਨੰਦਨ ਜਾਂ ਸਤਿਕਾਰ ਕਰਨਾ ਹੈ। ਪੁਰੀ ਵਿਚ ਜਗਨਨਾਥ ਦੀ ਮੂਰਤੀ ਦੀਆਂ ਬਾਹਵਾਂ ਨਹੀਂ ਹਨ। ਸਿੰਘਾਂ ਦੇ ਪੁਰਾਤਨ ਬੋਲਿਆਂ ਵਿਚ ਜਿਸ ਦੀਆਂ ਬਾਹਵਾਂ ਨਾ ਹੋਣ ਉਸ ਨੂੰ ਜਗਨਨਾਥ ਸੱਦਿਆ ਜਾਂਦਾ ਸੀ। ਪਾਂਡਿਆਂ ਨੇ ਇਸ ਤਰ੍ਹਾਂ ਜਗਨਨਾਥ ਮੂਰਤੀ ਦੇ ਸਾਹਮਣੇ ਕੀਤੀ ਆਰਤੀ ਨੂੰ ਜਗਨਨਾਥ ਜਾਂ ਪ੍ਰਮਾਤਮਾ ਨੂੰ ਕੀਤੀ ਆਰਤੀ ਕਿਹਾ ਤਾਂ ਗੁਰੂ ਸਾਹਿਬ ਨੇ ਇਸ ਦਾ ਖੰਡਨ ਕੀਤਾ ਤੇ ਕਿਹਾ ਕਿ ਉਸ ਬੇਅੰਤ ਪ੍ਰਭੂ ਦੀ ਆਰਤੀ ਇਨ੍ਹਾਂ ਦੀਵਿਆਂ, ਟੱਲੀਆਂ, ਸੁਗੰਧੀਆਂ ਜਾਂ ਫ਼ੁਲਾਂ ਆਦਿ ਨਾਲ ਨਹੀਂ ਕੀਤੀ ਜਾ ਸਕਦੀ। ਹਜ਼ੂਰ ਨੇ ਫ਼ਰਮਾਇਆ,

**ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਮ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥**
**(ਧਨਾਸਰੀ ਮ:੧, ਅੰਗ ੧੩**

ਆਰਤੀ ਤਾਂ ਨਹੀਂ ਪਰ ਆਮ ਤੌਰ 'ਤੇ ਹਰ ਗੁਰਦੁਆਰੇ ਵਿਚ ਧੂਪ, ਫ਼ਲ, ਚੌਰ ਆਦਿ ਪ੍ਰਤੱਖ ਜ਼ਾਹਿਰਾ ਜ਼ਹੂਰ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਵਰਤੇ ਜਾਂਦੇ ਹਨ ਅਤੇ ਮਰਯਾਦਾ ਵਿਚ ਇਸ ਦੀ ਆਗਿਆ ਵੀ ਹੈ। ਹਾਂ ਕਿਸੇ ਕਿਸੇ ਮੂਰਤੀ, ਤਸਵੀਰ ਜਾਂ ਜੜ੍ਹ ਵਸਤੂ ਅੱਗੇ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਗੁਰਮਤਿ ਨੇ ਨਹੀਂ ਦਿੱਤੀ। ਤਖ਼ਤ ਸਚਿਖੰਡ ਸ੍ਰੀ ਹਜ਼ੂਰ ਸਾਹਿਬ ਜਾਂ ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਪ੍ਰਚਲਤ ਆਰਤੀ ਦੀ ਸਥਾਨਕ ਮਰਯਾਦਾ 'ਤੇ ਟਿੱਪਣੀ ਕਰਦਿਆਂ ਕਈ ਵਾਰ "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥" ਸ਼ਬਦ ਦਾ ਹਵਾਲਾ ਦਿੱਤਾ ਜਾਂਦਾ ਹੈ। ਇਹ ਸਹੀ ਨਹੀਂ ਹੈ। ਜੇਕਰ ਕੇਵਲ ਇਸ ਸ਼ਬਦ ਨੂੰ ਹੀ ਆਧਾਰ ਬਣਾਇਆ ਜਾਏ ਤਾਂ ਇਸ ਵਿਚ ਚੌਰ, ਫੁੱਲ, ਧੂਪ ਆਦਿ ਦਾ ਵੀ ਜ਼ਿਕਰ ਹੈ। ਨਿਰਾਕਾਰ ਨਿਰੰਕਾਰ ਦੀ ਆਰਤੀ ਤਾਂ ਗਗਨ ਮੈ ਥਾਲੁ ਰਵਿ ਚੰਦ ਦੀਪਕ ਰਾਹੀਂ ਹੀ ਹੋ ਸਕਦੀ ਹੈ ਅਤੇ ਇਸ ਨਿਰਗੁਣ ਸਰੂਪ ਅਕਾਲ ਪੁਰਖ ਨੂੰ ਪਵਣ ਚੌਰ ਕਰਦੀ ਹੈ ਅਤੇ ਹਵਾ ਸੁਗੰਧੀ ਬਿਖੇਰਦੀ ਹੈ। ਨਿਰਾਕਾਰ ਦੀ ਆਰਤੀ ਸਾਕਾਰ ਵਸਤੂਆਂ ਨਾਲ ਨਹੀਂ ਕੀਤੀ ਜਾ ਸਕਦੀ ਹੈ। ਪਰ ਗੁਰੂ ਸਾਹਿਬਾਨ ਜਦੋਂ ਪ੍ਰਤੱਖ ਤੌਰ 'ਤੇ ਮੌਜੂਦ ਸਨ ਤਾਂ ਉਸ ਵੇਲੇ ਵੀ ਉਨ੍ਹਾਂ ਨੂੰ ਚੌਰ, ਫੁੱਲ ਆਦਿ ਭੇਟ ਕੀਤੇ ਜਾਂਦੇ ਸਨ। ਹੁਣ ਵੀ ਤਾਂ ਦਸਾਂ ਪਾਤਸ਼ਾਹੀਆਂ ਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਅਤੇ ਜ਼ਾਹਿਰਾ ਜ਼ਹੂਰ ਹੋ ਕੇ ਬਿਰਾਜਮਾਨ ਹਨ। ਇਸ ਲਈ ਰਹਿਤ ਮਰਯਾਦਾ ਅਨੁਸਾਰ ਚੌਰ, ਫ਼ੁੱਲ, ਧੂਪ ਆਦਿ ਪ੍ਰਵਾਨ ਹਨ।




ਤਖ਼ਤ ਸਚਿਖੰਡ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਸਚਿਖੰਡ ਸ੍ਰੀ ਹਜ਼ੂਰ ਸਾਹਿਬ ਵਿਚ ਸ਼ਾਮਲ ਨੂੰ ਥਾਲ ਵਿਚ ਦੀਵਿਆਂ ਨਾਲ ਆਰਤੀ ਦੀ ਸਥਾਪਨਾ ਪ੍ਰੰਪਰਾ ਹੈ। ਇਹ ਜ਼ਰੂਰੀ ਹੈ ਕਿ ਗੁਰਦੁਆਰਾ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਤਖਤ ਸਾਹਿਬਾਨ ਦੀ ਮਰਯਾਦਾ ਇਕ ਹੋਵੇ ਪਰ ਇਸ ਲਈ ਢੰਗ ਤਰੀਕਾ "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਈ॥" (ਬਸੰਤ ਮ: ੫, ਅੰਗ 1185) ਸੇਧ ਦੇ ਸਕਦਾ ਹੈ। ਸੋ ਮਰਯਾਦਾ ਮੁਬਤਾਬਕ ਆਰਤੀ ਨਹੀਂ ਬਲਕਿ ਗੋਪਾਲ ਤੇਰਾ ਆਰਤਾ (ਅੰਗ 695) ਦਾ ਕੀਰਤਨ ਕਰਨਾ ਹੈ।

ਔਰਨ ਕੀ ਆਰਤੀ, ਸੁ ਆਰਤਾ ਅਕਾਲ ਜੂਕੋ
ਲੋਕਨ ਕੀ ਬੋਲੀ, ਦੀਨਬੰਧੁ ਕੋ ਸੁ ਬੋਲਾ ਹੈ॥
(ਕਵੀ ਨਿਹਾਲ ਸਿੰਘ)

**ਜੋਤਾਂ ਜਗਾਉਣੀਆਂ**

ਇਥੇ ਇਸ ਮੱਦ ਵਿਚ ਜੋਤਾਂ ਜਗਾਉਣ ਨੂੰ ਗੁਰਮਤਿ ਅਨੁਸਾਰ ਨਹੀਂ ਦੱਸਿਆ ਗਿਆ। ਪਰ ਇਥੇ ਇਕ ਵਿਚਾਰ ਲਾਜ਼ਮੀ ਹੈ। ਇਥੇ ਲਫ਼ਜ਼ ਹੈ 'ਜੋਤਾਂ'। ਜੋਤ ਅਤੇ ਜੋਤਾਂ ਵਿਚ ਫ਼ਰਕ ਹੈ। ਆਰਤੀ ਆਦਿ ਲਈ ਥਾਲ ਵਿਚ ਦੀਵੇ ਰੱਖਣੇ ਜਾਂ ਨਦੀ ਆਦਿ ਵਿਚ ਵੱਡੀ ਗਿਣਤੀ ਵਿਚ ਦੀਵੇ ਆਦਿ ਜਗਾਣੇ 'ਜੋਤਾਂ' ਹਨ। ਪਰ ਇਕ ਜੋਤਿ ਜਗਾਣੀ ਨੂੰ ਜੋਤਾਂ ਜਗਾਣੀਆਂ ਨਹੀਂ ਕਿਹਾ ਜਾ ਸਕਦਾ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਸੀਸ ਗੰਜ ਸਾਹਿਬ ਆਦਿ ਹਰ ਥਾਂ ਜੋਤ ਜਗਦੀ ਆ ਰਹੀ ਹੈ। ਜਗਦੀ ਜੋਤ ਨਿਰੰਤਰਤਾ ਅਤੇ ਜੀਵਨ ਦਾ ਚਿੰਨ੍ਹ ਹੁੰਦਾ ਹੈ।

ਹੋਰ ਤਾਂ ਹੋਰ ਜਿਥੇ ਧਾਰਮਿਕ ਮੁੱਦਾ ਨਹੀਂ ਹੈ ਉਥੇ ਵੀ ਜੋਤਿ ਜਗਦੀ ਹੈ। ਅਮਰੀਕਾ ਵਿਚ ਸਟੈਚੂ ਆਫ ਲਿਬਰਟੀ, ਓਲੰਪਿਕ ਫਲੇਮ, ਪੈਰਿਸ, ਦਿੱਲੀ ਵਿਚ ਇੰਡੀਆ ਗੇਟ ਆਦਿ ਹਰ ਥਾਵੇਂ ਇਹ ਜੋਤਿ ਜਾਂ ਫ਼ਲੇਮ ਜਗਦੀ ਨਜ਼ਰ ਆਂਦੀ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਠਿੱਲ ਕੇ ਜੋਤ ਜਗਾਣ ਵਾਲੇ ਭਾਈ ਮਨਸਾ ਸਿੰਘ ਜੀ ਨੇ ਸਰੋਵਰ ਵਿਚ ਹੀ ਸ਼ਹਾਦਤ ਦਿੱਤੀ। ਉਨ੍ਹਾਂ ਦੀ ਤਸਵੀਰ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਜਾਇਬ ਘਰ ਵਿਚ ਲੱਗੀ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਜਗਦੀ ਹੋਈ ਜੋਤ ਨੂੰ ਹੁਣ ਓਹਲੇ ਜਹੇ ਕਰ ਦਿੱਤਾ ਗਿਆ ਹੈ। ਜ਼ਰੂਰਤ ਹੈ ਇਸ ਜੋਤਿ ਨੂੰ ਮੁੜ ਪੂਰੇ ਸਤਿਕਾਰ ਨਾਲ ਹਰਿਮੰਦਰ ਸਾਹਿਬ ਵਿਚ ਪ੍ਰਮੁੱਖਤਾ ਨਾਲ ਪਹਿਲੇ ਵਾਲੀ ਥਾਂ 'ਤੇ ਹੀ ਸਥਾਪਤ ਕੀਤਾ ਜਾ ਸਕੇ। ਪੁਰਾਤਨਤਾ ਨੂੰ ਸਮਝਣ ਦੀ ਲੋੜ ਹੈ ਨਾ ਕਿ ਜ਼ਿਆਦਾ ਹੀ ਉਤਸ਼ਹੀ ਦਲੀਲ ਵਾਲੀ ਸੋਚ 'ਤੇ ਚੱਲਣ ਦੀ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਦਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ :

(ਚਲਦਾ)

# ਪਹਿਲਵਾਨਾਂ ਦਾ ਮਾਮਲਾ ਸੁਲਝਾਉਣ ਦੀ ਲੋੜ: ਨਹੀਂ ਤਾਂ ਇਹ ਵਿਵਾਦ ਉਲਝਦਾ ਜਾਵੇਗਾ!

ਮਹਿਲਾ ਪਹਿਲਵਾਨਾਂ ਦੇ ਕਥਿਤ ਸੈਕਸ ਸ਼ੋਸ਼ਣ ਦੇ ਦੋਸ਼ 'ਚ ਐੱਮ. ਪੀ. ਅਤੇ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਦੀ ਗ੍ਰਿਫਤਾਰੀ ਲਈ 18 ਜਨਵਰੀ, 2023 ਤੋਂ ਸਾਕਸ਼ੀ ਮਲਿਕ, ਵਿਨੇਸ਼ ਫੋਗਾਟ, ਬਜਰੰਗ ਪੂਨੀਆ ਵਰਗੇ ਚੋਟੀ ਦੇ ਪਹਿਲਵਾਨਾਂ ਦਾ ਅੰਦੋਲਨ ਜਾਰੀ ਹੈ। 21 ਦਸੰਬਰ, 2023 ਨੂੰ ਕਰਵਾਈਆਂ ਗਈਆਂ ਭਾਰਤੀ ਕੁਸ਼ਤੀ ਮਹਾਸੰਘ ਦੀਆਂ ਚੋਣਾਂ 'ਚ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਨਜ਼ਦੀਕੀ ਸੰਜੇ ਸਿੰਘ ਦੀ ਜਿੱਤ ਤੋਂ ਵੀ ਪਹਿਲਵਾਨ ਨਾਰਾਜ਼ ਹੀ ਚੱਲ ਰਹੇ ਹਨ।

ਇਸ ਵਿਰੁੱਧ ਰੋਸ ਵਜੋਂ ਜਿੱਥੇ ਉਸੇ ਦਿਨ ਸਾਕਸ਼ੀ ਮਲਿਕ ਨੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ, ਉੱਥੇ ਹੀ ਬਜਰੰਗ ਪੂਨੀਆ ਨੇ ਆਪਣਾ ਪਦਮਸ਼੍ਰੀ ਅਤੇ ਵਿਨੇਸ਼ ਫੋਗਾਟ ਨੇ ਆਪਣੇ 'ਖੇਲ ਰਤਨ' ਅਤੇ 'ਅਰਜੁਨ ਅਵਾਰਡ' ਵਾਪਸ ਕਰ ਦਿੱਤੇ।

ਇਸ ਦਰਮਿਆਨ ਸਾਕਸ਼ੀ ਮਲਿਕ ਨੇ ਕਿਹਾ ਹੈ ਕਿ ਨਵੇਂ ਭਾਰਤੀ ਕੁਸ਼ਤੀ ਮਹਾਸੰਘ ਨਾਲ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ, ਜੇ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਵਿਸ਼ਵਾਸਪਾਤਰ ਸੰਜੇ ਸਿੰਘ ਨੂੰ ਇਸ ਤੋਂ ਵੱਖਰਾ ਰੱਖਿਆ ਜਾਵੇ।

ਸਾਕਸ਼ੀ ਮਲਿਕ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਮਾਂ ਨੂੰ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਹਮਾਇਤੀਆਂ ਦੇ ਧਮਕੀ ਭਰੇ ਫੋਨ ਵੀ ਲਗਾਤਾਰ ਆ ਰਹੇ ਹਨ।

ਦੂਜੇ ਪਾਸੇ ਭਾਰਤੀ ਕੁਸ਼ਤੀ ਮਹਾਸੰਘ 'ਚ ਜਾਰੀ ਅੜਿੱਕੇ ਦਰਮਿਆਨ 3 ਜਨਵਰੀ ਨੂੰ ਜੂਨੀਅਰ ਪਹਿਲਵਾਨ ਇਸ ਵਿਵਾਦ ਕਾਰਨ ਆਪਣੇ ਕਰੀਅਰ ਦਾ ਇਕ ਮਹੱਤਵਪੂਰਨ ਸਾਲ ਬਰਬਾਦ ਹੋਣ ਲਈ ਚੋਟੀ ਦੇ ਪਹਿਲਵਾਨਾਂ ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਨੂੰ ਦੋਸ਼ੀ ਠਹਿਰਾਉਂਦੇ ਹੋਏ ਉਨ੍ਹਾਂ ਵਿਰੁੱਧ ਸੜਕਾਂ 'ਤੇ ਉਤਰ ਆਏ ਹਨ।

ਇਨ੍ਹਾਂ ਨੇ ਹੱਥਾਂ 'ਚ ਬੈਨਰ ਫੜੇ ਹੋਏ ਸਨ ਜਿਨ੍ਹਾਂ 'ਤੇ ਤਿੰਨਾਂ ਪਹਿਲਵਾਨਾਂ ਦੀਆਂ ਫੋਟੋਆਂ 'ਤੇ ਲਿਖਿਆ ਸੀ, "ਕਰ ਦਿੱਤਾ ਕੁਸ਼ਤੀ ਨੂੰ ਬਰਬਾਦ, ਸਾਕਸ਼ੀ, ਬਜਰੰਗ ਅਤੇ ਫੋਗਾਟ।"

ਅਸੀਂ ਆਪਣੇ 27 ਦਸੰਬਰ, 2023 ਦੇ ਸੰਪਾਦਕੀ 'ਅੰਦੋਲਨਕਾਰੀ ਪਹਿਲਵਾਨਾਂ ਦੇ ਹੱਕ 'ਚ ਸ਼ਾਂਤਾ ਕੁਮਾਰ ਜੀ ਦਾ ਸਪੱਸ਼ਟ ਰੁਖ' 'ਚ ਲਿਖਿਆ ਸੀ, "ਓਲੰਪਿਕ ਖੇਡਾਂ 'ਚ ਹਾਕੀ ਪਿੱਛੋਂ ਜੇ ਸਾਡੇ ਖਿਡਾਰੀਆਂ ਨੇ ਕਿਸੇ ਹੋਰ ਖੇਡ 'ਚ ਸਭ ਤੋਂ ਵੱਧ ਤਮਗੇ ਜਿੱਤੇ ਹਨ ਤਾਂ ਉਹ ਕੁਸ਼ਤੀ ਹੀ ਹੈ।"

ਇਸ ਲਈ ਇਸ ਸਫਲਤਾ ਨੂੰ ਜਾਰੀ ਰੱਖਣ ਲਈ ਛੇਤੀ ਤੋਂ ਛੇਤੀ ਇਹ ਵਿਵਾਦ ਸੁਲਝਾਉਣ ਦੀ ਲੋੜ ਹੈ, ਨਹੀਂ ਤਾਂ ਇਹ ਮਾਮਲਾ ਹੋਰ ਉਲਝਦਾ ਹੀ ਚਲਿਆ ਜਾਵੇਗਾ, ਜਿਵੇਂ ਕਿ ਹੁਣ ਹੋਇਆ ਹੈ।



# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਪ੍ਰਧਾਨ ਮੰਤਰੀ ਮੋਦੀ ਤੇ ਯੂਏਈ ਦੇ ਰਾਸ਼ਟਰਪਤੀ ਨਾਹਿਆਨ ਵੱਲੋਂ ਅਹਿਮਦਾਬਾਦ 'ਚ ਰੋਡ ਸ਼ੋਅ

**• ਵੱਡੀ ਗਿਣਤੀ ਲੋਕਾਂ ਨੇ ਕੀਤਾ ਦੋਵਾਂ ਆਗੂਆਂ ਦਾ ਸਵਾਗਤ • ਪ੍ਰਧਾਨ ਮੰਤਰੀ ਵੱਲੋਂ ਆਲਮੀ ਵਪਾਰ ਪ੍ਰਦਰਸ਼ਨੀ ਦਾ ਉਦਘਾਟਨ**





ਗਾਂਧੀਨਗਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਿਆਨ ਨੇ ਅੱਜ ਸ਼ਾਮ ਅਹਿਮਦਾਬਾਦ 'ਚ ਰੋਡ ਸ਼ੋਅ ਕੀਤਾ। ਇਸ ਤੋਂ ਪਹਿਲਾਂ ਦਿਨੇ ਪ੍ਰਧਾਨ ਮੰਤਰੀ ਨੇ 'ਵਾਈਬਰੈਂਟ ਗੁਜਰਾਤ ਆਲਮੀ ਵਪਾਰ ਪ੍ਰਦਰਸ਼ਨੀ-2024' ਦਾ ਉਦਘਾਟਨ ਕੀਤਾ। ਪ੍ਰਧਾਨ ਮੰਤਰੀ ਨੇ ਤਿਮੋਰ-ਲੈਸਤੇ (ਪੂਰਬੀ ਤਿਮੋਰ) ਤੇ ਮੋਜ਼ਮਬੀਕ ਦੇ ਰਾਸ਼ਟਰਪਤੀਆਂ ਤੋਂ ਇਲਾਵਾ ਵੱਖ ਵੱਖ ਕੰਪਨੀਆਂ ਦੇ ਸੀਈਓਜ਼ ਨਾਲ ਮੀਟਿੰਗਾਂ ਵੀ ਕੀਤੀਆਂ।

ਰੋਡ ਸ਼ੋਅ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਇੱਥੋਂ ਦੇ ਸਰਦਾਰ ਵੱਲਭ ਭਾਈ ਪਟੇਲ ਕੌਮਾਂਤਰੀ ਹਵਾਈ ਅੱਡੇ 'ਤੇ ਯੂਏਈ ਦੇ ਰਾਸ਼ਟਰਪਤੀ ਦਾ ਸਵਾਗਤ ਕੀਤਾ। ਇਸ ਤੋਂ ਬਾਅਦ ਦੋਵੇਂ ਆਗੂ (ਮੋਦੀ ਤੇ ਨਾਹਿਆਨ) ਇੱਕ ਕਾਰ 'ਚ ਬੈਠੇ ਅਤੇ ਉਨ੍ਹਾਂ ਸੜਕ ਦੇ ਦੋਵੇਂ ਪਾਸੇ ਸਵਾਗਤ ਲਈ ਖੜ੍ਹੇ ਵੱਡੀ ਗਿਣਤੀ ਲੋਕਾਂ ਵੱਲ ਦੇਖ ਕੇ ਹੱਥ ਹਿਲਾਏ। ਹਵਾਈ ਅੱਡੇ ਤੋਂ ਲੈ ਕੇ ਇੰਦਰਾ ਬ੍ਰਿੱਜ ਤੱਕ ਤਿੰਨ ਕਿਲੋਮੀਟਰ ਲੰਮਾ ਰੋਡ ਸ਼ੋਅ 15 ਮਿੰਟ ਬਾਅਦ ਸਮਾਪਤ ਹੋ ਗਿਆ। ਇਸ ਦੌਰਾਨ ਯੂਏਈ ਦੇ ਰਾਸ਼ਟਰਪਤੀ ਦੇ ਸਵਾਗਤ ਸਬੰਧੀ ਸੜਕਾਂ 'ਤੇ ਬੈਨਰ ਵੀ ਲਾਏ ਗਏ। ਅਧਿਕਾਰੀਆਂ ਨੇ ਦੱਸਿਆ ਕਿ ਬ੍ਰਿੱਜ ਸਰਕਲ ਤੋਂ ਦੋਵੇਂ ਆਗੂ ਗਾਂਧੀਨਗਰ ਵਿਚਲੀਆਂ ਆਪੋ-ਆਪਣੀ ਮੰਜ਼ਿਲਾਂ ਵੱਲ ਰਵਾਨਾ ਹੋ ਗਏ। ਇਸ ਤੋਂ ਪਹਿਲਾਂ ਦਿਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਵਾਈਬਰੈਂਟ ਗੁਜਰਾਤ ਆਲਮੀ ਵਪਾਰ ਪ੍ਰਦਰਸ਼ਨੀ-2024' ਦਾ ਉਦਘਾਟਨ ਕੀਤਾ। ਇਹ ਆਲਮੀ ਪ੍ਰਦਰਸ਼ਨੀ ਗੁਜਰਾਤ ਦੀ ਰਾਜਧਾਨੀ ਗਾਂਧੀਨਗਰ 'ਚ ਹੈਲੀਪੈਡ ਗਰਾਊਂਡ ਪ੍ਰਦਰਸ਼ਨੀ ਕੇਂਦਰ ਦੇ ਕਈ ਹਾਲ ਕਮਰਿਆਂ 'ਚ ਲਗਾਈ ਗਈ ਹੈ। ਪ੍ਰਦਰਸ਼ਨੀ 'ਚ ਕੁੱਲ 20 ਦੇਸ਼ ਸ਼ਿਰਕਤ ਕਰ ਰਹੇ ਹਨ। ਇਸ ਪ੍ਰਦਰਸ਼ਨੀ 'ਚ ਖੋਜ ਖੇਤਰ ਨਾਲ ਸਬੰਧਤ ਤਕਰੀਬਨ ਇੱਕ ਹਜ਼ਾਰ ਸਟਾਲ ਲਾਏ ਗਏ ਹਨ। ਪ੍ਰਧਾਨ ਮੰਤਰੀ ਨੇ ਪ੍ਰਦਰਸ਼ਨੀ ਦੇ ਉਦਘਾਟਨ ਤੋਂ ਪਹਿਲਾਂ ਤਿਮੋਰ-ਲੈਸਤੇ (ਪੂਰਬੀ ਤਿਮੋਰ) ਦੇ ਰਾਸ਼ਟਰਪਤੀ ਜੋਸ ਰਾਮੋਸ ਹੋਰਤਾ ਅਤੇ ਮੋਜ਼ਮਬੀਕ ਦੇ ਰਾਸ਼ਟਰਪਤੀ ਫਿਲਿਪ ਨਿਊਸੀ ਨਾਲ ਮੁਲਾਕਾਤ ਕੀਤੀ ਅਤੇ ਵੱਖ ਵੱਖ ਖੇਤਰਾਂ 'ਚ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਢੰਗ-ਤਰੀਕਿਆਂ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕੀਤੀਆਂ ਗਈਆਂ ਲੜੀਵਾਰ ਪੋਸਟਾਂ ਅਨੁਸਾਰ ਮੋਦੀ ਨੇ ਦੁਨੀਆ ਭਰ ਤੇ ਸਿਖਰਲੇ ਉਦਯੋਗਪਤੀਆਂ ਅਤੇ ਮੁੱਖ ਕਾਰਜਕਾਰੀ ਅਧਿਕਾਰੀਆਂ (ਸੀਈਓਜ਼) ਨਾਲ ਵੀ ਮੁਲਾਕਾਤ ਕੀਤੀ ਤੇ ਭਾਰਤ 'ਚ ਨਿਵੇਸ਼ ਵਧਾਉਣ ਦੀਆਂ ਯੋਜਨਾਵਾਂ ਬਾਰੇ ਚਰਚਾ ਕੀਤੀ।

# ਸਾਨੂੰ ਆਪਣੇ ਗੁਰੂਆਂ ਦੀ ਸਲਾਹ ਅਨੁਸਾਰ ਕਰਨੀ ਚਾਹੀਦੀ ਹੈ ਖੇਤੀ : ਨਰਿੰਦਰ ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਯਾਨੀ ਸੋਮਵਾਰ ਨੂੰ ਵੀਡੀਓ ਕਾਨਫਰੈਂਸਿੰਗ ਦੇ ਮਾਧਿਅਮ ਨਾਲ ਵਿਕਸਿਤ ਭਾਰਤ ਸੰਕਲਪ ਯਾਤਰਾ ਦੇ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ। ਇਸ ਪ੍ਰੋਗਰਾਮ 'ਚ ਕੇਂਦਰੀ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਸਥਾਨਕ ਪੱਧਰ ਦੇ ਪ੍ਰਤੀਨਿਧੀਆਂ ਸਮੇਤ ਦੇਸ਼ ਭਰ ਤੋਂ ਹਜ਼ਾਰਾਂ ਵਿਕਸਿਤ ਭਾਰਤ ਸੰਕਲਪ ਯਾਤਰਾ ਲਾਭਪਾਤਰੀ ਸ਼ਾਮਲ ਹੋਏ। ਪੰਜਾਬ ਦੇ ਗੁਰਦਾਸਪੁਰ ਦੇ ਗੁਰਵਿੰਦਰ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਵਿਕਸਿਤ ਭਾਰਤ ਯਾਤਰਾ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਖੇਤੀਬਾੜੀ ਖੇਤਰ 'ਚ ਸਰਵਉੱਚ ਮੁਨਾਫ਼ਾ ਕਮਾਉਣ ਲਈ ਕਿਸਾਨ ਛੋਟੇ ਸਮੂਹਾਂ ਨੂੰ ਸੰਗਠਿਤ ਹੋ ਗਏ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਉਨ੍ਹਾਂ ਦਾ ਕਿਸਾਨਾਂ ਦਾ ਸਮੂਹ ਹਰ ਤਰ੍ਹਾਂ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ ਖੇਤੀ 'ਤੇ ਕੰਮ ਕਰ ਰਿਹਾ ਹੈ ਅਤੇ ਇਸ ਲਈ ਉਨ੍ਹਾਂ ਨੂੰ ਮਸ਼ੀਨਰੀ 'ਤੇ ਸਬਸਿਡੀ ਵੀ ਮਿਲੀ ਹੈ। ਇਸ ਨਾਲ ਛੋਟੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਅਤੇ ਮਿੱਟੀ ਦੇ ਸੁਧਾਰ 'ਚ ਵੀ ਮਦਦ ਮਿਲੀ। ਸ਼੍ਰੀ ਬਾਜਵਾ ਨੇ ਸਰਕਾਰ ਦੇ ਸਹਿਯੋਗ ਨਾਲ ਗੁਰਦਾਸਪੁਰ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਗਿਰਾਵਟ ਆਉਣ ਦੀ ਜਾਣਕਾਰੀ ਦਿੱਤੀ। ਖੇਤਰ 'ਚ ਐੱਫ.ਪੀ.ਓ. ਸੰਬੰਧੀ ਗਤੀਵਿਧੀਆਂ ਵੀ ਚੱਲ ਰਹੀਆਂ ਹਨ। ਕਸਟਮ ਹਾਇਰਿੰਗ ਯੋਜਨਾ ਨਾਲ 50 ਕਿਲੋਮੀਟਰ ਦੇ ਦਾਇਰੇ 'ਚ ਛੋਟੇ ਕਿਸਾਨਾਂ ਨੂੰ ਮਦਦ ਮਿਲ ਰਹੀ ਹੈ। ਸ਼੍ਰੀ ਬਾਜਵਾ ਨੇ ਕਿਹਾ, "ਹੁਣ ਕਿਸਾਨ ਨੂੰ ਲੱਗ ਰਿਹਾ ਹੈ ਕਿ ਉਸ ਨੂੰ ਉੱਚਿਤ ਸਮਰਥਨ ਮਿਲੇਗਾ।" ਜਦੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ 'ਮੋਦੀ ਹੈ ਤਾਂ ਮੁਮਕਿਨ ਹੈ' ਤੋਂ ਬਹੁਤ ਉਮੀਦਾਂ ਹਨ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਇਸ ਲਈ ਸੰਭਵ ਹੈ, ਕਿਉਂਕਿ ਕਿਸਾਨ ਉਨ੍ਹਾਂ ਦੀ ਅਪੀਲ ਨੂੰ ਸੁਣਦੇ ਹਨ। ਪ੍ਰਧਾਨ ਮੰਤਰੀ ਨੇ ਟਿਕਾਊ ਖੇਤੀ ਲਈ ਆਪਣੀ ਅਪੀਲ ਦੋਹਰਾਈ। ਪ੍ਰਧਾਨ ਮੰਤਰੀ ਨੇ ਕਿਹਾ, "ਸਾਨੂੰ ਆਪਣੇ ਗੁਰੂਆਂ ਦੀ ਸਲਾਹ ਅਨੁਸਾਰ ਖੇਤੀ ਕਰਨੀ ਚਾਹੀਦੀ ਹੈ ਅਤੇ ਧਰਤੀ ਮਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਖੇਤੀ ਦੇ ਖੇਤਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਇਲਾਵਾ ਕੁਝ ਵੀ ਨਹੀਂ ਹੈ।" ਵਿਕਸਿਤ ਭਾਰਤ ਸੰਕਲਪ ਯਾਤਰਾ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ, "ਹਰ ਅੰਤਿਮ ਲਾਭਪਾਤਰੀ ਕੋਲ ਪਹੁੰਚਣ ਤੱਕ 'ਮੋਦੀ ਦੀ ਗਾਰੰਟੀ ਦੀ ਗੱਡੀ' ਨਹੀਂ ਰੁਕੇਗੀ।"

# ਰਾਸ਼ਟਰਪਤੀ ਨੇ ਕੌਮੀ ਖੇਡ ਪੁਰਸਕਾਰਾਂ ਦੀ ਕੀਤੀ ਵੰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਮਿਲੀ ਮਾਕਾ ਟਰਾਫੀ



ਨਵੀਂ ਦਿੱਲੀ : ਭਾਰਤ ਦੇ ਸਰਵੋਤਮ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਅੱਜ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਸ਼ਾਨਦਾਰ ਸਮਾਰੋਹ ਵਿੱਚ ਕੌਮੀ ਖੇਡ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਜਿੱਥੇ ਅਰਜੁਨ ਪੁਰਸਕਾਰ ਲੈਣ ਵਾਲੇ ਕ੍ਰਿਕਟਰ ਮੁਹੰਮਦ ਸ਼ਮੀ ਰਾਸ਼ਟਰਪਤੀ ਭਵਨ ਵਿੱਚ ਤਾੜੀਆਂ ਦੀ ਗੂੰਜ 'ਚ ਪਹੁੰਚੇ, ਉਥੇ ਬੈਡਮਿੰਟਨ ਖਿਡਾਰੀ ਚਿਰਾਗ ਸ਼ੈਟੀ ਅਤੇ ਸਾਤਵਿਕਸਾਈਰਾਜ ਰੈਂਕੀਰੈੱਡੀ ਨੂੰ 2023 ਵਿੱਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵੱਕਾਰੀ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਦਿੱਤਾ ਗਿਆ। ਹਾਕੀ ਦੇ ਮਹਾਨ ਮੇਜਰ ਧਿਆਨ ਚੰਦ ਦੀ ਜਯੰਤੀ 'ਤੇ ਆਮ ਤੌਰ 'ਤੇ 29 ਅਗਸਤ ਨੂੰ ਹੋਣ ਵਾਲੇ ਖੇਡ ਪੁਰਸਕਾਰ ਸਮਾਰੋਹ ਨੂੰ ਪਿਛਲੇ ਸਾਲ 23 ਸਤੰਬਰ ਤੋਂ 8 ਅਕਤੂਬਰ ਤੱਕ ਹੋਈਆਂ ਹਾਂਗਜ਼ੂ ਏਸ਼ੀਆਈ ਖੇਡਾਂ ਕਾਰਨ ਮੁਲਤਵੀ ਕਰ ਦਿੱਤਾ ਗਿਆ ਸੀ। ਰਾਸ਼ਟਰਪਤੀ ਭਵਨ ਵਿੱਚ ਸਮਾਰੋਹ ਵਿੱਚ 26 ਖਿਡਾਰੀਆਂ ਅਤੇ ਪੈਰਾ-ਐਥਲੀਟਾਂ ਨੂੰ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਅਰਜੁਨ ਅਵਾਰਡ: ਓਜਸ ਪ੍ਰਵੀਨ ਦਿਓਤਲੇ (ਤੀਰਅੰਦਾਜ਼ੀ), ਅਦਿਤੀ ਗੋਪੀਚੰਦ ਸਵਾਮੀ (ਤੀਰਅੰਦਾਜ਼ੀ), ਮੁਰਲੀ ਸ੍ਰੀਸ਼ੰਕਰ (ਅਥਲੈਟਿਕਸ), ਪਾਰੁਲ ਚੌਧਰੀ (ਅਥਲੈਟਿਕਸ), ਮੁਹੰਮਦ ਹੁਸਾਮੁਦੀਨ (ਬਾਕਸਿੰਗ), ਆਰ ਵੈਸ਼ਾਲੀ (ਸ਼ਤਰੰਜ), ਮੁਹੰਮਦ ਸ਼ਮੀ (ਕ੍ਰਿਕਟ), ਅਨੁਸ਼ ਅਗਰਵਾਲ (ਘੋੜਸਵਾਰੀ), ਦਿਵਯਕ੍ਰਿਤੀ ਸਿੰਘ (ਘੋੜ-ਸਵਾਰੀ), ਦੀਕਸ਼ਾ ਡਾਗਰ (ਗੋਲਫ), ਕ੍ਰਿਸ਼ਨਾ ਬਹਾਦਰ ਪਾਠਕ (ਹਾਕੀ), ਸੁਸ਼ੀਲਾ ਚਾਨੂ (ਹਾਕੀ), ਪਵਨ ਕੁਮਾਰ (ਕਬੱਡੀ), ਰਿਤੂ ਨੇਗੀ (ਕਬੱਡੀ), ਨਸਰੀਨ (ਖੋ-ਖੋ), ਪਿੰਕੀ। (ਲਾਅਨ ਬਾਲ), ਐਸ਼ਵਰਿਆ ਪ੍ਰਤਾਪ ਸਿੰਘ ਤੋਮਰ (ਸ਼ੂਟਿੰਗ), ਈਸ਼ਾ ਸਿੰਘ (ਸ਼ੂਟਿੰਗ), ਹਰਿੰਦਰਪਾਲ ਸਿੰਘ ਸੰਧੂ (ਸਕੁਐਸ਼), ਅਯਹਿਕਾ ਮੁਖਰਜੀ (ਟੇਬਲ ਟੈਨਿਸ), ਸੁਨੀਲ ਕੁਮਾਰ (ਕੁਸ਼ਤੀ), ਆਖਰੀ ਪੰਘਾਲ (ਕੁਸ਼ਤੀ), ਨੌਰੇਮ ਰੋਸ਼ੀਬੀਨਾ ਦੇਵੀ (ਵੁਸ਼ੂ), ਸ਼ੀਤਲ ਦੇਵੀ (ਪੈਰਾ ਤੀਰਅੰਦਾਜ਼ੀ), ਇਲੂਰੀ ਅਜੇ ਕੁਮਾਰ ਰੈੱਡੀ (ਨੇਤਰਹੀਣ ਕ੍ਰਿਕਟ), ਪ੍ਰਾਚੀ ਯਾਦਵ (ਪੈਰਾ ਕੈਨੋਇੰਗ)। ਕੋਚਾਂ ਲਈ ਦਰੋਣਾਚਾਰੀਆ ਪੁਰਸਕਾਰ: ਲਲਿਤ ਕੁਮਾਰ (ਕੁਸ਼ਤੀ), ਆਰਬੀ ਰਮੇਸ਼ (ਸ਼ਤਰੰਜ), ਮਹਾਵੀਰ ਪ੍ਰਸਾਦ ਸੈਣੀ (ਪੈਰਾ ਅਥਲੈਟਿਕਸ), ਸ਼ਿਵੇਂਦਰ ਸਿੰਘ (ਹਾਕੀ), ਗਣੇਸ਼ ਪ੍ਰਭਾਕਰ ਦੇਵਰੁਖਕਰ (ਮੱਲਖੰਬ)। ਦਰੋਣਾਚਾਰੀਆ ਅਵਾਰਡ (ਜੀਵਨ ਭਰ ਪ੍ਰਾਪਤੀਆਂ): ਜਸਕੀਰਤ ਸਿੰਘ ਗਰੇਵਾਲ (ਗੋਲਫ), ਭਾਸਕਰਨ ਈ (ਕਬੱਡੀ), ਜਯੰਤ ਕੁਮਾਰ ਪੁਸ਼ੀਲਾਲ (ਟੇਬਲ ਟੈਨਿਸ)। ਜੀਵਨ ਭਰ ਪ੍ਰਾਪਤੀਆਂ ਲਈ ਧਿਆਨ ਚੰਦ ਪੁਰਸਕਾਰ: ਮੰਜੂਸ਼ਾ ਕੰਵਰ (ਬੈਡਮਿੰਟਨ), ਵਿਨੀਤ ਕੁਮਾਰ ਸ਼ਰਮਾ (ਹਾਕੀ), ਕਵਿਤਾ ਸੇਲਵਰਾਜ (ਕਬੱਡੀ)। ਮੌਲਾਨਾ ਅਬੁਲ ਕਲਾਮ ਆਜ਼ਾਦ (ਮਾਕਾ) ਟਰਾਫੀ 2023: ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਪੰਜਾਬ (ਪਹਿਲੀ ਰਨਰ ਅੱਪ) ਤੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ (ਦੂਜੀਰਨਰ ਅੱਪ)।

# ਮਾਲਦੀਵ ਦੇ ਸੈਰ-ਸਪਾਟਾ ਉਦਯੋਗ ਸੰਗਠਨ ਨੇ ਭਾਰਤ ਵਿਰੁੱਧ ਟਿੱਪਣੀਆਂ ਦੀ ਕੀਤੀ ਨਿੰਦਾ

## ਵਿਵਾਦ ਨਾਲ ਭਾਰਤ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਉਤੇ ਮਾੜਾ ਅਸਰ ਪੈਣ ਦਾ ਖ਼ਦਸ਼ਾ



ਮਾਲੇ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲਕਸ਼ਦੀਪ ਯਾਤਰਾ ਮਗਰੋਂ ਮਾਲਦੀਵ ਦੇ ਕੁਝ ਮੰਤਰੀਆਂ ਦੀਆਂ ਇਤਰਾਜ਼ਯੋਗ ਟਿੱਪਣੀਆਂ ਕਾਰਨ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿਚ ਆਈ ਕੁੜੱਤਣ ਦਰਮਿਆਨ ਮਾਲਦੀਵ ਦੀ ਚੋਟੀ ਦੀ ਸੈਰ-ਸਪਾਟਾ ਇਕਾਈ ਨੇ ਇਨ੍ਹਾਂ ਬਿਆਨਾਂ ਦੀ ਕਰੜੀ ਨਿੰਦਾ ਕੀਤੀ ਹੈ। 'ਮਾਲਦੀਵ ਐਸੋਸੀਏਸ਼ਨ ਆਫ ਟੂਰਿਜ਼ਮ ਇੰਡਸਟਰੀ' ਨੇ ਇਕ ਬਿਆਨ ਵਿਚ ਕਿਹਾ ਕਿ ਉਹ ਭਾਰਤ ਤੇ ਪ੍ਰਧਾਨ ਮੰਤਰੀ ਮੋਦੀ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਦੀ ਨਿੰਦਾ ਕਰਦੇ ਹਨ। ਦੱਸਣਯੋਗ ਹੈ ਕਿ ਟਿੱਪਣੀਆਂ 'ਤੇ ਭਾਰਤ ਵੱਲੋਂ ਸਖ਼ਤ ਕੂਟਨੀਤਕ ਰੁਖ਼ ਅਖਤਿਆਰ ਕਰਨ ਤੋਂ ਬਾਅਦ ਮਾਲਦੀਵ ਸਰਕਾਰ ਨੇ ਉਨ੍ਹਾਂ ਮੰਤਰੀਆਂ ਉਤੇ ਕਾਰਵਾਈ ਕੀਤੀ ਹੈ। ਪਰ ਇਸ ਵਿਵਾਦ ਨਾਲ ਭਾਰਤ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਉਤੇ ਮਾੜਾ ਅਸਰ ਪੈਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਗਿਆ ਹੈ। ਇਸ ਤੋਂ ਚਿੰਤਤ ਐਸੋਸੀਏਸ਼ਨ ਨੇ ਕਿਹਾ, 'ਮਾਲਦੀਵ ਦੇ ਸੈਰ-ਸਪਾਟਾ ਉਦਯੋਗ ਵਿਚ ਭਾਰਤ ਦਾ ਲਗਾਤਾਰ ਤੇ ਮਹੱਤਵਪੂਰਨ ਯੋਗਦਾਨ ਰਿਹਾ ਹੈ। ਉਨ੍ਹਾਂ ਕੋਵਿਡ-19 ਮਗਰੋਂ ਸਰਹੱਦਾਂ ਖੁੱਲ੍ਹਣ ਤੋਂ ਬਾਅਦ ਸਾਡੇ ਮੁੜ ਉਭਾਰ ਵਿਚ ਕਾਫੀ ਮਦਦ ਕੀਤੀ ਹੈ। ਭਾਰਤ ਮਾਲਦੀਵ ਲਈ ਸਿਖਰਲੇ ਬਾਜ਼ਾਰਾਂ ਵਿਚੋਂ ਇਕ ਬਣਿਆ ਹੋਇਆ ਹੈ।' ਉਨ੍ਹਾਂ ਕਿਹਾ ਕਿ ਭਾਰਤ ਨੇ ਹਮੇਸ਼ਾ ਮਾਲਦੀਵ ਦੀ ਮਦਦ ਕੀਤੀ ਹੈ ਤੇ ਇਸ ਦੇ ਲੋਕਾਂ ਨਾਲ ਮਾਲਦੀਵ ਦੇ ਨਿੱਘੇ ਸਬੰਧ ਰਹੇ ਹਨ। ਮਾਲਦੀਵ ਸੈਰ-ਸਪਾਟਾ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਸਾਲ 2023 ਵਿਚ 17 ਲੱਖ ਤੋਂ ਵੱਧ ਸੈਲਾਨੀਆਂ ਨੇ ਮਾਲਦੀਵ ਦੀ ਯਾਤਰਾ ਕੀਤੀ ਸੀ ਜਿਨ੍ਹਾਂ ਵਿਚ 2 ਲੱਖ ਤੋਂ ਵੱਧ ਭਾਰਤੀ ਸਨ। ਜ਼ਿਕਰਯੋਗ ਹੈ ਕਿ ਭਾਰਤ ਤੇ ਮਾਲਦੀਵ ਵਿੱਚ ਜਾਰੀ ਵਿਵਾਦ ਵਿਚਾਲੇ ਈਜ਼ਮਾਈਟ੍ਰਿਪ ਨੇ ਆਪਣੀ ਵੈੱਬਸਾਈਟ 'ਤੇ ਟਾਪੂਨੁਮਾ ਮੁਲਕ ਲਈ ਬੁੱਕ ਹੋਈਆਂ ਸਾਰੀਆਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਸਨ।




Gurdwara Nanak Darbar Sahib

126 South Cherry Street, Olathe, KS- 66061

ਵਿਖੇ ਇਕ ਗ੍ਰੰਥੀ ਸਿੰਘ ਦੀ ਜ਼ਰੂਰਤ ਹੈ

- ਤਬਲਾ ਵਜਾਉਣ ਵਿਚ ਮਾਹਿਰ
- ਕੀਰਤਨ ਕਰਨ ਵਿਚ ਮਾਹਿਰ
- ਸ਼ੁੱਧ ਪਾਠ ਕਰ ਸਕਦਾ ਹੋਵੇ
- ਅੰਗਰੇਜ਼ੀ (English) ਜਾਣਦਾ ਹੋਵੇ।
- ਕਿਸ ਜਗ੍ਹਾ ਤੋਂ ਵਿਦਿਆ ਪ੍ਰਾਪਤ ਕੀਤੀ
- ਕਿਸ ਜਗ੍ਹਾ ਤੋਂ ਸੰਥਿਆ ਅਤੇ ਕੀਰਤਨ ਸਿੱਖਿਆ
- ਕਿੰਨੇ ਸਾਲ ਦਾ ਤਜਰਬਾ 8. ਜੇਕਰ ਕੋਈ Video ਹੋਵੇ ਤਾਂ ਨਾਲ ਨੱਥੀ ਕਰ ਦਿੱਤੀ ਜਾਵੇ

(913) 256-9498

Submitted Copy

gnds@kcsikh.org

suchasingh60@gmail.com


## ਕੈਨੇਡਾ 'ਚ ਬਰਫ਼ੀਲੇ ਤੂਫਾਨ ਦੀ ਚਿਤਾਵਨੀ, ਲੋਕਾਂ ਲਈ ਗਾਈਡਲਾਈਨ ਜਾਰੀ

ਟੋਰਾਂਟੋ- ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਾਂਗ ਕੈਨੇਡਾ ਵਿਚ ਵੀ ਮੌਜੂਦਾ ਸਮੇਂ ਕੜਾਕੇ ਦੀ ਠੰਡ ਪੈ ਰਹੀ ਹੈ। ਇਸ ਦੌਰਾਨ ਐਨਵਾਇਰਮੈਂਟ ਕੈਨੇਡਾ ਨੇ ਸਰਦੀਆਂ ਦੇ ਤੂਫ਼ਾਨ ਦੀ ਚਿਤਾਵਨੀ ਜਾਰੀ ਕੀਤੀ, ਜਿਸ ਨਾਲ ਭਾਰੀ ਬਰਫ਼ਬਾਰੀ ਹੋ ਰਹੀ ਹੈ ਅਤੇ ਬਰਫ਼ ਜੰਮਣ ਦਾ ਖਤਰਾ ਹੈ। ਐਨਵਾਇਰਮੈਂਟ ਕੈਨੇਡਾ ਅਨੁਸਾਰ ਟੋਰਾਂਟੋ, ਯੌਰਕ, ਪੀਲ,



ਹਾਲਟਨ ਅਤੇ ਡਰਹਮ ਖੇਤਰਾਂ ਦੇ ਸ਼ਹਿਰਾਂ ਦੇ ਨਾਲ ਮੰਗਲਵਾਰ ਤੋਂ 5 ਤੋਂ 10 ਸੈਂਟੀਮੀਟਰ ਤੱਕ ਬਰਫ਼ਬਾਰੀ ਹੋਣ ਦੀ ਸੰਭਾਵਨਾ ਹੈ। ਨਿਊਮਾਰਕੇਟ ਅਤੇ ਕੈਲੇਡਨ ਵਰਗੇ ਖੇਤਰਾਂ ਵਿੱਚ ਕਿਤੇ ਵੀ 10 ਤੋਂ 15 ਸੈਂਟੀਮੀਟਰ ਉੱਚੀ ਬਰਫ਼ ਜਮਾਂ ਹੋਣ ਦੀ ਸੰਭਾਵਨਾ ਹੈ।

ਇਨ੍ਹਾਂ ਖੇਤਰਾਂ ਲਈ ਮੌਸਮ ਏਜੰਸੀ ਨੇ ਕਿਹਾ ਕਿ ਬਰਫ਼ ਜੰਮਣ ਦਾ ਖਤਰਾ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਡਰਾਈਵਿੰਗ ਦੀਆਂ ਸਥਿਤੀਆਂ ਖ਼ਤਰਨਾਕ ਹੋਣਗੀਆਂ, ਖਾਸ ਤੌਰ 'ਤੇ ਸ਼ਾਮ ਤੱਕ ਕਿਉਂਕਿ ਤਾਪਮਾਨ ਠੰਢ ਦੇ ਨਿਸ਼ਾਨ ਤੋਂ ਵੱਧ ਜਾਂਦਾ ਹੈ। ਐਨਵਾਇਰਮੈਂਟ ਕੈਨੇਡਾ ਨੇ ਕਿਹਾ ਓਂਟਾਰੀਓ ਝੀਲ ਦੇ ਨੇੜਲੇ ਖੇਤਰਾਂ ਵਿੱਚ ਸਵੇਰ ਦੇ ਸਫ਼ਰ ਤੋਂ ਬਾਅਦ ਸਭ ਤੋਂ ਭਾਰੀ ਬਰਫ਼ ਪੈਣ ਦੀ ਸੰਭਾਵਨਾ ਹੈ, ਪਰ ਦੁਪਹਿਰ ਨੂੰ ਸਥਿਤੀ ਹੋਰ ਖਰਾਬ ਹੋ ਸਕਦੀ ਹੈ। ਬਾਰਸ਼ ਦੀ ਮਾਤਰਾ 20 ਤੋਂ 40 ਮਿਲੀਮੀਟਰ ਦੇ ਵਿਚਕਾਰ ਹੋਣ ਦੀ ਉਮੀਦ ਹੈ। ਏਜੰਸੀ ਨੇ ਸੌਲਟ ਸਟੀ ਸਮੇਤ ਮੱਧ, ਪੂਰਬੀ ਅਤੇ ਉੱਤਰੀ ਓਂਟਾਰੀਓ ਦੇ ਕੁਝ ਹਿੱਸਿਆਂ ਨੂੰ ਤੂਫਾਨ ਦੀ ਨਿਗਰਾਨੀ ਹੇਠ ਰੱਖਿਆ ਹੈ। ਮੈਰੀ ਅਤੇ ਗ੍ਰੇਟਰ ਸਡਬਰੀ ਵਿਚ ਵੀ 15 ਅਤੇ 30 ਸੈਂਟੀਮੀਟਰ ਦੇ ਵਿਚਕਾਰ ਮੀਂਹ ਪੈਣ ਦੀ ਸੰਭਾਵਨਾ ਹੈ।

**ਲੋਕਾਂ ਲਈ ਗਾਈਡਲਾਈਨ ਜਾਰੀ :** TTC (Toronto Transit Commission) ਨੇ ਇੱਕ ਰਿਲੀਜ਼ ਵਿੱਚ ਆਉਣ ਵਾਲੇ ਮੌਸਮ ਦੇ ਮੱਦੇਨਜ਼ਰ ਡਰਾਈਵਰਾਂ ਨੂੰ ਆਪਣੀਆਂ ਕਾਰਾਂ ਘਰ ਛੱਡਣ ਅਤੇ ਟਰਾਂਜਿਟ ਲੈਣ ਲਈ ਕਿਹਾ ਹੈ। ਤੂਫਾਨ ਨਾਲ ਨਜਿੱਠਣ ਲਈ ਪੂਰੇ ਸ਼ਹਿਰ ਵਿੱਚ ਵਾਧੂ ਕਰਮਚਾਰੀਆਂ ਅਤੇ ਵਾਹਨਾਂ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ ਜੋ ਲੂਣ, ਬਰਫ਼ ਦੀਆਂ ਸਾਫ਼ ਸਤਹਾਂ ਨੂੰ ਫੈਲਾਉਣਗੇ। ਇਹ ਪਾਵਰ ਰੇਲ ਅਤੇ ਟਰੈਕਾਂ ਨੂੰ ਬਰਫ਼ ਅਤੇ ਬਰਫ਼ ਤੋਂ ਸਾਫ਼ ਰੱਖਣ ਲਈ ਐਂਟੀ-ਆਈਸਿੰਗ ਟ ?ਰੇਨਾਂ ਨੂੰ ਵੀ ਚਲਾਏਗਾ, ਇਸਦੇ ਟ ?ਰਾਂਜ਼ਿਟ ਨੈਟਵਰਕ ਦੁਆਰਾ ਐਂਟੀ-ਆਈਸਿੰਗ ਦਾ ਛਿੜਕਾਅ ਕਰੇਗਾ ਅਤੇ ਆਨਲਾਈਨ ਅਪਡੇਟ ਪ੍ਰਦਾਨ ਕਰੇਗਾ। ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਯਾਤਰਾ ਕਰਨ ਤੋਂ ਪਹਿਲਾਂ ਉਹ ਚੈੱਕ ਕਰ ਲੈਣ ਕਿ ਉਨ੍ਹਾਂ ਦਾ ਸਟਾਪ ਸੇਵਾ ਵਿੱਚ ਹੈ ਜਾਂ ਨਹੀਂ। ਵ ?ਹੀਲ-ਟ ?ਰਾਂਸ ਸੇਵਾ ਜਾਰੀ ਰਹੇਗੀ, ਪਰ ਸੇਵਾ ਵਿੱਚ ਦੇਰੀ ਹੋ ਸਕਦੀ ਹੈ। ਇਹ ਸਾਰੀਆਂ ਸਵਾਰੀਆਂ ਨੂੰ ਆਪਣੀ ਵੈੱਬਸਾਈਟ 'ਤੇ ਰੀਅਲ-ਟਾਈਮ ਅੱਪਡੇਟ ਲੱਭਣ ਅਤੇ ਵਾਧੂ ਯਾਤਰਾ ਸਮੇਂ ਦੀ ਯੋਜਨਾ ਬਣਾਉਣ ਦੀ ਸਲਾਹ ਦਿੰਦਾ ਹੈ।

## 82 ਫ਼ੀਸਦੀ ਕੈਨੇਡੀਅਨਾਂ ਨੇ ਸਰਵੇਖਣ 'ਚ ਕੀਤਾ ਦਾਅਵਾ, ਮੰਦੀ 'ਚ ਹੈ ਦੇਸ਼

ਟੋਰਾਂਟੋ- ਜ਼ਿਆਦਾਤਰ ਕੈਨੇਡੀਅਨ 2024 ਵਿਚ ਅਰਥਵਿਵਸਥਾ ਦੇ ਦ੍ਰਿਸ਼ਟੀਕੋਣ ਦੇ ਨਾਲ-ਨਾਲ ਆਪਣੇ ਖ਼ਰਚਿਆਂ ਨੂੰ ਲੈ ਕੇ ਚਿੰਤਾ (ਨਿਰਾਸ਼ਾਵਾਦ) ਵਿਚ ਹਨ। ਇਹ ਗੱਲ ਇਕ ਨਵੇਂ ਸਰਵੇਖਣ ਵਿਚ ਸਾਹਮਣੇ ਆਈ ਹੈ। 'ਪੋਲਾਰਾ ਸਟਰੈਟੇਜਿਕ ਇਨਸਾਈਟਸ' ਵੱਲੋਂ ਕਰਵਾਏ ਗਏ ਆਨਲਾਈਨ ਸਰਵੇਖਣ ਵਿੱਚ ਪਾਇਆ ਗਿਆ ਕਿ 52 ਫ਼ੀਸਦੀ ਉੱਤਰਦਾਤਾ ਮੰਨਦੇ ਹਨ ਕਿ ਇਸ ਸਾਲ ਕੈਨੇਡੀਅਨ ਅਰਥਵਿਵਸਥਾ ਵਿਗੜ ਜਾਵੇਗੀ, ਜਦੋਂ ਕਿ 24 ਫ਼ੀਸਦੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਰਥਵਿਵਸਥਾ ਨਹੀਂ ਬਦਲੇਗੀ ਅਤੇ 15 ਫ਼ੀਸਦੀ ਦਾ ਮੰਨਣਾ ਹੈ ਕਿ ਇਸ ਵਿੱਚ ਸੁਧਾਰ ਹੋਵੇਗਾ। ਸਰਵੇਖਣ ਵਿਚ ਦੇਖਿਆ ਗਿਆ ਕਿ ਕੈਨੇਡੀਅਨ ਆਰਥਿਕਤਾ ਦੀ ਸਥਿਤੀ ਬਾਰੇ ਕਿਊਬਿਕ ਸਭ ਤੋਂ ਵੱਧ ਅਤੇ ਓਨਟਾਰੀਓ ਵਿੱਚ ਸਭ ਤੋਂ ਘੱਟ ਲੋਕ ਨਿਰਾਸ਼ਾਵਾਦੀ ਸਨ।



ਇਸ ਤੋਂ ਇਲਾਵਾ, ਦੇਸ਼ ਭਰ ਵਿੱਚ 82 ਫ਼ੀਸਦੀ ਕੈਨੇਡੀਅਨਾਂ ਨੇ ਕਿਹਾ ਕਿ ਉਹ ਮੰਨਦੇ ਹਨ ਕਿ ਕੈਨੇਡਾ ਮੰਦੀ ਵਿੱਚ ਹੈ। ਪੋਲਾਰਾ ਦਾ ਕਹਿਣਾ ਹੈ ਕਿ 2001 ਵਿੱਚ ਇਸ ਸਵਾਲ 'ਤੇ ਪੋਲਿੰਗ ਸ਼ੁਰੂ ਹੋਣ ਤੋਂ ਬਾਅਦ ਇਹ ਤੀਜਾ ਸਭ ਤੋਂ ਉੱਚਾ ਅੰਕ ਹੈ। ਕੁਝ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਪਹਿਲਾਂ ਹੀ ਪ੍ਰਤੀ ਵਿਅਕਤੀ ਆਧਾਰ 'ਤੇ ਮੰਦੀ ਵਿੱਚ ਹੈ, ਕਿਉਂਕਿ ਇਮੀਗ੍ਰੇਸ਼ਨ ਨੇ ਕੈਨੇਡਾ ਦੇ ਸਕਾਰਾਤਮਕ ਆਰਥਿਕ ਵਿਕਾਸ ਨੂੰ ਕਾਫ਼ੀ ਹੱਦ ਤੱਕ ਪ੍ਰੇ ?ਰਤ ਕੀਤਾ ਹੈ। ਲਗਭਗ ਅੱਧੇ (46 ਫ਼ੀਸਦੀ) ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ 2024 ਵਿੱਚ ਵਿੱਤੀ ਤੌਰ 'ਤੇ ਪਿੱਛੇ ਰਹਿਣ ਦੀ ਉਮੀਦ ਹੈ, ਜਦੋਂ ਕਿ 38 ਫ਼ੀਸਦੀ ਨੇ ਰਫ਼ਤਾਰ ਬਣਾਈ ਰੱਖਣ ਦੀ ਉਮੀਦ ਕੀਤੀ ਅਤੇ 8 ਫ਼ੀਸਦੀ ਮੰਨਦੇ ਹਨ ਕਿ ਉਹ ਰਫਤਾਰ ਨੂੰ ਬਰਕਰਾਰ ਰੱਖਣ ਤੋਂ ਕਿਤੇ ਜ਼ਿਆਦਾ ਅੱਗੇ ਰਹਿਣਗੇ। ਕਰਿਆਨੇ ਦੀਆਂ ਕੀਮਤਾਂ ਵੀ ਕੈਨੇਡੀਅਨਾਂ ਲਈ ਸਭ ਤੋਂ ਵੱਡੀ ਵਿੱਤੀ ਚਿੰਤਾ ਬਣੀਆਂ ਹੋਈਆਂ ਹਨ। 44 ਫ਼ੀਸਦੀ ਨੇ ਭੋਜਨ ਦੇ ਖਰਚਿਆਂ ਨੂੰ ਤਣਾਅ ਦਾ ਇੱਕ ਪ੍ਰਮੁੱਖ ਸਰੋਤ ਮੰਨਿਆ ਹੈ। ਇਸ ਤੋਂ ਬਾਅਦ ਰਿਹਾਇਸ਼ੀ ਖਰਚੇ, ਗੈਸ ਦੀਆਂ ਕੀਮਤਾਂ ਅਤੇ ਹੀਟਿੰਗ ਬਿੱਲ ਆਉਂਦੇ ਹਨ। ਗੈਸ ਦੀਆਂ ਕੀਮਤਾਂ ਬਾਰੇ ਤਣਾਅ ਪਿਛਲੇ ਸਾਲ ਤੋਂ ਘੱਟ ਗਿਆ ਹੈ, ਕਿਉਂਕਿ ਗੈਸ ਦੀਆਂ ਕੀਮਤਾਂ ਜੂਨ 2022 ਵਿੱਚ ਸਿਖਰ 'ਤੇ ਪਹੁੰਚਣ ਤੋਂ ਬਾਅਦ ਬਹੁਤ ਘੱਟ ਗਈਆਂ ਹਨ, ਜ਼ਿਆਦਾਤਰ ਸ਼ਹਿਰਾਂ ਵਿੱਚ ਇਹ 2 ਡਾਲਰ ਪ੍ਰਤੀ ਲੀਟਰ ਤੋਂ ਵੱਧ ਗਈਆਂ ਹਨ।

ਕਰਿਆਨੇ ਦੀਆਂ ਦੁਕਾਨਾਂ 'ਤੇ ਭੋਜਨ ਦੀ ਕੀਮਤ ਸਾਰੇ ਖੇਤਰਾਂ ਅਤੇ ਉਮਰ ਸਮੂਹਾਂ ਵਿੱਚ ਇੱਕ ਪ੍ਰਮੁੱਖ ਚਿੰਤਾ ਦਾ ਵਿਸ਼ਾ ਹੈ। ਹਾਲਾਂਕਿ, ਅਟਲਾਂਟਿਕ ਕੈਨੇਡਾ ਦੇ ਲੋਕ ਦੂਜੇ ਖੇਤਰਾਂ ਨਾਲੋਂ ਘਰਾਂ ਦੇ ਹੀਟਿੰਗ ਬਿੱਲਾਂ ਨੂੰ ਲੈ ਕੇ ਜ਼ਿਆਦਾ ਚਿੰਤਤ ਹਨ। 37 ਫ਼ੀਸਦੀ ਅਟਲਾਂਟਿਕ ਨਿਵਾਸੀਆਂ ਨੇ ਕਿਹਾ ਕਿ ਇਹ ਤਣਾਅ ਦਾ ਇੱਕ ਵੱਡਾ ਸਰੋਤ ਹੈ। ਅਟਲਾਂਟਿਕ ਕੈਨੇਡਾ ਵਿੱਚ, ਲਗਭਗ ਇੱਕ ਤਿਹਾਈ ਘਰ ਘਰੇਲੂ ਹੀਟਿੰਗ ਤੇਲ 'ਤੇ ਨਿਰਭਰ ਕਰਦੇ ਹਨ, ਜੋ ਕਿ ਕੈਨੇਡਾ ਦੇ ਹੋਰ ਹਿੱਸਿਆਂ ਵਿੱਚ ਅਸਧਾਰਨ ਹੈ ਅਤੇ ਘਰ ਦੀਆਂ ਹੀਟਿੰਗ ਪ੍ਰਣਾਲੀਆਂ ਦੀਆਂ ਹੋਰ ਕਿਸਮਾਂ ਨਾਲੋਂ ਵਧੇਰੇ ਮਹਿੰਗਾ ਹੈ। ਨੌਜਵਾਨ ਕੈਨੇਡੀਅਨ ਵੀ ਹਾਊਸਿੰਗ ਖ਼ਰਚਿਆਂ ਨੂੰ ਇੱਕ ਪ੍ਰਮੁੱਖ ਤਣਾਅ ਮੰਨਦੇ ਹਨ। 18 ਤੋਂ 34 ਸਾਲ ਦੀ ਉਮਰ ਦੇ ਉੱਤਰਦਾਤਾਵਾਂ ਵਿੱਚੋਂ, 45 ਫ਼ੀਸਦੀ ਨੇ ਕਿਹਾ ਕਿ ਇਹ ਤਣਾਅ ਦਾ ਇੱਕ ਵੱਡਾ ਸਰੋਤ ਹੈ, ਜਦੋਂ ਕਿ 65 ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚੋਂ ਸਿਰਫ਼ 19 ਫ਼ੀਸਦੀ ਨੇ ਇਹੀ ਗੱਲ ਕਹੀ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



ਕੋਲਕਾਤਾ : ਐਤਵਾਰ ਨੂੰ ਕੋਲਕਾਤਾ ਵਿੱਚ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ (ਜਨਮ ਦਿਵਸ) ਦੇ ਜਸ਼ਨਾਂ ਦੇ ਹਿੱਸੇ ਵਜੋਂ ਇੱਕ ਨਗਰ ਕੀਰਤਨ ਦੌਰਾਨ ਇੱਕ ਸਿੱਖ ਸ਼ਰਧਾਲੂ 'ਗਤਕਾ' ਖੇਡਦਾ ਹੋਇਆ।

# ਚੀਨ ਦੀ ਵੱਡੀ ਕਾਰਵਾਈ, ਪੰਜ ਅਮਰੀਕੀ ਰੱਖਿਆ ਉਦਯੋਗ ਕੰਪਨੀਆਂ ਤੇ ਲਗਾਈ ਪਾਬੰਦੀ

ਬੀਜਿੰਗ : ਚੀਨ ਨੇ ਪੰਜ ਅਮਰੀਕੀ ਰੱਖਿਆ ਉਦਯੋਗ ਕੰਪਨੀਆਂ 'ਤੇ ਪਾਬੰਦੀਆਂ ਲਗਾਉਣ ਦਾ ਫ਼ੈਸਲਾ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਬੁਲਾਰੇ ਨੇ ਕਿਹਾ ਕਿ ਅਮਰੀਕਾ ਨੇ ਹਾਲ ਹੀ ਵਿੱਚ ਤਾਈਵਾਨ ਨੂੰ ਨਵੇਂ ਹਥਿਆਰ ਵੇਚਣ ਦਾ ਐਲਾਨ ਕੀਤਾ ਹੈ ਅਤੇ ਵਿਭਿੰਨ ਬਹਾਨਿਆਂ ਦੇ ਤਹਿਤ ਚੀਨੀ ਕਾਰੋਬਾਰਾਂ 'ਤੇ ਪਾਬੰਦੀਆਂ ਲਗਾਈਆਂ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ ਚੀਨ ਦੇ ਤਾਈਵਾਨ ਖੇਤਰ ਨੂੰ ਹਥਿਆਰਾਂ ਦੀ ਵਿਕਰੀ ਇਕ-ਚੀਨ ਸਿਧਾਂਤ ਅਤੇ ਚੀਨ-ਅਮਰੀਕਾ ਸਹਿਯੋਗ ਦੀਆਂ ਤਿੰਨ ਸ਼ਰਤਾਂ ਦੀ ਘੋਰ ਉਲੰਘਣਾ ਹੈ। ਬੁਲਾਰੇ ਨੇ ਕਿਹਾ ਕਿ ਅਮਰੀਕਾ ਵੱਲੋਂ 17 ਅਗਸਤ 1982 ਦੇ ਸੰਯੁਕਤ ਬਿਆਨ ਅਤੇ ਵੱਖ-ਵੱਖ ਝੂਠੇ ਦਿਖਾਵੇ ਤਹਿਤ ਚੀਨੀ ਕੰਪਨੀਆਂ ਅਤੇ ਵਿਅਕਤੀਆਂ 'ਤੇ ਲਗਾਈਆਂ ਗਈਆਂ ਗੈਰ-ਕਾਨੂੰਨੀ ਇਕਤਰਫਾ ਪਾਬੰਦੀਆਂ ਚੀਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਨੂੰ ਗੰਭੀਰ ਨੁਕਸਾਨ ਪਹੁੰਚਾਉਂਦੀਆਂ ਹਨ। ਅਮਰੀਕੀ ਹਥਿਆਰਾਂ ਦੀ ਵਿਕਰੀ ਅਤੇ ਗੈਰ-ਕਾਨੂੰਨੀ ਇਕਪਾਸੜ ਪਾਬੰਦੀਆਂ ਵੀ ਤਾਈਵਾਨ ਜਲਡਮਰੂ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਕਮਜ਼ੋਰ ਕਰਦੀਆਂ ਹਨ। ਇਸ ਤੋਂ ਇਲਾਵਾ ਉਹ ਚੀਨੀ ਕੰਪਨੀਆਂ ਅਤੇ ਵਿਅਕਤੀਆਂ ਦੇ ਜਾਇਜ਼, ਜਾਇਜ਼ ਅਧਿਕਾਰਾਂ ਅਤੇ ਹਿੱਤਾਂ ਦੀ ਉਲੰਘਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਚੀਨ ਇਸ ਦੀ ਸਖ਼ਤ ਨਿੰਦਾ ਕਰਦਾ ਹੈ।

ਬੁਲਾਰੇ ਨੇ ਕਿਹਾ ਕਿ ਅਮਰੀਕਾ ਦੀਆਂ ਇਨ੍ਹਾਂ



ਗ਼ਲਤ ਕਾਰਵਾਈਆਂ ਦੇ ਜਵਾਬ ਵਿਚ ਅਤੇ ਚੀਨ ਦੇ ਵਿਦੇਸ਼ੀ ਪਾਬੰਦੀਆਂ ਵਿਰੋਧੀ ਕਾਨੂੰਨ ਤਹਿਤ ਪੰਜ ਅਮਰੀਕੀ ਰੱਖਿਆ ਉਦਯੋਗ ਕੰਪਨੀਆਂ ਅਰਥਾਤ 215 ਸਿਸਟਮਜ਼ ਲੈਂਡ ਐਂਡ ਆਰਮਾਮੈਂਟ, ਅਲਾਇੰਸ ਟੇਕਸਿਸਟਮ ਆਪਰੇਸ਼ਨ, ਏਰੋਵਾਇਰਨਮੈਂਟ, ਵੀ ਸੈਟ ਅਤੇ ਡੇਟਾ ਲਿੰਕ ਹੱਲ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਕੀਤਾ ਹੈ। ਉਸ ਨੇ ਕਿਹਾ ਕਿ ਜਵਾਬੀ ਉਪਾਵਾਂ ਵਿੱਚ ਚੀਨ ਵਿੱਚ ਉਨ੍ਹਾਂ ਕੰਪਨੀਆਂ ਅਤੇ ਸੰਗਠਨਾਂ ਅਤੇ ਵਿਅਕਤੀਆਂ ਦੀ ਚੀਨ ਵਿੱਚ ਚੱਲ ਅਤੇ ਅਚੱਲ ਜਾਇਦਾਦਾਂ ਸਮੇਤ ਜਾਇਦਾਦਾਂ ਨੂੰ ਜ਼ਬਤ ਕਰਨਾ, ਚੀਨ ਵਿਚ ਸੰਗਠਨਾਂ ਅਤੇ ਵਿਅਕਤੀਆਂ ਨੂੰ ਉਨ੍ਹਾਂ ਨਾਲ ਲੈਣ-ਦੇਣ ਕਰਨਾ ਸ਼ਾਮਲ ਹੈ। ਬੁਲਾਰੇ ਨੇ ਕਿਹਾ, "ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹਾਂਗਾ ਕਿ ਚੀਨੀ ਸਰਕਾਰ ਰਾਸ਼ਟਰੀ ਪ੍ਰਭੂਸੱਤਾ, ਸੁਰੱਖਿਆ ਅਤੇ ਖੇਤਰੀ ਅਖੰਡਤਾ ਦੀ ਰਾਖੀ ਕਰਨ ਅਤੇ ਚੀਨੀ ਕੰਪਨੀਆਂ ਅਤੇ ਨਾਗਰਿਕਾਂ ਦੇ ਜਾਇਜ਼ ਅਧਿਕਾਰਾਂ ਅਤੇ ਹਿੱਤਾਂ ਦੀ ਰਾਖੀ ਲਈ ਸਾਡੇ ਦ੍ਰਿੜ ਸੰਕਲਪ 'ਤੇ ਅਡੋਲ ਬਣੀ ਰਹੇ।" ਚੀਨ ਅਮਰੀਕਾ ਨੂੰ ਇਸ ਦੀ ਪਾਲਣਾ ਕਰਨ ਦੀ ਅਪੀਲ ਕਰਦਾ ਹੈ।

# ਡੀਵਾਈਐਫਆਈ ਅਤੇ ਐਸਐਫਆਈ ਦੇ ਕਾਰਕੁੰਨਾਂ ਨੇ ਕੱਢੀ ਇਨਸਾਫ ਯਾਤਰਾ ਰੈਲੀ



ਕੋਲਕਾਤਾ: ਡੈਮੋਕਰੇਟਿਕ ਯੂਥ ਫੈਡਰੇਸ਼ਨ ਆਫ ਇੰਡੀਆ (ਡੀਵਾਈਐਫਆਈ) ਅਤੇ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐਸਐਫਆਈ) ਦੇ ਕਾਰਕੁਨ ਕੋਲਕਾਤਾ ਵਿੱਚ ਬ੍ਰਿਗੇਡ ਪਰੇਡ ਮੈਦਾਨ ਵਿੱਚ ਡੀਵਾਈਐਫਆਈ ਇੰਨਸਾਫ ਯਾਤਰਾ ਰੈਲੀ ਕੱਢਦੇ ਹੋਏ।

# ਯਾਤਰੀ ਤੇ ਹਵਾਈ ਆਵਾਜਾਈ 'ਚ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਨੇ ਤੋੜੇ ਰਿਕਾਰਡ

ਨਿਊਯਾਰਕ : ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਲਗਾਤਾਰ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਅੰਮ੍ਰਿਤਸਰ ਨੇ ਨਵੰਬਰ 2023 'ਚ ਇੱਕ ਮਹੀਨੇ ਦੀ ਯਾਤਰੀਆਂ ਦੀ ਆਵਾਜਾਈ ਵਿੱਚ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਅਮਰੀਕਾ ਵੱਸਦੇ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਪੰਜਾਬ ਦੇ ਸਭ ਤੋਂ ਵੱਡੇ ਅਤੇ ਵਿਅਸਤ ਹਵਾਈ ਅੱਡੇ ਵੱਲੋਂ ਹਾਸਲ ਕੀਤੇ ਇਸ ਮਹੱਤਵਪੂਰਨ ਮੀਲ ਪੱਥਰ ਦਾ ਖੁਲਾਸਾ ਕੀਤਾ। ਗੁਮਟਾਲਾ ਦੇ ਅਨੁਸਾਰ, ਏਅਰਪੋਰਟ ਅਥਾਰਟੀ ਆਫ਼ ਇੰਡੀਆ ਵੱਲੋਂ ਹਾਲ ਹੀ ਵਿੱਚ ਭਾਰਤ ਦੇ ਹਵਾਈ ਅੱਡਿਆਂ ਤੋਂ ਹਵਾਈ ਆਵਾਜਾਈ ਸੰਬੰਧੀ ਨਵੰਬਰ 2023 ਦੇ ਮਹੀਨੇ ਲਈ ਜਾਰੀ ਕੀਤੇ ਗਏ ਅੰਕੜੇ ਅਤੇ ਪਿਛਲੇ ਸਾਲਾਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਨੇ ਨਵੰਬਰ 2023 ਵਿੱਚ ਕੁੱਲ 2,84,641 (ਲਗਭਗ 2.85 ਲੱਖ) ਯਾਤਰੀਆਂ ਦਾ ਸਵਾਗਤ ਕੀਤਾ, ਜਿਸ ਨਾਲ ਇਹ ਹਵਾਈ ਅੱਡੇ ਦੇ ਇਤਿਹਾਸ ਦਾ ਸਭ ਤੋਂ ਵੱਧ ਯਾਤਰੀਆਂ ਦੀ ਆਵਾਜਾਈ ਵਾਲਾ ਮਹੀਨਾ ਬਣ ਗਿਆ ਹੈ।



ਇਸ ਵਿੱਚ 1,97,344 ਘਰੇਲੂ ਅਤੇ 87,297 ਅੰਤਰਰਾਸ਼ਟਰੀ ਯਾਤਰੀ ਸ਼ਾਮਲ ਹਨ। ਇਸੇ ਮਹੀਨੇ ਦੌਰਾਨ ਹੁਣ ਤੱਕ ਦੀ ਸਭ ਤੋਂ ਵੱਧ, ਕੁੱਲ 1903 ਹਵਾਈ ਉਡਾਣਾਂ ਦੀ ਆਵਾਜਾਈ ਦਰਜ ਕੀਤੀ ਗਈ, ਜਿਸ ਵਿੱਚ 1,411 ਘਰੇਲੂ ਅਤੇ 492 ਅੰਤਰਰਾਸ਼ਟਰੀ ਉਡਾਣਾਂ ਸ਼ਾਮਲ ਹਨ। ਉਹਨਾਂ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ ਦਸੰਬਰ 2018 ਵਿੱਚ ਸਭ ਤੋਂ ਵੱਧ 2,60,714 (ਲਗਭਗ 2.60 ਲੱਖ) ਯਾਤਰੀਆਂ ਦੀ ਗਿਣਤੀ ਦਰਜ ਕੀਤੀ ਗਈ ਸੀ। ਇਸ ਅੰਕੜੇ ਵਿੱਚ 1,76,898 ਘਰੇਲੂ ਅਤੇ 83,276 ਅੰਤਰਰਾਸ਼ਟਰੀ ਯਾਤਰੀ ਸ਼ਾਮਲ ਸਨ। ਇਸੇ ਮਹੀਨੇ ਦੌਰਾਨ ਹੀ ਪਿਛਲੀ ਸਭ ਤੋਂ ਵੱਧ, ਕੁੱਲ 1802 ਉਡਾਣਾਂ (1239 ਘਰੇਲੂ ਅਤੇ 563 ਅੰਤਰਰਾਸ਼ਟਰੀ) ਦੀ ਆਵਾਜਾਈ ਰਿਕਾਰਡ ਕੀਤੀ ਗਈ ਸੀ। ਨਵੰਬਰ 2023 ਵਿੱਚ ਯਾਤਰੀਆਂ ਦੀ ਕੁੱਲ ਗਿਣਤੀ ਵਿੱਚ ਨਵੰਬਰ 2022 ਦੇ ਮੁਕਾਬਲੇ 27.8 ਫੀਸਦੀ ਵਾਧਾ ਹੋਇਆ ਹੈ। ਉਸ ਮਹੀਨੇ ਯਾਤਰੀਆਂ ਦੀ ਕੁੱਲ ਗਿਣਤੀ 2,22,758 ਦਰਜ ਕੀਤੀ ਗਈ ਸੀ।

ਇਨੀਸ਼ੀਏਟਿਵ ਵੱਲੋਂ ਕੀਤੇ ਗਏ ਬੀਤੇ ਕਈ ਸਾਲਾਂ ਦੇ ਅੰਕੜਿਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਤੋਂ ਸਾਹਮਣੇ ਆਏ ਉਤਸ਼ਾਹਜਨਕ ਨਤੀਜਿਆਂ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਗੁਮਟਾਲਾ ਨੇ ਹਵਾਈ ਅੱਡੇ ਦੇ ਇਤਿਹਾਸ ਵਿੱਚ ਇੱਕ ਹੋਰ ਨਵੇਂ ਮੀਲ ਪੱਥਰ ਦਾ ਵੀ ਖੁਲਾਸਾ ਕੀਤਾ। ਉਹਨਾਂ ਦੱਸਿਆ, "ਹਵਾਈ ਅੱਡੇ ਨੇ ਸਾਲ 2023 ਦੇ ਪਹਿਲੇ 11 ਮਹੀਨਿਆਂ (ਜਨਵਰੀ ਤੋਂ ਨਵੰਬਰ) ਵਿੱਚ ਹੀ ਕੁੱਲ 26,05,853 ਯਾਤਰੀ ਦਰਜ ਕਰਕੇ ਪੂਰੇ ਸਾਲ 2019 ਦੇ 12 ਮਹੀਨਿਆਂ (ਜਨਵਰੀ ਤੋਂ ਦਸੰਬਰ) ਵਿੱਚ ਦਰਜ ਪਿਛਲੀ ਸਭ ਤੋਂ ਵੱਧ 25,63,719 (ਤਕਰੀਬਨ 25.6 ਲੱਖ) ਯਾਤਰੀਆਂ ਦੀ ਕੁੱਲ ਗਿਣਤੀ ਨੂੰ ਵੀ ਮਾਤ ਦੇ ਦਿੱਤੀ ਹੈ। ਭਾਵੇਂ ਕਿ ਏਅਰਪੋਰਟ ਅਥਾਰਟੀ ਵੱਲੋਂ ਦਸੰਬਰ 2023 ਦੇ ਅੰਕੜੇ ਹਾਲੇ ਜਾਰੀ ਨਹੀਂ ਕੀਤੇ ਗਏ ਪਰ ਨਵੰਬਰ 2023 ਦੇ ਵਾਧੇ ਨੂੰ ਦੇਖਦੇ ਹੋਏ ਇਹ ਸੰਭਾਵਨਾ ਹੈ ਕਿ ਸਾਲ 2023 ਵਿੱਚ ਤਕਰੀਬਨ 29 ਲੱਖ ਯਾਤਰੀਆਂ ਦੀ ਕੁੱਲ ਆਵਾਜਾਈ ਹੋਈ ਹੋਵੇਗੀ। ਗੁਮਟਾਲਾ ਨੇ ਅੱਗੇ ਕਿਹਾ ਕਿ ਇਹ ਮੀਲ ਪੱਥਰ ਹਵਾਈ ਅੱਡੇ ਦੀ ਸੰਚਾਲਨ ਕੁਸ਼ਲਤਾ ਅਤੇ ਇੱਕ ਪ੍ਰਮੁੱਖ ਆਵਾਜਾਈ ਕੇਂਦਰ ਵਜੋਂ ਇਸ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਉਹਨਾਂ ਇਹ ਵੀ ਉਜਾਗਰ ਕੀਤਾ ਕਿ ਵਰਤਮਾਨ ਵਿੱਚ ਅੰਮ੍ਰਿਤਸਰ 10 ਅੰਤਰਰਾਸ਼ਟਰੀ ਅਤੇ 13 ਘਰੇਲੂ ਹਵਾਈ ਅੱਡਿਆਂ ਨਾਲ ਸਿੱਧਾ ਸੰਪਰਕ ਰੱਖਦਾ ਹੈ। ਇਹਨਾਂ ਵਿੱਚ ਲੰਡਨ, ਬਰਮਿੰਘਮ, ਰੋਮ, ਮਿਲਾਨ, ਵੇਰੋਨਾ, ਦੁਬਈ, ਸ਼ਾਰਜਾਹ, ਦੋਹਾ, ਸਿੰਗਾਪੁਰ ਅਤੇ ਕੁਆਲਾਲੰਪੁਰ ਵਰਗੇ ਪ੍ਰਮੁੱਖ ਦੇਸ਼ ਸ਼ਾਮਲ ਹਨ। ਖਾਸ ਤੌਰ 'ਤੇ ਇੱਥੋਂ ਭਾਰਤ ਅਤੇ ਵਿਦੇਸ਼ ਦੀਆਂ 10 ਏਅਰਲਾਈਨਾਂ, ਹਫਤੇ ਵਿੱਚ ਤਕਰੀਬਨ 114 ਅੰਤਰਰਾਸ਼ਟਰੀ ਉਡਾਣਾਂ ਦਾ ਸੰਚਾਲਨ ਕਰਦੀਆਂ ਹਨ। ਸੂਬਾ ਸਰਕਾਰ ਦੇ ਪ੍ਰਤੀ ਨਮੋਸ਼ੀ ਜਾਹਰ ਕਰਦਿਆਂ ਗੁਮਟਾਲਾ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਅੰਮ੍ਰਿਤਸਰ ਦੇ ਹਵਾਈ ਸੰਪਰਕ ਅਤੇ ਯਾਤਰੀ ਆਵਾਜਾਈ ਵਿੱਚ ਵਾਧੇ ਦੇ ਬਾਵਜੂਦ, ਪਿਛਲੀਆਂ ਅਤੇ ਹੁਣ ਮੌਜੂਦਾ ਰਾਜ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਜਿਵੇਂ ਕਿ ਦਰਬਾਰ ਸਾਹਿਬ ਜਾਂ ਪੰਜਾਬ ਦੇ ਹੋਰ ਸ਼ਹਿਰਾਂ ਤੋਂ ਹਵਾਈ ਅੱਡੇ ਤੱਕ ਕੋਈ ਵੀ ਜਨਤਕ ਆਵਾਜਾਈ ਲਈ ਬੱਸ ਸੇਵਾ ਪ੍ਰਦਾਨ ਨਹੀਂ ਕੀਤੀ। ਕਈ ਸਾਲਾਂ ਤੋਂ ਕੀਤੀ ਜਾ ਰਹੀ ਇਸ ਮੰਗ ਨੂੰ ਪੂਰੀ ਕਰਨ ਦੀ ਬਜਾਏ, ਮੌਜੂਦਾ ਸਰਕਾਰ ਆਪਣੇ ਹੀ ਸੂਬੇ ਦੇ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਿਆਂ ਪੰਜਾਬ ਦੇ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਲਈ ਸਰਕਾਰੀ ਬੱਸ ਸੰਪਰਕ ਪ੍ਰਦਾਨ ਕਰ ਰਹੀ ਹੈ।

# ਜੰਮੂ-ਕਸ਼ਮੀਰ 'ਚ ਗ੍ਰਨੇਡ ਹਮਲਿਆਂ ਦਾ 'ਮੋਸਟ ਵਾਂਟੇਡ' ਹਿਜ਼ਬੁਲ ਅੱਤਵਾਦੀ 13 ਸਾਲ ਦੇ ਪਿੱਛਾ ਤੋਂ ਬਾਅਦ ਦਿੱਲੀ ਤੋਂ ਗ੍ਰਿਫਤਾਰ

ਨਵੀਂ ਦਿੱਲੀ: ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਹਿਜ਼ਬੁਲ ਮੁਜਾਹਿਦੀਨ ਦੇ ਆਪਰੇਟਿਵ ਜਾਵੇਦ ਅਹਿਮਦ ਮੱਟੂ ਨੂੰ ਦਿੱਲੀ-ਨੋਇਡਾ ਡਾਇਰੈਕਟ (ਡੀਐਨਡੀ) ਫਲਾਈਵੇਅ ਤੋਂ ਗ੍ਰਿਫਤਾਰ ਕੀਤਾ ਹੈ, ਜਿਸ ਨਾਲ 'ਏ++' ਅੱਤਵਾਦੀ ਦਾ 13 ਸਾਲਾਂ ਦਾ ਪਿੱਛਾ ਕੀਤਾ ਗਿਆ ਹੈ।

ਵਰਗੀਕਰਣ 'ਏ++' ਦੀ ਵਰਤੋਂ ਇੱਕ ਅੱਤਵਾਦੀ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ ਜੋ ਸੁਰੱਖਿਆ ਬਲਾਂ ਦੀ 'ਸਭ ਤੋਂ ਵੱਧ ਲੋੜੀਂਦੇ' ਸੂਚੀ ਵਿੱਚ ਹੈ।

ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਪੈਸ਼ਲ ਪੁਲਿਸ ਕਮਿਸ਼ਨਰ (ਸਪੈਸ਼ਲ ਸੈੱਲ) ਐਚ.ਜੀ.ਐਸ. ਧਾਲੀਵਾਲ ਨੇ ਵੀਰਵਾਰ ਨੂੰ ਕਿਹਾ ਕਿ ਮੱਟੂ 2012 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਜ਼ਖ਼ਮੀ ਹੋ ਗਿਆ ਸੀ ਅਤੇ ਉਦੋਂ ਤੋਂ 'ਨੀਵਾਂ' ਪਿਆ ਸੀ।

ਉਸਨੇ ਅੱਗੇ ਕਿਹਾ ਕਿ ਮੱਟੂ ਨੂੰ ਇੱਕ ਚੋਰੀ ਦੀ ਗੱਡੀ ਵਿੱਚ ਡੀਐਨਡੀ 'ਤੇ ਯਾਤਰਾ ਕਰਦਾ ਪਾਇਆ ਗਿਆ ਸੀ ਅਤੇ ਗ੍ਰਿਫਤਾਰੀ ਦੇ ਸਮੇਂ ਉਸ ਕੋਲੋਂ ਇੱਕ ਪਿਸਤੌਲ ਬਰਾਮਦ ਕੀਤਾ ਗਿਆ ਸੀ। ਧਾਲੀਵਾਲ ਨੇ ਦੱਸਿਆ ਕਿ ਪੁਲਿਸ ਮਾਟੂ ਦਾ ਦਿੱਲੀ ਦੇ ਨਿਜ਼ਾਮੂਦੀਨ ਤੋਂ ਪਤਾ ਲਗਾ ਰਹੀ ਸੀ। ਉਸਨੇ ਇਹ ਵੀ ਕਿਹਾ ਕਿ ਭਾਵੇਂ ਮੱਟੂ ਨੇ ਆਪਣੀ ਪਛਾਣ ਛੁਪਾਈ ਸੀ ਅਤੇ 'ਛਪਾਈ'



ਵਾਲੀ ਜ਼ਿੰਦਗੀ ਜੀਅ ਰਿਹਾ ਸੀ, ਉਸਨੇ 'ਆਪਣੇ ਸਾਥੀਆਂ ਨਾਲ ਸੰਪਰਕ ਬਣਾਈ ਰੱਖਿਆ'।

ਬਾਅਦ ਵਿੱਚ ਦਿਨ ਵਿੱਚ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ, ਦਿੱਲੀ ਪੁਲਿਸ ਨੇ ਕਿਹਾ ਕਿ ਮਾਟੂ "ਏ++ ਸ਼੍ਰੇਣੀ ਜੰਮੂ-ਕਸ਼ਮੀਰ-ਅਧਾਰਤ ਇੱਕਮਾਤਰ ਬਚਿਆ ਹੋਇਆ ਅੱਤਵਾਦੀ "ਹੈ, ਅਤੇ ਉਸ ਤੋਂ ਇੱਕ Imm ਪਿਸਟਲ ਅਤੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਪੁਲਿਸ ਦੇ ਅਨੁਸਾਰ, ਉਨ੍ਹਾਂ ਨੇ ਇਨਪੁਟਸ 'ਤੇ ਕਾਰਵਾਈ ਕੀਤੀ ਕਿ ਇੱਕ ਅੱਤਵਾਦੀ ਪਾਕਿਸਤਾਨ ਦੀ ਇੰਟਰ-ਸਰਵਿਸ ਇੰਟੈਲੀਜੈਂਸ (ਆਈਐਸਆਈ) ਦੀ ਤਰਫੋਂ ਹਥਿਆਰ ਇਕੱਠੇ ਕਰਨ ਲਈ ਦਿੱਲੀ-ਐਨਸੀਆਰ ਵਿੱਚ ਹੋਵੇਗਾ।

ਪੁਲਿਸ ਦੇ ਅਨੁਸਾਰ, 32 ਸਾਲਾ ਵਿਅਕਤੀ ਨੇ ਜੰਮੂ-ਕਸ਼ਮੀਰ ਪੁਲਿਸ ਦੁਆਰਾ ਘੋਸ਼ਿਤ ਆਪਣੇ ਨਾਮ 'ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਸੀ ਅਤੇ 2010 ਦੇ ਵਿਚਕਾਰ ਜੰਮੂ-ਕਸ਼ਮੀਰ ਵਿੱਚ ਗ੍ਰਨੇਡ ਹਮਲਿਆਂ ਅਤੇ ਸੁਰੱਖਿਆ ਬਲਾਂ 'ਤੇ ਹਮਲਿਆਂ ਸਮੇਤ ਘੱਟੋ-ਘੱਟ 11 ਅੱਤਵਾਦੀ ਕਾਰਵਾਈਆਂ ਵਿੱਚ ਸ਼ਾਮਲ ਸੀ।

ਜਿਨ੍ਹਾਂ ਮਾਮਲਿਆਂ ਵਿੱਚ ਉਹ ਮੁੱਖ ਸ਼ੱਕੀ ਹੈ, ਉਨ੍ਹਾਂ ਵਿੱਚ 2010 ਵਿੱਚ ਸੋਪੋਰ ਵਿੱਚ ਹੋਏ ਪੰਜ ਗ੍ਰਨੇਡ ਹਮਲੇ ਸ਼ਾਮਲ ਹਨ ਜਿਨ੍ਹਾਂ ਵਿੱਚ ਦਰਜਨਾਂ ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ ਸਨ ਅਤੇ ਉਸੇ ਸਾਲ ਪੰਜ ਪੁਲਿਸ ਮੁਲਾਜ਼ਮਾਂ ਅਤੇ ਜੰਮੂ-ਕਸ਼ਮੀਰ ਪੁਲਿਸ ਦੇ ਇੱਕ ਸੀਆਈਡੀ ਪੁਲਿਸ ਕਾਂਸਟੇਬਲ ਦੀ ਹੱਤਿਆ ਹੋਈ ਸੀ। ਦੋ ਸੀਆਰਪੀਐਫ ਜਵਾਨਾਂ ਦੀ ਹੱਤਿਆ, ਇੱਕ ਹੋਰ ਪੁਲਿਸ ਕਰਮਚਾਰੀ ਦੀ ਹੱਤਿਆ, ਇੱਕ ਪੁਲਿਸ ਸਟੇਸ਼ਨ ਦੇ ਬਾਹਰ ਇੱਕ ਆਈਈਡੀ ਧਮਾਕਾ ਅਤੇ ਸੋਪੋਰ ਵਿੱਚ ਇੱਕ ਬੀਐਸਐਨਐਲ ਦਫ਼ਤਰ ਦੇ ਬਾਹਰ ਇੱਕ ਗ੍ਰਨੇਡ ਹਮਲੇ ਵਿੱਚ ਵੀ ਮੱਟੂ ਦੀ ਭੂਮਿਕਾ ਸ਼ੱਕੀ ਹੈ।

# ਸ਼੍ਰੋਮਣੀ ਕਮੇਟੀ ਵਲੋਂ ਜੈਤੋ ਮੋਰਚੇ ਦੀ ਪਹਿਲੀ ਸ਼ਤਾਬਦੀ ਦੀਆਂ ਤਿਆਰੀਆਂ ਸੰਬੰਧੀ ਇਕੱਤਰਤਾ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਨੇ ਜੈਤੋ ਦੇ ਮੋਰਚੇ ਦੀ ਪਹਿਲੀ ਸ਼ਤਾਬਦੀ ਮਨਾਉਣ ਲਈ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ। ਇਹ ਸ਼ਤਾਬਦੀ 21 ਫ਼ਰਵਰੀ ਨੂੰ ਮਨਾਈ ਜਾਣੀ ਹੈ। ਇਸ ਸੰਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਗਠਿਤ ਕੀਤੀ ਗਈ ਸਬ-ਕਮੇਟੀ ਵਲੋਂ ਪ੍ਰੋਗਰਾਮਾਂ ਦੀ ਰੂਪ-ਰੇਖਾ ਤੈਅ ਕਰਨ ਲਈ ਅੱਜ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਇਕੱਤਰਤਾ ਕੀਤੀ ਗਈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸ਼ੇਰ ਸਿੰਘ ਮੰਡਵਾਲਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਹਰਵਿੰਦਰ ਸਿੰਘ ਖ਼ਾਲਸਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਇੰਚਾਰਜ ਕਰਤਾਰ ਸਿੰਘ ਅਤੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਦੇ ਮੈਨੇਜਰ ਸੁਖਰਾਜ ਸਿੰਘ ਸ਼ਾਮਿਲ ਹੋਏ। ਭਾਈ ਮਹਿਤਾ ਨੇ ਦੱਸਿਆ ਕਿ 21 ਫ਼ਰਵਰੀ ਨੂੰ ਮੁੱਖ ਸਮਾਗਮ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਦੇ ਸੰਬੰਧ ਵਿਚ ਸੰਗਤਾਂ ਅੰਦਰ ਜਾਗਰੂਕਤਾ ਲਈ ਧਰਮ ਪ੍ਰਚਾਰ ਕਮੇਟੀ ਵਲੋਂ ਵੱਖ-ਵੱਖ ਪਿੰਡਾਂ ਵਿਚ ਧਾਰਮਿਕ ਦੀਵਾਨਾਂ ਦੀ ਲੜੀ ਚਲਾਈ ਜਾ ਰਹੀ ਹੈ।

# ਈਰਾਨ 'ਚ ਹਿਜਾਬ ਨਾ ਪਾਉਣ ਕਾਰਨ ਔਰਤ ਨੂੰ 74 ਕੋੜੇ ਤੇ 24 ਹਜ਼ਾਰ ਜੁਰਮਾਨੇ ਦੀ ਸਜ਼ਾ

ਤਿਹਰਾਨ- ਈਰਾਨ ਵਿੱਚ ਇੱਕ ਅਜਿਹੀ ਘਟਨਾ ਸਾਹਮਣੇ ਆਈ ਹੈ ਜਿੱਥੇ ਇੱਕ ਔਰਤ ਨੂੰ ਹਿਜਾਬ ਪਾਉਣ ਤੋਂ ਇਨਕਾਰ ਕਰਨ ਉੱਤੇ 74 ਕੋੜੇ ਮਾਰੇ ਗਏ। 33 ਸਾਲਾ ਰੋਇਆ ਹੇਸ਼ਮਤੀ 'ਤੇ ਹਿਜਾਬ ਪਹਿਨੇ ਬਿਨਾਂ ਰਾਜਧਾਨੀ ਤਹਿਰਾਨ 'ਚ ਕਈ ਵਾਰ ਘੁੰਮ ਕੇ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ ਸੀ।



ਨਿਆਂਪਾਲਿਕਾ ਦੀ ਮਿਜ਼ਾਨ ਔਨਲਾਈਨ ਵੈਬਸਾਈਟ ਦੇ ਅਨੁਸਾਰ, ਰੋਇਆ ਨੇ ਬਿਨਾਂ ਸਿਰ ਢੱਕਣ ਦੇ ਤਹਿਰਾਨ ਵਿੱਚ ਵਿਅਸਤ ਜਨਤਕ ਥਾਵਾਂ 'ਤੇ ਪੇਸ਼ ਹੋ ਕੇ ਅਣਆਗਿਆਕਾਰੀ ਨੂੰ ਉਤਸ਼ਾਹਿਤ ਕੀਤਾ। ਇਸ ਲਈ ਰੋਇਆ ਨੂੰ ਸ਼ਰੀਆ ਕਾਨੂੰਨ ਤਹਿਤ ਜਨਤਕ ਨੈਤਿਕਤਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ 74 ਕੋੜਿਆਂ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਇਲਾਵਾ ਰੋਇਆ 'ਤੇ ਕਰੀਬ 24 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਆਮ ਤੌਰ 'ਤੇ, ਨਿਯਮਾਂ ਅਨੁਸਾਰ ਹਿਜਾਬ ਨਾ ਪਹਿਨਣ 'ਤੇ ਕੋੜੇ ਮਾਰਨਾ ਅਸਾਧਾਰਨ ਹੈ। ਹਾਲਾਂਕਿ ਜਦੋਂ ਤੋਂ ਔਰਤਾਂ ਦੇ ਡਰੈੱਸ ਕੋਡ ਨੂੰ ਲੈ ਕੇ ਵਿਰੋਧ ਸ਼ੁਰੂ ਹੋਇਆ ਹੈ, ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ 'ਤੇ ਸਖ਼ਤੀ ਵਧ ਗਈ ਹੈ।

# ਕੈਨੇਡਾ 'ਚ ਮਾਰੇ ਗਏ ਸਿੱਖ ਜੋੜੇ ਦੇ ਪਰਿਵਾਰ ਨੇ ਬਰੈਂਪਟਨ 'ਚ ਕੱਢਿਆ ਕੈਂਡਲ ਮਾਰਚ, ਇਨਸਾਫ਼ ਦੀ ਕੀਤੀ ਮੰਗ

ਓਟਾਵਾ : ਕੈਨੇਡਾ ਦੇ ਓਨਟਾਰੀਓ ਸੂਬੇ ਵਿੱਚ ਪਿਛਲੇ ਸਾਲ ਨਵੰਬਰ ਵਿੱਚ ਹੋਈ ਗੋਲੀਬਾਰੀ ਵਿੱਚ ਮਾਰੇ ਗਏ ਸਿੱਖ ਜੋੜੇ ਦੇ ਪਰਿਵਾਰ ਨੇ ਵੀਕੈਂਡ 'ਤੇ ਕੈਂਡਲ ਮਾਰਚ ਕੱਢਦੇ ਹੋਏ ਇਨਸਾਫ਼ ਦੀ ਮੰਗ ਕੀਤੀ, ਕਿਉਂਕਿ ਇਸ ਮਾਮਲੇ ਵਿੱਚ ਹਾਲੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। CPBD ਨਿਊਜ਼ ਚੈਨਲ ਮੁਤਾਬਕ ਜਗਤਾਰ ਸਿੰਘ (57) ਅਤੇ ਹਰਭਜਨ ਕੌਰ (55) ਦੇ ਪਰਿਵਾਰ ਨੇ ਸ਼ਨੀਵਾਰ ਨੂੰ ਬਰੈਂਪਟਨ ਵਿੱਚ ਕੈਂਡਲ ਮਾਰਚ ਦਾ ਆਯੋਜਨ ਕੀਤਾ ਸੀ। ਦੱਸ ਦੇਈਏ ਕੇ ਜਗਤਾਰ ਸਿੰਘ, ਉਨ੍ਹ ?ਹਾਂ ਦੀ ਪਤਨੀ ਹਰਭਜਨ ਕੌਰ ਅਤੇ ਉਨ੍ਹਾਂ ਦੀ ਧੀ ਨੂੰ 21 ਨਵੰਬਰ 2023 ਨੂੰ ਕੈਲੇਡਨ-ਬਰੈਂਪਟਨ ਸਰਹੱਦ ਦੇ ਨਾਲ ਏਅਰਪੋਰਟ ਰੋਡ ਨੇੜੇ ਮੇਫੀਲਡ ਰੋਡ 'ਤੇ ਉਨ੍ਹਾਂ ਦੇ ਘਰ ਵਿਚ ਗੋਲੀਆਂ ਮਾਰੀਆਂ ਗਈਆਂ ਸਨ।



ਇਸ ਗੋਲੀਬਾਰੀ ਵਿਚ ਜਗਤਾਰ ਸਿੰਘ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ, ਜਦੋਂਕਿ ਉਨ੍ਹਾਂ ਦੀ ਪਤਨੀ ਨੇ ਬਾਅਦ ਵਿਚ ਹਸਪਤਾਲ ਵਿਚ ਦਮ ਤੋੜ ਦਿੱਤਾ। ਉਨ੍ਹਾਂ ਦੀ ਧੀ, ਜੋ ਕਿ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ ਸੀ, ਹਸਪਤਾਲ 'ਚ ਦਾਖ਼ਲ ਹੈ। ਜੋੜੇ ਦੇ ਪੁੱਤਰ ਗੁਰਦਿੱਤ ਸਿੰਘ ਸਿੱਧੂ ਨੇ ਉਨ੍ਹਾਂ ਨੂੰ 'ਚੰਗੇ' ਲੋਕਾਂ ਵਜੋਂ ਯਾਦ ਕੀਤਾ ਜੋ ਦੂਜਿਆਂ ਦੀ ਮਦਦ ਕਰਦੇ ਸਨ। ਰਿਪੋਰਟ ਮੁਤਾਬਕ ਗੁਰਦਿੱਤ ਨੇ ਕਿਹਾ ਕਿ ਉਹ ਮੰਨਦਾ ਹੈ ਕਿ ਉਸ ਦੇ ਮਾਤਾ-ਪਿਤਾ, ਜੋ ਭਾਰਤ ਤੋਂ ਉਸ ਨੂੰ ਮਿਲਣ ਆਏ ਸਨ, 'ਗਲਤ ਸਮੇਂ 'ਤੇ ਗਲਤ ਜਗ੍ਹਾ 'ਤੇ ਸਨ।' ਗੁਰਦਿੱਤ ਨੇ ਦਾਅਵਾ ਕਰਦੇ ਹੋਏ ਕਿਹਾ ਕਿ ਪੀਲਜ਼ ਰੀਜਨਲ ਪੁਲਸ ਦੇ ਅਧਿਕਾਰੀ ਗੋਲੀਬਾਰੀ ਤੋਂ ਕੁਝ ਦਿਨ ਪਹਿਲਾਂ ਉਸਦੇ ਮਾਪਿਆਂ ਨੂੰ ਮਿਲਣ ਗਏ ਸਨ। ਉਨ੍ਹਾਂ ਨੂੰ ਪਤਾ ਹੋਵੇਗਾ ਕਿ ਕੁਝ ਹੋਣ ਵਾਲਾ ਹੈ। ਗੁਰਦਿੱਤ ਨੇ ਕਿਹਾ ਕਿ ਉਸ ਨੂੰ ਲੱਗਦਾ ਹੈ ਕਿ ਗੋਲੀਬਾਰੀ ਅਤੇ ਉਸਦੇ ਮਾਤਾ-ਪਿਤਾ ਦੀ ਮੌਤ ਨੂੰ ਟਾਲਿਆ ਜਾ ਸਕਦਾ ਸੀ।

ਕੈਂਡਲ ਮਾਰਚ ਦੌਰਾਨ ਹਾਜ਼ਰ ਲੋਕਾਂ ਨੇ ਤਖ਼ਤੀਆਂ ਫੜੀਆਂ ਹੋਈਆਂ ਸਨ, ਜਿਸ ਵਿੱਚ ਲਿਖਿਆ ਸੀ: 'ਬੇਕਸੂਰ ਸੈਲਾਨੀਆਂ ਨੂੰ ਬੇਰਹਿਮੀ ਨਾਲ ਮਾਰਿਆ ਗਿਆ', 'ਕੀ ਕੈਨੇਡਾ ਵਿੱਚ ਰਹਿਣਾ ਸੁਰੱਖਿਅਤ ਹੈ?', 'ਗੈਰ-ਕਾਨੂੰਨੀ ਹਥਿਆਰ ਬੰਦ ਕਰੋ' ਅਤੇ 'ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਅਸਫ਼ਲ'। ਉਸ ਦੇ ਚਚੇਰੇ ਭਰਾ ਪਰਮਵੀਰ ਭੱਟੀ ਨੇ ਕਿਹਾ ਕਿ ਉਹ ਸਰਕਾਰ ਦੇ ਸਾਰੇ ਪੱਧਰਾਂ ਤੋਂ ਠੋਸ ਕਾਰਵਾਈਆਂ ਚਾਹੁੰਦੇ ਹਨ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਭਾਈਚਾਰਾ ਸੁਰੱਖਿਅਤ ਹੈ ਅਤੇ ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, 'ਇੱਕ ਵਾਰ (ਸ਼ੱਕੀ) ਫੜੇ ਜਾਣ ਤੋਂ ਬਾਅਦ, ਉਨ੍ਹਾਂ ਨੂੰ ਬਿਨਾਂ ਪੈਰੋਲ ਦੇ ਜ਼ਿੰਦਗੀ ਭਰ ਲਈ ਸਲਾਖਾਂ ਪਿੱਛੇ ਰਹਿਣਾ ਚਾਹੀਦਾ ਹੈ। ਅਸੀਂ ਇਹੀ ਚਾਹੁੰਦੇ ਹਾਂ।' ਰਿਪੋਰਟ ਦੇ ਅਨੁਸਾਰ, ਓਨਟਾਰੀਓ ਪ੍ਰੋਵਿੰਸ਼ੀਅਲ ਪੁਲਸ (ਓਪੀਪੀ), ਜੋ ਮਾਮਲੇ ਦੀ ਜਾਂਚ ਕਰ ਰਹੀ ਹੈ, ਨੇ ਗੋਲੀਬਾਰੀ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਹੈ।


American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience


(209) 405-1544
127 Darcy Parkway, Lathrop, CA 95330

# ਪਰਵਿੰਦਰ ਕੌਰ ਬਣੀ ਐਨਆਰਆਈ ਸਭਾ ਦੀ ਪ੍ਰਧਾਨ

## ਪੰਜਾਬ ਸਰਕਾਰ ਪਰਵਾਸੀ ਭਾਰਤੀਆਂ ਦੀ ਭਲਾਈ ਲਈ ਵਚਨਬੱਧ: ਧਾਲੀਵਾਲ



ਜਲੰਧਰ : ਐੱਨਆਰਆਈ ਸਭਾ ਦੇ ਨਵੇਂ ਪ੍ਰਧਾਨ ਦੀ ਚੋਣ ਲਈ ਅੱਜ ਇੱਥੇ ਵੋਟਿੰਗ ਹੋਈ। ਸਭਾ ਦੇ ਕੁੱਲ 23 ਹਜ਼ਾਰ 600 ਐੱਨਆਰਆਈ ਵੋਟਰਾਂ ਵਿੱਚੋਂ ਸਿਰਫ਼ 168 ਵੋਟਰ ਹੀ ਆਪਣੀ ਵੋਟ ਪਾਉਣ ਲਈ ਆਏ। ਨਤੀਜਾ ਆਉਣ ਤੋਂ ਪਹਿਲਾਂ ਕਮਲਜੀਤ ਹੇਅਰ, ਜਸਬੀਰ ਗਿੱਲ ਅਤੇ ਪਰਵਿੰਦਰ ਕੌਰ ਦੇ ਨਾਂ ਪ੍ਰਧਾਨ ਬਣਨ ਦੀ ਦੌੜ ਵਿੱਚ ਸ਼ਾਮਲ ਸਨ। ਸ਼ਾਮ ਕਰੀਬ 6 ਵਜੇ ਐਲਾਨੇ ਨਤੀਜੇ ਤਹਿਤ ਪਰਵਿੰਦਰ ਕੌਰ ਨੂੰ ਜੇਤੂ ਐਲਾਨਿਆ ਗਿਆ। ਪਰਵਿੰਦਰ ਕੌਰ ਕਰੀਬ 147 ਵੋਟਾਂ ਨਾਲ ਜੇਤੂ ਰਹੀ ਜਦੋਂਕਿ ਉਨ੍ਹਾਂ ਦੇ ਵਿਰੋਧੀ ਗਿੱਲ ਨੂੰ ਸਿਰਫ਼ 12 ਵੋਟਾਂ ਮਿਲੀਆਂ। ਇਸ ਦੇ ਨਾਲ ਹੀ ਸੱਤ ਵੋਟਾਂ ਰੱਦ ਕਰ ਦਿੱਤੀਆਂ ਗਈਆਂ।

ਵੋਟਿੰਗ ਸਵੇਰੇ 9 ਵਜੇ ਸ਼ੁਰੂ ਹੋਈ। ਇਹ ਵੋਟਿੰਗ ਸ਼ਾਮ 5 ਵਜੇ ਤੱਕ ਜਾਰੀ ਰਹੀ। ਵੋਟਾਂ ਦੀ ਗਿਣਤੀ ਤੋਂ ਬਾਅਦ ਸ਼ਾਮ ਕਰੀਬ 6 ਵਜੇ ਨਵੇਂ ਸਭਾ ਦੇ ਨਵੇਂ ਪ੍ਰਧਾਨ ਦਾ ਐਲਾਨ ਕਰ ਦਿੱਤਾ ਗਿਆ। ਬਾਅਦ ਦੁਪਹਿਰ ਵੋਟਿੰਗ ਦੌਰਾਨ ਹੰਗਾਮਾ ਵੀ ਹੋਇਆ। ਜਸਬੀਰ ਸਿੰਘ ਗਿੱਲ ਸਾਥੀਆਂ ਸਣੇ ਐੱਨਆਰਆਈ ਸਭਾ ਦੇ ਦਫ਼ਤਰ ਦੇ ਬਾਹਰ ਧਰਨੇ ’ਤੇ ਬੈਠ ਗਏ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਮਿਲੀਭੁਗਤ ਨਾਲ ਚੋਣ ਪ੍ਰਕਿਰਿਆ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਜਸਬੀਰ ਸਿੰਘ ਗਿੱਲ ਨੇ ਕਿਹਾ ਕਿ ਸਿਰਫ਼ ਉਹੀ ਵੋਟਾਂ ਪਾਈਆਂ ਜਾ ਰਹੀਆਂ ਹਨ, ਜੋ ਜਲੰਧਰ ਨਾਲ ਸਬੰਧਤ ਹਨ। ਗਿੱਲ ਧੜੇ ਨੇ ਵੀ ਚੋਣਾਂ ਦੌਰਾਨ ਵੋਟਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਵੋਟਰਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਲਾਈਫਟਾਈਮ ਮੈਂਬਰਸ਼ਿਪ ਹੈ ਪਰ ਫਿਰ ਵੀ ਉਨ੍ਹਾਂ ਨੂੰ ਵੋਟ ਨਹੀਂ ਪਾਉਣ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੋਟਿੰਗ ਸਮੇਂ ਪਾਸਪੋਰਟ ਜ਼ਰੂਰੀ ਕਰ ਦਿੱਤਾ ਗਿਆ ਹੈ, ਜਿਸ ਕਾਰਨ ਪਿੰਡਾਂ ਤੋਂ ਆਏ ਵੋਟਰ ਵੋਟ ਪਾਉਣ ਤੋਂ ਵਾਂਝੇ ਰਹਿ ਗਏ।

ਪੰਜਾਬ ਦੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਿਦੇਸ਼ਾਂ ’ਚ ਵੱਸਦੇ ਪੰਜਾਬੀਆਂ ਦੀ ਭਲਾਈ ਲਈ ਵਚਨਬੱਧ ਹੈ। ਅੱਜ ਇੱਥੇ ਜਲੰਧਰ ਵਿੱਚ ਐੱਨਆਰਆਈ ਸਭਾ ਪੰਜਾਬ ਦੀ ਚੋਣ ਪਿੱਛੋਂ ਸਭਾ ਦੀ ਪਹਿਲੀ ਮਹਿਲਾ ਪ੍ਰਧਾਨ ਚੁਣੇ ਜਾਣ ’ਤੇ ਪਰਮਿੰਦਰ ਕੌਰ ਬੰਗਾ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਭਾ ਦੀ ਸਰਗਰਮੀ ਨਾਲ ਪੰਜਾਬ ਸਰਕਾਰ ਪਰਵਾਸੀ ਭਾਰਤੀਆਂ ਨੂੰ ਦਰਪੇਸ਼ ਮਾਮਲਿਆਂ ਨੂੰ ਪਹਿਲ ਨਾਲ ਹੱਲ ਕਰ ਸਕੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪਰਵਾਸੀ ਭਾਰਤੀਆਂ ਦੀਆਂ ਪੰਜਾਬ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ 3 ਫਰਵਰੀ ਤੋਂ ਪੰਜਾਬ ਸਰਕਾਰ ਐੱਨਆਰਆਈ ਮਿਲਣੀਆਂ ਕਰਵਾਉਣ ਜਾ ਰਹੀ ਹੈ ਇਸ ਤਹਿਤ ਪਹਿਲੀ ਮਿਲਣੀ ਪਠਾਨਕੋਟ ਵਿੱਚ ਹੋਵੇਗੀ। ਪੰਜਾਬ ਸਰਕਾਰ ਵੱਲੋਂ ਅਜਿਹੀਆਂ ਕੁੱਲ 6 ਮਿਲਣੀਆਂ ਕਰਵਾਈਆਂ ਜਾਣਗੀਆਂ। ਇਸ ਮੌਕੇ ਸੰਸਦ ਮੈਂਬਰ ਸ਼ੁਸ਼ੀਲ ਕੁਮਾਰ ਰਿੰਕੂ, ਵਿਧਾਇਕਾ ਇੰਦਰਜੀਤ ਕੌਰ ਮਾਨ, ‘ਆਪ’ ਆਗੂ ਦੀਪਕ ਬਾਲੀ ਹਾਜ਼ਰ ਸਨ।

## ਸੁਲਤਾਨਪੁਰ ਦੇ ਗੁਰਦੁਆਰੇ ’ਚ ਗੋਲੀਬਾਰੀ ਦੀ ਘਟਨਾ ਲਈ ਮੁੱਖ ਮੰਤਰੀ ਜ਼ਿੰਮੇਵਾਰ: ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਸ੍ਰੀ ਅਕਾਲ ਬੁੰਗਾ ’ਚ ਪਿਛਲੇ ਦਿਨੀਂ ਗੋਲੀ ਚਲਾਉਣ ਅਤੇ ਮਰਿਆਦਾ ਦੇ ਨਿਰਾਦਰ ਦੀ ਘਟਨਾ ਲਈ ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕੀਤੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕੀਤਾ ਹੈ। ਜਾਂਚ ਰਿਪੋਰਟ ਨੂੰ ਅੱਜ ਇੱਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਨਤਕ ਕੀਤਾ ਗਿਆ। ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕੋਲ ਗ੍ਰਹਿ ਵਿਭਾਗ ਵੀ ਹੈ ਅਤੇ ਜਾਂਚ ਰਿਪੋਰਟ ਵਿੱਚ ਇਸ ਮਾਮਲੇ ਦੇ ਉਹ ਮੁੱਖ ਦੋਸ਼ੀ ਬਣਦੇ ਹਨ।

ਉਨ੍ਹਾਂ ਜਾਂਚ ਰਿਪੋਰਟ ਜਨਤਕ ਕਰਦਿਆਂ ਕਿਹਾ ਕਿ 23 ਨਵੰਬਰ ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਦੀ ਘਟਨਾ ਦੀ ਜਾਂਚ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤੇ ਗਏ ਸਨ। ਇਸ ਅਨੁਸਾਰ ਪੰਜ ਮੈਂਬਰੀ ਜਾਂਚ ਕਮੇਟੀ ਬਣਾਈ ਗਈ ਸੀ, ਜਿਸ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ। ਕਮੇਟੀ ਨੇ ਜਾਂਚ ਦੌਰਾਨ ਚਸ਼ਮਦੀਦ ਗਵਾਹਾਂ, ਨਿਹੰਗ ਜਥੇਬੰਦੀਆਂ ਦੇ ਮੁਖੀਆਂ, ਮੀਡੀਆ ਕਰਮੀਆਂ, ਗੁਰਦੁਆਰੇ ਦੇ ਸੇਵਾਦਾਰਾਂ ਅਤੇ ਪ੍ਰਤੱਖ ਦਰਸ਼ੀਆਂ ਦੇ ਬਿਆਨ ਕਲਮਬੰਦ ਕੀਤੇ ਹਨ। ਉਨ੍ਹਾਂ ਕਿਹਾ ਕਿ ਬਿਆਨਾਂ ਤੋਂ ਸਾਹਮਣੇ ਆਇਆ ਹੈ।

ਕਿ ਗੁਰਦੁਆਰੇ ’ਚ ਗੋਲੀ ਚਲਾਉਣ ਤੋਂ ਪਹਿਲਾਂ ਕੋਈ ਚਿਤਾਵਨੀ ਨਹੀਂ ਦਿੱਤੀ ਗਈ। ਦੂਜੇ ਪਾਸੇ ਗੁਰਦੁਆਰੇ ਅੰਦਰ ਕਿਸੇ ਕਿਸਮ ਦੇ ਝਗੜੇ ਦੇ ਸੰਕੇਤ ਨਹੀਂ ਮਿਲੇ। ਉਥੇ ਅੰਦਰ ਅਖੰਡ ਪਾਠ ਚੱਲ ਰਿਹਾ ਸੀ, ਜਿੱਥੇ ਪੁਲੀਸ ਨੇ ਗੋਲੀਆਂ ਚਲਾਈਆਂ, ਅੱਥਰੂ ਗੈਸ ਛੱਡੀ ਅਤੇ ਗੁਰਦੁਆਰੇ ਅੰਦਰ ਜੁੱਤੀਆਂ ਸਣੇ ਦਾਖ਼ਲ ਹੋ ਕੇ ਅਖੰਡ ਪਾਠ ਦੀ ਮਰਿਆਦਾ ਭੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਥੇ ਪੁਲੀਸ ਨੇ ਹਜ਼ਾਰ ਤੋਂ ਵੱਧ ਗੋਲੀਆਂ ਚਲਾਈਆਂ। ਇਸ ਮਾਮਲੇ ਵਿਚ ਪੁਲੀਸ ਵਾਲਿਆਂ ’ਤੇ ਕਾਰਵਾਈ ਕਰਨ ਦੀ ਥਾਂ ਨਿਹੰਗਾਂ ’ਤੇ ਪਰਚੇ ਦਰਜ ਕਰ ਦਿੱਤੇ ਗਏ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦਾਅਵਾ ਕੀਤਾ ਕਿ ਜਾਂਚ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਅਧਿਕਾਰੀ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੇ ਹਨ।

ਇਸ ’ਤੇ ਚੱਲਦਿਆਂ ਹੀ ਡੀਸੀ ਅਤੇ ਐੱਸਐੱਸਪੀ ਕਪੂਰਥਲਾ ਨੇ ਜਾਂਚ ਵਿਚ ਕੋਈ ਸਹਿਯੋਗ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਰਿਪੋਰਟ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮਾਮਲੇ ’ਤੇ ਬਣਦੀ ਕਾਰਵਾਈ ਕੀਤੀ ਜਾਵੇ।

## ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਬਰਸੀ ਮਨਾਈ

ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸਮੂਹ ’ਚ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਬਰਸੀ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਖ਼ਾਲਸਾ ਦੇ ਜਥੇ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਕਿਹਾ ਕਿ ਕੌਮ ਲਈ ਆਪਾ ਵਾਰਨ ਵਾਲੇ ਸ਼ਹੀਦਾਂ ਨੂੰ ਯਾਦ ਕਰਨਾ ਸਾਡਾ ਕੌਮੀ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ 1984 ’ਚ ਤੱਤਕਾਲੀ ਕਾਂਗਰਸ ਸਰਕਾਰ ਨੇ ਫ਼ੌਜੀ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਤੇ ਅਨੇਕਾਂ ਬੇਦੋਸ਼ੀਆਂ ਸੰਗਤਾਂ ਨੂੰ ਸ਼ਹੀਦ ਕੀਤਾ। ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ ਤੇ ਭਾਈ ਕੇਹਰ ਸਿੰਘ ਨੇ ਇਸ ਦਾ ਬਦਲਾ ਲੈਂਦਿਆਂ ਸਿੱਖ ਕੌਮ ਦਾ ਸਿਰ ਉੱਚਾ ਕੀਤਾ ਅਤੇ ਸ਼ਹਾਦਤ ਪ੍ਰਾਪਤ ਕੀਤੀ।



ਉਨ੍ਹਾਂ ਕਿਹਾ ਕਿ ਇਹ ਕੌਮ ਦੇ ਮਹਾਨ ਸ਼ਹੀਦ ਹਨ, ਜਿਨ੍ਹਾਂ ਨੂੰ ਸਿੱਖ ਕੌਮ ਹਮੇਸ਼ਾ ਯਾਦ ਰੱਖੇਗੀ। ਸਮਾਗਮ ਦੌਰਾਨ ਸ਼ਹੀਦ ਭਾਈ ਸਤਵੰਤ ਸਿੰਘ ਦੇ ਭਰਾ ਭਾਈ ਵਰਿਆਮ ਸਿੰਘ ਤੇ ਹੋਰ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਸਕੱਤਰ ਸ. ਪ੍ਰਤਾਪ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਮੈਨੇਜਰ ਸ. ਬਘੇਲ ਸਿੰਘ, ਸ. ਜਗਤਾਰ ਸਿੰਘ, ਸ. ਇਕਬਾਲ ਸਿੰਘ ਮੁਖੀ, ਦਲ ਖਾਲਸਾ ਦੇ ਆਗੂ ਸ. ਕੰਵਲਪਾਲ ਸਿੰਘ, ਪ੍ਰੋ. ਬਲਜਿੰਦਰ ਸਿੰਘ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸ. ਉਪਕਾਰ ਸਿੰਘ ਸੰਧੂ, ਭਾਈ ਮੋਹਕਮ ਸਿੰਘ, ਸ. ਬਲਵੰਤ ਸਿੰਘ ਗੋਪਾਲਾ, ਸ. ਜਰਨੈਲ ਸਿੰਘ ਸਖੀਰਾ ਸਮੇਤ ਸੰਗਤਾਂ ਮੌਜੂਦ ਸਨ।

## ਭਾਈ ਜਗਤਾਰ ਸਿੰਘ ਹਵਾਰਾ ਦੇ ਕੇਸ ਦੀ ਸੁਣਵਾਈ ਹੁਣ 15 ਨੂੰ

ਐਸ. ਏ. ਐੱਸ. ਨਗਰ : ਭਾਈ ਜਗਤਾਰ ਸਿੰਘ ਹਵਾਰਾ ਦੇ ਬਾਕੀ ਕੇਸਾਂ ’ਚੋਂ ਬਰੀ ਹੋਣ ਤੋਂ ਬਾਅਦ ਹੁਣ ਇਕ ਕੇਸ ਥਾਣਾ ਸਦਰ ਖਰੜ ਹੀ ਬਾਕੀ ਰਹਿ ਗਿਆ ਹੈ। ਇਸ ਸੰਬੰਧੀ ਭਾਈ ਹਵਾਰਾ ਦੇ ਵਕੀਲ ਦਿਲਸ਼ੇਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੇਸ ਦੀ ਅੱਜ 8 ਜਨਵਰੀ ਨੂੰ ਜੱਜ ਕ੍ਰਿਸ਼ਨ ਕੁਮਾਰ ਸਿੰਗਲਾ ਦੀ ਅਦਾਲਤ ’ਚ ਸੁਣਵਾਈ ਹੋਣੀ ਸੀ, ਪਰ ਅੱਜ ਜੱਜ ਸਾਹਿਬ ਦੇ ਛੁੱਟੀ ’ਤੇ ਹੋਣ ਕਰਕੇ ਅਗਲੀ ਤਰੀਕ 15 ਜਨਵਰੀ ਪਾ ਦਿੱਤੀ ਗਈ ਹੈ। ਇਹ ਕੇਸ ਫਾਸਟ ਟਰੈਕ ’ਤੇ ਲੱਗਾ ਹੋਇਆ ਹੈ, ਜਿਸ ’ਚ ਗਵਾਹ ਵਜੋਂ ਸੇਵਾ-ਮੁਕਤ ਪੁਲਿਸ ਮੁਲਾਜ਼ਮ ਵੀ ਆਏ ਹੋਏ ਸਨ। ਹੁਣ ਇਸ ਕੇਸ ਦੀ ਸੁਣਵਾਈ 15 ਜਨਵਰੀ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਇਹ ਮਾਮਲਾ ਸਾਲ 2005 ’ਚ ਐਫ. ਆਈ. ਆਰ. ਨੰ. 144 ਅਧੀਨ ਦਰਜ ਹੋਇਆ ਸੀ, ਜਿਸ ਦਾ ਜਲਦ ਹੀ ਫ਼ੈਸਲਾ ਆਉਣ ਦੀ ਆਸ ਹੈ।



## ਗਣਤੰਤਰ ਦਿਵਸ ਨੂੰ ਕਾਲੇ ਦਿਨ ਵਜੋਂ ਮਨਾਉਂਦਿਆਂ 26 ਨੂੰ ਮੋਗਾ ਵਿਖੇ ਕੱਢਿਆ ਜਾਵੇਗਾ ਰੋਸ ਮਾਰਚ : ਸਿਮਰਨਜੀਤ ਸਿੰਘ ਮਾਨ, ਕੰਵਰਪਾਲ ਸਿੰਘ

ਅੰਮ੍ਰਿਤਸਰ : ਸਿੱਖ ਜਥੇਬੰਦੀਆਂ ਦਲ ਖ਼ਾਲਸਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਭਾਰਤ ਅੰਦਰ ਘੱਟ-ਗਿਣਤੀਆਂ ਅਤੇ ਸਿੱਖਾਂ ਨਾਲ ਕੀਤੇ ਜਾ ਰਹੇ ਅਨਿਆਂ ਅਤੇ ਕਥਿਤ ਅੱਤਿਆਚਾਰਾਂ ਵਿਰੁੱਧ ਗਣਤੰਤਰ ਦਿਵਸ ਨੂੰ ਕਾਲੇ ਦਿਨ ਵਜੋਂ ਮਨਾਉਂਦਿਆਂ 26 ਜਨਵਰੀ ਨੂੰ ਸਾਂਝੇ ਤੌਰ ’ਤੇ ਮੋਗਾ ਵਿਖੇ ਰੋਸ ਮਾਰਚ ਕੱਢਣ ਦਾ ਐਲਾਨ ਕੀਤਾ ਹੈ। ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਤੇ ਅਕਾਲੀ ਦਲ (ਅ) ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਕਿ ਭਾਰਤ ਅੰਦਰ ਸੰਵਿਧਾਨ ਦੀਆਂ ਧਾਰਾਵਾਂ ਦੀ ਕਦੇ ਵਰਤੋਂ, ਕਦੇ ਦੁਰਵਰਤੋਂ ਕਰਕੇ ਭਾਰਤ ਦੇ ਹੁਕਮਰਾਨਾਂ ਅਤੇ ਬੇਲਗਾਮ ਏਜੰਸੀਆਂ (ਡੀਪ ਸਟੇਟ) ਵਲੋਂ ਘੱਟ-ਗਿਣਤੀਆਂ, ਖਾਸਕਰ ਸਿੱਖਾਂ ਦਾ ਘਾਣ ਲਗਾਤਾਰ ਜਾਰੀ ਹੈ, ਜਿਸ ਪ੍ਰਤੀ ਉਹ 26 ਜਨਵਰੀ ਨੂੰ ਸਖ਼ਤ ਵਿਰੋਧ ਦਰਜ ਕਰਾਉਣਗੇ।



ਅੰਮ੍ਰਿਤਸਰ ਵਿਖੇ ਗੱਲਬਾਤ ਕਰਦੇ ਹੋਏ ਸ੍ਰ. ਕੰਵਰਪਾਲ ਸਿੰਘ ਤੇ ਸ੍ਰ. ਸਿਮਰਨਜੀਤ ਸਿੰਘ ਮਾਨ, ਨਾਲ ਸ੍ਰ. ਪਰਮਜੀਤ ਸਿੰਘ ਮੰਡਲ, ਸ੍ਰ. ਉਪਕਾਰ ਸਿੰਘ ਸੰਧੂ ਤੇ ਹੋਰ ਆਗੂ।

# ਖੁਸ਼ਕਿਸਮਤ ਹਾਂ ਕਿ ਭਾਰਤ ਸਾਡਾ ਭਰੋਸੇਯੋਗ ਦੋਸਤ ਹੈ

## *ਪੰਜਵੀਂ ਵਾਰ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਬਣੇਗੀ ਸ਼ੇਖ ਹਸੀਨਾ*

ਢਾਕਾ : ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਪੰਜਵੀਂ ਵਾਰ ਪ੍ਰਧਾਨ ਮੰਤਰੀ ਬਣਨ ਜਾ ਰਹੀ ਹੈ। ਉਨ੍ਹਾਂ ਦੀ ਪਾਰਟੀ ਅਵਾਮੀ ਲੀਗ ਨੇ ਆਮ ਚੋਣਾਂ ’ਚ ਵੱਡਾ ਬਹੁਮਤ ਹਾਸਿਲ ਕੀਤਾ ਹੈ। ਮੁੱਖ ਵਿਰੋਧੀ ਧਿਰ ਬੀ.ਐਨ.ਪੀ. ਤੇ ਇਸ ਦੇ ਸਹਿਯੋਗੀਆਂ ਦੇ ਬਾਈਕਾਟ ਤੇ ਹਿੰਸਾ ਦੇ ਬਾਵਜੂਦ ਉਨ੍ਹਾਂ ਦੀ ਅਵਾਮੀ ਲੀਗ ਪਾਰਟੀ ਨੇ ਆਮ ਚੋਣਾਂ ’ਚ ਭਾਰੀ ਬਹੁਮਤ ਹਾਸਿਲ ਕੀਤਾ ਹੈ। ਸ਼ੇਖ ਹਸੀਨਾ ਦੀ ਪਾਰਟੀ ਨੇ 300 ਸੀਟਾਂ ਵਾਲੀ ਸੰਸਦ ’ਚ 223 ਸੀਟਾਂ ਜਿੱਤੀਆਂ ਹਨ। ਲਗਾਤਾਰ ਚੌਥੀ ਵਾਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਕਿਹਾ ਕਿ ਉਹ ਮਾਂ ਵਾਂਗ ਆਪਣੇ ਦੇਸ਼ ਦੇ ਲੋਕਾਂ ਦੀ ਦੇਖਭਾਲ ਕਰਦੀ ਹੈ। ਉਨ੍ਹਾਂ ਕਿਹਾ ਕਿ ਅਸਲ ’ਚ ਜਦੋਂ ਤੁਸੀਂ ਦੇਸ਼ ਨੂੰ ਚਲਾਉਂਦੇ ਹੋ ਤੁਹਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਤੁਸੀਂ ਇਕ ਆਦਮੀ ਹੋ ਜਾਂ ਇਕ ਔਰਤ। ਉਨ੍ਹਾਂ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ



ਭਾਰਤ ਸਾਡਾ ਭਰੋਸੇਯੋਗ ਦੋਸਤ ਹੈ। 1975 ਤੋਂ ਬਾਅਦ ਜਦੋਂ ਸਾਡਾ ਪਰਿਵਾਰ ਤਬਾਹ ਹੋ ਗਿਆ ਸੀ ਤਾਂ ਭਾਰਤ ਨੇ ਸਾਨੂੰ ਸ਼ਰਨ ਦਿੱਤੀ। ਇਸ ਲਈ ਭਾਰਤੀਆਂ ਲਈ ਸਾਡੀਆਂ ਸ਼ੁਭਕਾਮਨਾਵਾਂ। ਮੈਂ ਇਹ ਯਕੀਨੀ ਕਰਨਾ ਚਾਹੁੰਦੀ ਹਾਂ ਕਿ ਬੰਗਲਾਦੇਸ਼ ’ਚ ਲੋਕਤੰਤਰ ਜਾਰੀ ਰਹੇ। ਅਵਾਮੀ ਲੀਗ ਦੀ ਜਿੱਤ ਤੋਂ ਬਾਅਦ ਢਾਕਾ ’ਚ ਭਾਰਤੀ ਰਾਜਦੂਤ ਪ੍ਰਣਯ ਵਰਮਾ ਨੇ ਸ਼ੇਖ ਹਸੀਨਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਗੁਲਦਸਤਾ ਭੇਟ ਕੀਤਾ ਤੇ ਭਾਰਤ ਸਰਕਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰਫੋਂ ਸ਼ੇਖ ਹਸੀਨਾ ਨੂੰ ਉਨ੍ਹਾਂ ਦੀ ਜਿੱਤ ’ਤੇ ਵਧਾਈ ਦਿੱਤੀ। ਪ੍ਰਣਯ ਵਰਮਾ ਨੇ ਉਮੀਦ ਜਤਾਈ ਹੈ ਕਿ ਸ਼ੇਖ ਹਸੀਨਾ ਦੀ ਨਵੀਂ ਪਾਰੀ ’ਚ ਦੋਵਾਂ ਦੇਸ਼ਾਂ ਦੇ ਰਿਸ਼ਤੇ ਹੋਰ ਮਜ਼ਬੂਤ ਹੋਣਗੇ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਆਪਣੀ ਪਾਰਟੀ ਅਵਾਮੀ ਲੀਗ ਦੇ ਨੇਤਾਵਾਂ ਤੇ ਵਰਕਰਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਜਿੱਤ ਦਾ ਜਸ਼ਨ ਨਾ ਮਨਾਉਣ ਤੇ ਨਾ ਹੀ ਕੋਈ ਰੈਲੀ ਜਾਂ ਜਲੂਸ ਕੱਢਣ। ਹਸੀਨਾ ਦੇ ਸਕੱਤਰ ਸਿਆਮ ਖਾਨ ਨੇ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਇਸ ਸਬੰਧ ’ਚ ਇਕ ਬਿਆਨ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਨਤੀਜਿਆਂ ਦਾ ਐਲਾਨ ਹੋਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਹਿੰਸਾ ਨਹੀਂ ਹੋਣੀ ਚਾਹੀਦੀ, ਕਿਉਂਕਿ ਇਸ ਨਾਲ ਦੇਸ਼ ਦਾ ਨੁਕਸਾਨ ਹੁੰਦਾ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਬੰਗਲਾਦੇਸ਼ ਦੀਆਂ ਚੋਣਾਂ ’ਚ ਜਿੱਤ ’ਤੇ ਹਸੀਨਾ ਨੂੰ ਵਧਾਈ ਦਿੱਤੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੋਣਾਂ ’ਚ ਜਿੱਤ ਦਰਜ ਕਰਨ ’ਤੇ ਆਪਣੇ ਬੰਗਲਾਦੇਸ਼ੀ ਹਮਰੁਤਬਾ ਸ਼ੇਖ ਹਸੀਨਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਭਾਰਤ ਆਪਣੇ ਗੁਆਂਢੀ ਦੇਸ਼ ਨਾਲ ਸਾਂਝ ਨੂੰ ਮਜ਼ਬੂਤ ਕਰਨ ਲਈ ਵਚਨਬਧ ਹੈ। ਮੋਦੀ ਨੇ ‘ਐਕਸ’ ’ਤੇ ਪੋਸਟ ’ਚ ਕਿਹਾ, ‘ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਂਲ ਗੱਲ ਕੀਤੀ ਅਤੇ ਸੰਸਦੀ ਚੋਣਾਂ ’ਚ ਲਗਾਤਾਰ ਚੌਥੀ ਵਾਰ ਇਤਿਹਾਸਕ ਜਿੱਤ ’ਤੇ ਉਨ੍ਹਾਂ ਨੂੰ ਵਧਾਈ ਦਿੱਤੀ। ਬੰਗਲਾਦੇਸ਼ ਦੀ 67 ਸਾਲਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਲਗਾਤਾਰ ਚੌਥੀ ਵਾਰ ਆਮ ਚੋਣਾਂ ਜਿੱਤੀਆਂ ਹਨ। ਮੁੱਖ ਵਿਰੋਧੀ ਧਿਰ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਅਤੇ ਇਸ ਦੇ ਸਹਿਯੋਗੀਆਂ ਵੱਲੋਂ ਚੋਣਾਂ ਦੇ ਬਾਈਕਾਟ ਨੇ ਹਸੀਨਾ ਦੀ ਪਾਰਟੀ ਅਵਾਮੀ ਲੀਗ ਲਈ ਜਿੱਤ ਦਾ ਰਾਹ ਆਸਾਨ ਬਣਾ ਦਿੱਤਾ ਸੀ। ਮੀਡੀਆ ਰਿਪੋਰਟਾਂ ਮੁਤਾਬਕ ਹਸੀਨਾ ਦੀ ਪਾਰਟੀ ਨੇ 300 ਸੀਟਾਂ ਵਾਲੀ ਸੰਸਦ ‘ਚ 223 ਸੀਟਾਂ ਜਿੱਤੀਆਂ ਹਨ। ਇਕ ਉਮੀਦਵਾਰ ਦੀ ਮੌਤ ਕਾਰਨ 299 ਸੀਟਾਂ ‘ਤੇ ਚੋਣਾਂ ਹੋਈਆਂ ਸਨ। ਇਸ ਸੀਟ ‘ਤੇ ਬਾਅਦ ‘ਚ



ਵੋਟਿੰਗ ਹੋਵੇਗੀ। ਸੰਸਦ ਵਿੱਚ ਮੁੱਖ ਵਿਰੋਧੀ ਜਾਤੀਆ ਪਾਰਟੀ ਨੇ 11, ਬੰਗਲਾਦੇਸ਼ ਕਲਿਆਣ ਪਾਰਟੀ ਨੇ ਇੱਕ ਅਤੇ ਆਜ਼ਾਦ ਉਮੀਦਵਾਰਾਂ ਨੇ 62 ਸੀਟਾਂ ਜਿੱਤੀਆਂ ਹਨ। ਬੰਗਲਾਦੇਸ਼ ਦੇ ਰਾਸ਼ਟਰੀ ਸਮਾਜ ਤੰਤਰ ਦਲ ਅਤੇ ਵਰਕਰਜ਼ ਪਾਰਟੀ ਨੇ ਇੱਕ-ਇੱਕ ਸੀਟ ਜਿੱਤੀ ਹੈ।

# ਬੰਗਲਾਦੇਸ਼ ਨਾਲ ਭਾਰਤ ਦੀ ਸਾਂਝ

ਭਾਰਤ ਦੇ ਗੁਆਂਢੀ ਬੰਗਲਾਦੇਸ਼ ’ਚ ਐਤਵਾਰ ਨੂੰ 12ਵੀਂ ਸੰਸਦ ਚੁਣਨ ਲਈ ਵੋਟਾਂ ਪਈਆਂ। ਮੁੱਖ ਵਿਰੋਧੀ ਬੰਗਲਾਦੇਸ਼ ਨੈਸ਼ਨਲਿਸ਼ਟ ਪਾਰਟੀ ਸਮੇਤ ਹੋਰ ਸਾਰੀਆਂ ਮੁਖ਼ਾਲਿਫ਼ ਪਾਰਟੀਆਂ ਨੇ ਚੋਣਾਂ ਦਾ ਬਾਈਕਾਟ ਕੀਤਾ ਹੋਇਆ ਹੈ ਅਤੇ ਉਨ੍ਹਾਂ ਦੇ 25,000 ਆਗੂ ਤੇ ਕਾਰਕੁੰਨ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਿਸ ਕਰਕੇ ਸ਼ੇਖ਼ ਹਸੀਨਾ ਵਾਜਿਦ ਦਾ 5ਵੀਂ ਵਾਰ ਪ੍ਰਧਾਨ ਮੰਤਰੀ ਚੁਣਿਆ ਜਾਣਾ ਤੈਅ ਹੈ। ਸਾਲ 2014 ਤੇ 2019 ਦੀਆਂ ਆਮ ਚੋਣਾਂ ਵੇਲੇ ਵੀ ਵੱਡੇ ਪੱਧਰ ’ਤੇ ਬੇਨਿਯਮੀਆਂ ਤੇ ਧਾਂਦਲੀਆਂ ਹੋਣ ਦੇ ਦੋਸ਼ ਲੱਗੇ ਸਨ। ਪਿਛਲੀਆਂ ਤਿੰਨ ਚੋਣਾਂ ਸ਼ੇਖ਼ ਹਸੀਨਾ ਨੇ ਲਗਾਤਾਰ ਜਿੱਤੀਆਂ ਹਨ। ਜੇ



ਕੌਮਾਂਤਰੀ ਪੱਧਰ ’ਤੇ ਵੇਖੀਏ ਤਾਂ ਭਾਰਤ ਤੇ ਚੀਨ ਦੋਵੇਂ ਸ਼ੇਖ਼ ਹਸੀਨਾ ਦੇ ਹੀ ਚੁਣੇ ਜਾਣ ਦੇ ਹੱਕ ’ਚ ਹਨ। ਬੰਗਲਾਦੇਸ਼ ਦਾ ਭਾਰਤ ਨਾਲ 15 ਅਰਬ ਡਾਲਰ ਤੇ ਚੀਨ ਨਾਲ 25 ਅਰਬ ਡਾਲਰ ਦਾ ਸਾਲਾਨਾ ਕਾਰੋਬਾਰ ਹੁੰਦਾ ਹੈ ਤੇ ਇਸ ਕਾਰੋਬਾਰ ’ਚ ਹਰ ਸਾਲ ਲਗਾਤਾਰ ਵਾਧਾ ਹੋ ਰਿਹਾ ਹੈ। ਉਂਝ ਵੀ ਇਹ ਦੇਸ਼ ਆਪਣੀ ਆਜ਼ਾਦੀ ਦੇ 52 ਸਾਲਾਂ ਬਾਅਦ ਆਰਥਿਕ ਤੇ ਭੂ-ਰਾਜਨੀਤਕ ਮੋਰਚਿਆਂ ’ਤੇ ਵੱਡੀਆਂ ਹਾਂ-ਪੱਖੀ ਤਬਦੀਲੀਆਂ ਦਾ ਸਾਹਮਣਾ ਕਰ ਰਿਹਾ ਹੈ। ਪਿਛਲੇ ਵਰ੍ਹੇ ਉਸ ਦੀ ਅਰਥ-ਵਿਵਸਥਾ 7.1 ਫ਼ੀਸਦੀ ਦੀ ਦਰ ਨਾਲ ਵਧਦੀ ਹੋਈ 400 ਅਰਬ ਡਾਲਰ ਦੀ ਹੋ ਗਈ ਸੀ। ਇਸੇ ਲਈ ਦੁਨੀਆ ਦੀਆਂ ਵੱਡੀਆਂ ਤਾਕਤਾਂ ਹੁਣ ਉਸ ਨਾਲ ਜੁੜਨਾ ਲੋਚਦੀਆਂ ਹਨ। ਸ਼ੇਖ਼ ਹਸੀਨਾ ਦੇ ਦੁਬਾਰਾ ਚੁਣੇ ਜਾਣ ਨਾਲ ਦੇਸ਼ ਦੇ ਸਥਿਰ ਵਿਕਾਸ ਦੀ ਰਫ਼ਤਾਰ ਹੋਰ ਵੀ ਤੇਜ਼ ਹੋ ਸਕਦੀ ਹੈ। ਹੋਰਨਾਂ ਦੇਸ਼ਾਂ ਨਾਲ ਚੱਲੀਆਂ ਆ ਰਹੀਆਂ ਵਪਾਰਕ ਤੇ ਹੋਰ ਰਣਨੀਤਕ ਭਾਈਵਾਲੀਆਂ ਦਾ ਹੋਰ ਮਜ਼ਬੂਤ ਹੋਣਾ ਵੀ ਨਿਸ਼ਚਤ ਹੈ। ਇਹ ਸਥਿਰਤਾ ਤੇ ਵਿਕਾਸ ਦੱਖਣੀ ਏਸ਼ੀਆ ਹੀ ਨਹੀਂ ਸਗੋਂ ਸਮੁੱਚੇ ਹਿੰਦ-ਪ੍ਰਸ਼ਾਂਤ ਖੇਤਰ ਲਈ ਵੀ ਠੀਕ ਹੈ।

ਇਸ ਵੇਲੇ ਬੰਗਲਾਦੇਸ਼ ਭਾਵੇਂ ਭਾਰਤ ਤੋਂ ਜ਼ਿਆਦਾ ਚੀਨ ਨਾਲ ਦੁਵੱਲਾ ਕਾਰੋਬਾਰ ਕਰ ਰਿਹਾ ਹੈ ਪਰ 1971 ’ਚ ਭਾਰਤ ਹੀ ਸੀ, ਜਿਸ ਨੇ ਉਸ ਨੂੰ ਆਜ਼ਾਦ ਕਰਵਾਉਣ ’ਚ ਸਭ ਤੋਂ ਵੱਧ ਯੋਗਦਾਨ ਪਾਇਆ ਸੀ। ਉਦੋਂ ਚੀਨ ਤਾਂ ਸ਼ਰੇਆਮ ਪਾਕਿਸਤਾਨ ਦੀ ਹਮਾਇਤ ਕਰ ਰਿਹਾ ਸੀ।

ਦਰਅਸਲ ਪਾਕਿਸਤਾਨ ਦੀ ਉਸ ਵੇਲੇ ਦੀ ਭੁੱਟੋ ਸਰਕਾਰ ਤਾਨਾਸ਼ਾਹੀ ਢੰਗ ਨਾਲ ਬੰਗਲਾਦੇਸ਼ ’ਤੇ ਉਰਦੂ ਭਾਸ਼ਾ ਥੋਪਣਾ ਚਾਹੁੰਦੀ ਸੀ ਪਰ ਬੰਗਾਲੀ ਮੁਸਲਮਾਨਾਂ ਨੂੰ ਇਹ ਸਭ ਮਨਜ਼ੂਰ ਨਹੀਂ ਸੀ।

ਉਹ ਤਾਂ ਆਪਣੀ ਮਾਂ-ਬੋਲੀ ਬੰਗਲਾ ਨੂੰ ਹੀ ਤਹਿ ਦਿਲੋਂ ਪਿਆਰ ਕਰਦੇ ਸਨ ਤੇ ਅੱਜ ਵੀ ਕਰਦੇ ਹਨ। ਇੰਝ ਬੰਗਲਾਦੇਸ਼ ਦੁਨੀਆ ਦਾ ਇਕਲੌਤਾ ਅਜਿਹਾ ਦੇਸ਼ ਹੈ, ਜਿਹੜਾ ਭਾਸ਼ਾਈ ਆਧਾਰ ’ਤੇ ਹੋਂਦ ’ਚ ਆਇਆ ਸੀ। ਭਾਰਤ ਤੇ ਚੀਨ ਦੋਵਾਂ ਨੇ ਉਸ ਦੇਸ਼ ਦੇ ਬਿਜਲੀ, ਟਰਾਂਸਪੋਰਟ ਤੇ ਦੂਰਸੰਚਾਰ ਖੇਤਰਾਂ ’ਚ ਵੱਡੀਆਂ ਰਕਮਾਂ ਨਿਵੇਸ਼ ਕੀਤੀਆਂ ਹੋਈਆਂ ਹਨ। ਬੰਗਲਾਦੇਸ਼ ’ਚ ਭਾਵੇਂ ਚੀਨ ਦੀ ਇਸ ਕਰਕੇ ਤਿੱਖੀ ਆਲੋਚਨਾ ਹੋ ਰਹੀ ਹੈ ਕਿ ਉਹ ਉਸ ਨੂੰ ਵੀ ਹੋਰਨਾਂ ਦੇਸ਼ਾਂ ਵਾਂਗ ਆਪਣੇ ਕਰਜ਼ੇ ਦੇ ਮੱਕੜ-ਜਾਲ ’ਚ ਫਸਾ ਰਿਹਾ ਹੈ। ਇਸ ਦੇ ਉਲਟ ਭਾਰਤ ਉਸ ਦੇ ਆਰਥਿਕ ਵਿਕਾਸ ’ਚ ਵੱਡਾ ਯੋਗਦਾਨ ਪਾ ਰਿਹਾ ਹੈ। ਸ਼ੇਖ਼ ਹਸੀਨਾ ਨੇ 2041 ਤੱਕ ਬੰਗਲਾਦੇਸ਼ ਨੂੰ ਵਿਕਸਤ ਰਾਸ਼ਟਰ ਦਾ ਦਰਜਾ ਦਿਵਾਉਣ ਦਾ ਸੰਕਲਪ ਲਿਆ ਹੋਇਆ ਹੈ। ਇਸੇ ਲਈ ਹੁਣ ਉਹ ਭਾਰਤ ਤੇ ਚੀਨ ਦੋਵੇਂ ਦੇਸ਼ਾਂ ਦੀ ਆਰਥਿਕ ਤੇ ਤਕਨੀਕੀ ਤਾਕਤਾਂ ਦੀ ਵਰਤੋਂ ਕਰਨੀ ਚਾਹੁੰਦੇ ਹਨ। ਦੋਵੇਂ ਦੇਸ਼ਾਂ ਨੂੰ ਆਪਣੀਆਂ ਸਾਰੀਆਂ ਬੰਦਰਗਾਹਾਂ ਵਰਤਣ ਦੀ ਖੁੱਲ੍ਹ ਵੀ ਦਿੱਤੀ ਗਈ ਹੈ। ਬੰਗਲਾਦੇਸ਼ ਵੱਲੋਂ ਭਾਰਤ ਤੋਂ 1,160 ਮੈਗਾਵਾਟ ਬਿਜਲੀ ਦਰਾਮਦ ਕੀਤੀ ਜਾ ਰਹੀ ਹੈ। ਉੱਧਰ ਚੀਨ ਨੇ 2021 ’ਚ 1,845 ਮੈਗਾਵਾਟ ਬਿਜਲੀ ਪੈਦਾ ਕਰਨ ਲਈ ਬੰਗਲਾਦੇਸ਼ ’ਚ 45 ਕਰੋੜ ਡਾਲਰ ਲਾਏ ਸਨ।



# ਪੰਜਾਬ ਨੂੰ ਬਚਾਉਣ ਲਈ ਇਮਾਨਦਾਰ ਆਗੂ ਚੁਣਨ ਦੀ ਲੋੜ: ਨਵਜੋਤ ਸਿੱਧੂ

**ਕੋਟਸ਼ਮੀਰ ਰੈਲੀ ਦੌਰਾਨ ਸਿਆਸਤਦਾਨਾਂ 'ਤੇ ਲਾਏ ਪੰਜਾਬ ਨੂੰ ਡੋਬਣ ਦੇ ਦੋਸ਼**



ਬਠਿੰਡਾ : ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਿੰਡ ਕੋਟਸ਼ਮੀਰ 'ਚ 'ਜਿੱਤੇਗਾ ਪੰਜਾਬ-ਜਿੱਤੇਗੀ ਕਾਂਗਰਸ' ਰੈਲੀ ਦੌਰਾਨ ਕਿਹਾ ਕਿ ਜਦੋਂ ਤੱਕ ਚੰਗੇ ਕਿਰਦਾਰ ਵਾਲੀ ਕੋਈ ਸ਼ਖ਼ਸੀਅਤ ਸੂਬੇ ਦੀ ਅਗਵਾਈ ਨਹੀਂ ਕਰੇਗੀ, ਉਦੋਂ ਤੱਕ ਸੂਬਾ ਪੈਰਾਂ ਸਿਰ ਨਹੀਂ ਹੋ ਸਕਦਾ। ਵਿਵਾਦਾਂ ਦੌਰਾਨ ਹੋਈ ਇਸ ਰੈਲੀ 'ਚ ਸ੍ਰੀ ਸਿੱਧੂ ਨੇ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ 'ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਹੁਣ ਤੱਕ ਪੰਜਾਬ ਨਾਲ ਧਰੋਹ ਕਮਾਇਆ। ਉਨ੍ਹਾਂ ਕਿਹਾ ਕਿ ਜੀਐਸਟੀ ਅਜਿਹਾ ਜਜ਼ੀਆ ਹੈ ਜੋ ਪਹਿਲਾਂ ਲੋਕਾਂ ਤੋਂ ਉਗਰਾਹ ਕੇ ਰਾਜ ਕੇਂਦਰ ਨੂੰ ਦਿੰਦੇ ਹਨ ਅਤੇ ਫਿਰ ਆਪਣਾ ਹਿੱਸਾ ਲੈਣ ਲਈ ਤਰਲੇ ਕੱਢਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵੀ ਉਨ੍ਹਾਂ ਰਾਜਾਂ 'ਚੋਂ ਇੱਕ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਭਾਖੜਾ ਡੈਮ 'ਚ ਪਾਣੀ ਪੰਜਾਬ ਦਾ ਹੈ ਪਰ ਇਸ ਦਾ ਕੰਟਰੋਲ ਕੇਂਦਰ ਕੋਲ ਕਿਉਂ? ਉਨ੍ਹਾਂ ਸ਼੍ਰੋਮਣੀ ਅਕਾਲੀ ਦਲ 'ਤੇ ਵਰ੍ਹਦਿਆਂ ਕਿਹਾ ਕਿ 40 ਸਾਲ ਪੰਥ ਦੇ ਨਾਂਅ 'ਤੇ ਰਾਜ ਕਰਨ ਵਾਲਿਆਂ ਦੇ ਰਾਜ ਵਿੱਚ ਵੋਟਾਂ ਖ਼ਾਤਰ ਗੁਰੂ ਸਾਹਿਬ ਦੇ ਅੰਗ ਖਿਲਾਰੇ ਗਏ। ਸਿੱਧੂ ਨੇ ਪੰਜਾਬ ਸਰਕਾਰ ਵੱਲੋਂ ਖ਼ਰੀਦੇ ਗਏ ਗੋਇੰਦਵਾਲ ਥਰਮਲ ਪਲਾਂਟ ਨੂੰ 'ਚਿੱਟਾ ਹਾਥੀ' ਦੱਸਦਿਆਂ ਕਿਹਾ ਕਿ ਇਸ 'ਤੇ ਪਹਿਲਾਂ ਹੀ 7-8 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ 'ਤੇ ਵਰ੍ਹਦਿਆਂ ਪੰਜਾਬ ਦੇ ਆਬਕਾਰੀ ਖੇਤਰ 'ਚ ਘਪਲਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਨਵਾਂ ਸਾਲ ਚੜ੍ਹੇ ਨੂੰ ਅਜੇ ਹਫ਼ਤਾ ਨਹੀਂ ਬੀਤਿਆ ਕਿ ਪੰਜਾਬ ਸਰਕਾਰ ਨੇ ਢਾਈ ਹਜ਼ਾਰ ਕਰੋੜ ਦਾ ਕਰਜ਼ਾ ਹੋਰ ਚੁੱਕ ਲਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਾਂਗਰਸ ਨਹੀਂ ਬਦਲੇਗੀ ਉਦੋਂ ਤੱਕ ਵੋਟਰ ਚੰਗੇ ਕਿਰਦਾਰਾਂ ਨੂੰ ਅੱਗੇ ਨਹੀਂ ਲਿਆਉਣਗੇ ਉਦੋਂ ਤੱਕ ਪੰਜਾਬ ਦਾ ਸਵੈ-ਨਿਰਭਰ ਹੋਣਾ ਮੁਸ਼ਕਿਲ ਹੈ। ਉਨ੍ਹਾਂ ਆਖਿਆ ਕਿ ਲੋਕਾਂ ਨੂੰ ਪੰਜਾਬ ਦੀ ਅਗਵਾਈ ਲਈ ਅਜਿਹਾ ਇਮਾਨਦਾਰ ਆਦਮੀ ਚੁਣਨਾ ਪਵੇਗਾ ਜਿਸ ਦੀ ਜ਼ੁਬਾਨ ਹੋਵੇ ਅਤੇ ਵਚਨਾਂ 'ਤੇ ਖੜ੍ਹੇ। ਉਨ੍ਹਾਂ ਬਗ਼ੈਰ ਕਿਸੇ ਦਾ ਨਾਂ ਲਿਆਂ ਕਿਹਾ ਕਿ 'ਇਹ ਤਾਂ ਸਾਰੇ ਈਡੀ. ਤੋਂ ਹੀ ਡਰ ਜਾਂਦੇ ਐ।' ਇਸ ਮੌਕੇ ਰੈਲੀ ਦੇ ਮੁੱਖ ਪ੍ਰਬੰਧਕ ਹਰਵਿੰਦਰ ਸਿੰਘ ਲਾਡੀ, ਪ੍ਰਬੰਧਕ ਨਰਾਇਣ ਸਿੰਘ ਖਾਲਸਾ ਕੋਟਸ਼ਮੀਰ, ਸੁਰਜੀਤ ਸਿੰਘ ਧੀਮਾਨ, ਨਾਜ਼ਰ ਸਿੰਘ ਮਾਨਸ਼ਾਹੀਆ, ਜਗਦੇਵ ਸਿੰਘ ਕਮਾਲੂ, ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ (ਚਾਰੇ ਸਾਬਕਾ ਵਿਧਾਇਕ), ਸੀਨੀਅਰ ਕਾਂਗਰਸੀ ਆਗੂ ਚਾਨਣ ਸਿੰਘ, ਸਪੋਕਸਪਰਸਨ ਮਨਜੀਤ ਸਿੰਘ ਕੋਟਫੱਤਾ ਸਮੇਤ ਕਈ ਹੋਰ ਆਗੂ ਹਾਜ਼ਰ ਸਨ।

# ਜੱਗੂ ਭਗਵਾਨਪੁਰੀਆ ਨੇ ਜੇਲ੍ਹ 'ਚ ਐੱਲਈਡੀ ਭੰਨੀ

ਜਲੰਧਰ : ਗੈਂਗਸਟਰ ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ ਖ਼ਿਲਾਫ਼ ਕਪੂਰਥਲਾ ਜੇਲ੍ਹ ਵਿਚ ਐੱਲਈਡੀ ਟੀਵੀ ਤੋੜਨ ਤੇ ਤਾਰਾਂ ਪੁੱਟਣ ਕਾਰਨ ਨਵਾਂ ਕੇਸ ਦਰਜ ਕੀਤਾ ਗਿਆ ਹੈ। ਜੱਗੂ ਨੇ ਬੈਰਕ ਵਿਚ ਸਾਥੀ ਕੈਦੀ ਨਾਲ ਤਕਰਾਰ ਹੋਣ ਮਗਰੋਂ ਭੰਨਤੋੜ ਕੀਤੀ। ਇਸ ਮੌਕੇ ਜੇਲ੍ਹ ਸਟਾਫ ਨੇ ਦੋਵਾਂ ਧਿਰਾਂ ਨੂੰ ਹਟਾਇਆ। ਦੱਸਣਯੋਗ ਹੈ ਕਿ ਜੱਗੂ ਕਪੂਰਥਲਾ ਦੀ ਜੇਲ੍ਹ ਵਿਚ ਪਿਛਲੇ ਤਿੰਨ ਮਹੀਨੇ ਤੋਂ ਬੰਦ ਹੈ ਤੇ ਉਹ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਹੈ। ਉਸ ਖ਼ਿਲਾਫ਼ ਜਲੰਧਰ ਕੋਤਵਾਲੀ ਵਿੱਚ ਆਈਪੀਸੀ ਦੀ ਧਾਰਾ 427, ਜੇਲ੍ਹ ਐਕਟ ਦੇ ਸੈਕਸ਼ਨ 42 ਏ ਤਹਿਤ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਛੇ ਜਨਵਰੀ ਨੂੰ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਕਪੂਰਥਲਾ ਜੇਲ੍ਹ ਵਿਚ 29 ਦਸੰਬਰ ਨੂੰ ਮਨੋਰੰਜਕ ਗਤੀਵਿਧੀਆਂ ਵਾਲੇ ਕਮਰੇ ਨੇੜੇ ਜੱਗੂ ਭਗਵਾਨਪੁਰੀਆ ਦਾ ਇਕ ਹੋਰ ਬੰਦੀ ਨਾਲ ਤਕਰਾਰ ਹੋ ਗਿਆ। ਇਹ ਤਕਰਾਰ ਉਸ ਵੇਲੇ ਹੋਈ ਜਦੋਂ ਜੇਲ੍ਹ ਦੇ ਕੈਦੀ ਬੈਰਕ ਵਿਚ ਟੀਵੀ ਵੇਖਣ ਆਏ ਸਨ। ਜੱਗੂ ਭਗਵਾਨਪੁਰੀਆ ਜੇਲ੍ਹ ਦੀ ਬੈਰਕ ਨੰਬਰ ਛੇ ਵਿਚ ਨਜ਼ਰਬੰਦ ਹੈ ਜਦਕਿ ਦੂਜਾ ਕੈਦੀ ਬੈਰਕ ਨੰਬਰ ਸੱਤ ਵਿਚ ਬੰਦ ਹੈ। ਇਨ੍ਹਾਂ ਦੋਵਾਂ ਦਰਮਿਆਨ ਪਹਿਲਾਂ ਬੋਲ ਬੁਲਾਰਾ ਹੋਇਆ ਜਿਸ ਤੋਂ ਬਾਅਦ ਜੱਗੂ ਨੇ ਗੁੱਸੇ ਵਿਚ ਆ ਕੇ ਐਲਈਡੀ ਟੀਵੀ ਭੰਨ ਦਿੱਤਾ ਤੇ ਟੀਵੀ ਦੀਆਂ ਤਾਰਾਂ ਵੀ ਪੁੱਟ ਲਈਆਂ। ਇਸ ਸਬੰਧੀ



ਕਪੂਰਥਲਾ ਜੇਲ੍ਹ ਦੇ ਅਧਿਕਾਰੀਆਂ ਨੇ ਪੰਜ ਜਨਵਰੀ ਨੂੰ ਪੁਲੀਸ ਨੂੰ ਪੱਤਰ ਲਿਖ ਕੇ ਜੱਗੂ ਖ਼ਿਲਾਫ਼ ਕਾਰਵਾਈ ਮੰਗੀ ਹੈ। ਕੋਤਵਾਲੀ ਪੁਲੀਸ ਸਟੇਸ਼ਨ ਦੇ ਜਾਂਚ ਅਧਿਕਾਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਟੀਵੀ ਭੰਨ ਦਿੱਤਾ ਤੇ ਇਲੈਕਟ੍ਰੀਕਲ ਉਪਕਰਣਾਂ ਨੂੰ ਨੁਕਸਾਨ ਪਹੁੰਚਾਇਆ। ਉਨ੍ਹਾਂ ਦੱਸਿਆ ਕਿ ਮਾਮਲੇ ਦਾ ਪਤਾ ਲੱਗਣ ਤੋਂ ਬਾਅਦ ਉਨ੍ਹਾਂ ਕੇਸ ਦਰਜ ਕਰ ਲਿਆ ਹੈ। ਕਪੂਰਥਲਾ ਜੇਲ੍ਹ ਦੇ ਅਸਿਸਟੈਂਟ ਸੁਪਰਡੈਂਟ ਹੇਮੰਤ ਸ਼ਰਮਾ ਨੇ ਦੱਸਿਆ ਕਿ ਤਕਰਾਰ ਵਧਣ ਮਗਰੋਂ ਜੇਲ੍ਹ ਪ੍ਰਸ਼ਾਸਨ ਨੇ ਦੋਵਾਂ ਕੈਦੀਆਂ ਨੂੰ ਪਾਸੇ ਹਟਾਇਆ ਤਾਂ ਕਿ ਕੋਈ ਖ਼ੂਨ ਖ਼ਰਾਬਾ ਨਾ ਹੋਵੇ। ਜ਼ਿਕਰਯੋਗ ਹੈ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਮੁੱਖ ਮੁਲਜ਼ਮ ਹੈ ਤੇ ਇਸ ਨੇ ਸੁੱਖਾ ਦੁੱਨੇਕੇ ਹੱਤਿਆ ਦੀ ਵੀ ਜ਼ਿੰਮੇਵਾਰੀ ਲਈ ਹੈ।

# ਸਾਈਬਰ ਜ਼ੁਰਮਾਂ 'ਚ ਦਿਨੋ ਦਿਨ ਹੋ ਰਹੇ ਵਾਧੇ ਨੂੰ ਸਰਕਾਰਾਂ ਰੋਕਣ ਵਿੱਚ ਫੇਲ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾਵਹੀਰ ਨੇ ਭਾਰਤ ਅੰਦਰ ਜੁਰਮਾਂ ਦੀ ਵਧਦੀ ਨੋਈਅਤ ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਭਾਰਤ ਵਿੱਚ ਇੰਟਰਨੈਟ ਰਾਹੀਂ ਹੋਣ ਵਾਲੇ ਸਾਈਬਰ ਜੁਰਮਾਂ ਦੇ ਮਾਮਲੇ ਚਿੰਤਾਜਨਕ ਹੱਦ ਤੀਕ ਵੱਧ ਰਹੇ ਹਨ। ਵੈਬਸਾਈਟਾਂ, ਫੇਸਬੁੱਕ ਅਕਾਊਂਟ ਹੋਰ ਐਪਾਂ ਆਦਿ ਨੂੰ ਹਾਈ ਜੈਕ ਕਰਕੇ ਬਲੈਕਮੇਲਿੰਗ ਦਾ ਰੁਝਾਨ ਵੱਧ ਰਿਹਾ ਹੈ। ਨਿਹੰਗ ਮੁਖੀ ਨੇ ਕਿਹਾ ਕਿ ਮਿਲੇ ਵੇਰਵਿਆਂ ਅਨੁਸਾਰ ਕੌਮੀ ਸਾਈਬਰ ਕ੍ਰਾਇਮ ਰਿਪੋਰਟਿੰਗ ਪੋਰਟਲ ਤੇ 15 ਲੱਖ ਤੋਂ ਵੱਧੇ ਮਾਮਲੇ ਦਰਜ ਹੋਏ ਹਨ, ਇਨ੍ਹਾਂ ਅਪਰਾਧਾਂ ਦੀ ਗਿਣਤੀ ਪਿਛਲੇ ਸਾਲਾਂ ਨਾਲੋ ਤੇਜੀ ਨਾਲ ਵਧੀ ਹੈ।



ਉਨ੍ਹਾਂ ਕਿਹਾ ਕਿ 2022 ਵਿੱਚ 2.8 ਲੱਖ ਕੇਸ, 2021 ਵਿੱਚ 4.52 ਲੱਖ ਦਰਜ ਹੋਏ, ਜਿਸ ਕਾਰਨ 31 ਦਸਬੰਰ 2023 ਤੀਕ 10,300 ਕਰੋੜ ਰੁਪਏ ਸਾਈਬਰ ਅਪਰਾਧੀਆ ਦੀ ਜੇਬਾਂ ਵਿੱਚ ਗਏ ਹਨ। ਏਜੰਸੀਆਂ 11.27 ਕਰੋੜ ਰੁਪਏ ਹੀ ਰੋਕ ਸਕੀਆਂ। ਉਨ੍ਹਾਂ ਕਿਹਾ ਕਿ ਉਤਰੀ ਭਾਰਤ ਲਈ ਇਹ ਗੱਲ ਖਾਸ ਤੌਰ ਤੇ ਫਿਕਰ ਵਾਲੀ ਹੈ ਕਿ ਬੀਤੇ ਸਾਲ ਸਾਰੇ ਸੂਬਿਆਂ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਵਿੱਚ ਅਜਿਹੇ ਸਭ ਤੋਂ ਵੱਧ ਕੇਸ ਦਰਜ ਕਰਾਉਣ ਦੇ ਮਾਮਲੇ ਸਾਹਮਣੇ ਆਏ ਹਨ ਜਿਵੇਂ ਦਿਲੀ ਵਿੱਚ ਇਕ ਲੱਖ ਵਿਅਕਤੀਆਂ ਪਿੱਛੇ 755 ਬਣਦੇ ਹਨ। ਚੰਡੀਗੜ੍ਹ 432, ਹਰਿਆਣੇ 381 ਹਨ। ਹਰਿਆਣਾ ਦਾ ਮੇਵਾਤ ਖੇਤਰ (ਸੈਕਸ ਟੌਰਸ਼ਨ) ਅਸ਼ਲੀਲ ਤਸਵੀਰਾਂ ਦੀਆਂ ਵੀਡੀਓ ਰਾਹੀਂ ਬਲੈਕ ਮੇਲਿੰਗ ਵਜੋਂ ਉਭਰਿਆਂ ਹੈ। ਸਾਈਬਰ ਜੁਰਮਾਂ ਲਈ ਵਰਤੇ ਜਾ ਰਹੇ ਸਿਮ ਕਾਰਡ, ਅਸਾਮ, ਪੱਛਮੀ, ਬੰਗਾਲ ਅਤੇ ਉੜੀਸਾ ਵਿੱਚ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਭਾਰਤੀ ਸਾਈਬਰ ਕ੍ਰਾਇਮ ਤਾਲਮੇਲ ਕੇਂਦਰ ਵੱਲੋਂ ਜਾਰੀ ਹੋਏ ਡਾਟਾ ਅਨੁਸਾਰ ਏਜੰਸੀਆਂ ਵੱਲੋਂ ਮਿਲੀਆਂ ਸ਼ਕਾਇਤਾਂ ਉਤੇ 2.95 ਲੱਖ ਸਿਮ ਕਾਰਡਾਂ, 2810 ਵੈਬਸਾਈਟਾਂ/ਯੂ ਆਰ ਐਲ ਅਤੇ 595 ਮੋਬਾਇਲ ਐਪਲੀਕੇਸ਼ਨਾਂ ਨੂੰ ਬੰਦ ਸੀਲ ਕੀਤੇ ਜਾਣ ਦੇ ਬਾਵਜੂਦ ਸਾਈਬਰ ਅਪਰਾਧੀ ਸ਼ਰੇਆਮ ਖੁੱਲ ਖੇਡ ਰਹੇ ਹਨ। ਜਦੋਂ ਕਿ ਹੁਣ ਕਰੋੜਾਂ ਦਾ ਪੈਸਾ ਡਿਜੀਟਲ ਆਨਲਾਈਨ ਹੋ ਰਿਹਾ ਹੈ। ਬਹੁਤ ਸਾਰੇ ਲੋਕ ਆਨਲਾਈਨ ਸਿਸਟਮ ਤੋਂ ਵੀ ਘਬਰਾਉਣ ਲੱਗ ਪਏ ਹਨ ਤੇ ਵਰਤੋਂ ਵਿੱਚ ਲਿਆਉਣ ਤੋਂ ਝਿਜਕ ਰਹੇ ਹਨ, ਪ੍ਰਾਈਵੇਸੀ ਵੀ ਖ਼ਤਮ ਹੋ ਰਹੀ ਹੈ। ਇਸ ਸਮੇਂ ਇਸ ਪਾਸੇ ਵੱਲ ਸਰਕਾਰਾਂ ਨੂੰ ਉਚੇਚਾ ਧਿਆਨ ਤੇ ਸਖ਼ਤ ਕਦਮ ਵਰਤਣ ਦੀ ਲੋੜ ਹੈ।

# ਬੰਦੀ ਸਿੰਘਾਂ ਦੀ ਰਿਹਾਈ: ਪੱਕੇ ਮੋਰਚੇ ਦਾ ਇਕ ਸਾਲ ਮੁਕੰਮਲ

**ਚੰਡੀਗੜ੍ਹ ਵੱਲ ਆਉਂਦੀਆਂ ਮੁੱਖ ਸੜਕਾਂ 'ਤੇ 20 ਜਨਵਰੀ ਨੂੰ ਤਿੰਨ ਘੰਟੇ ਲਈ ਟੋਲ ਪਲਾਜ਼ੇ ਮੁਫ਼ਤ ਕਰਨ ਦਾ ਐਲਾਨ**

ਐਸ.ਏ.ਐਸ. ਨਗਰ (ਮੁਹਾਲੀ) : ਬੰਦੀ ਸਿੰਘਾਂ ਦੀ ਰਿਹਾਈ, 328 ਲਾਪਤਾ ਸਰੂਪ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਸਮੇਤ ਹੋਰ ਸਿੱਖ ਮਸਲਿਆਂ ਨੂੰ ਲੈ ਕੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਹੱਡ ਚੀਰਵੀਂ ਠੰਢ ਵਿੱਚ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦਾ ਪੱਕਾ ਮੋਰਚਾ ਜਾਰੀ ਹੈ। ਕੌਮੀ ਇਨਸਾਫ਼ ਮੋਰਚੇ ਵੱਲੋਂ ਲਗਾਏ ਪੱਕੇ ਮੋਰਚੇ ਦੇ ਇੱਕ ਸਾਲ ਪੂਰਾ ਹੋਣ 'ਤੇ ਅੱਜ ਪੰਥਕ ਸੰਮੇਲਨ ਕੀਤਾ ਗਿਆ ਜਿਸ ਵਿੱਚ ਨਿਹੰਗ ਸਿੰਘਾਂ ਸਮੇਤ ਇਨਸਾਫ਼ ਪਸੰਦ ਲੋਕਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਪਰਿਵਾਰਾਂ ਨਾਲ ਸ਼ਮੂਲੀਅਤ ਕੀਤੀ ਅਤੇ ਠੰਢ ਦੀ ਪ੍ਰਵਾਹ ਨਾਲ ਕਰਦੇ ਹੋਏ ਸੰਘਰਸ਼ ਨੂੰ ਹੋਰ ਤਿੱਖਾ ਕਰਨ 'ਤੇ ਜ਼ੋਰ ਦਿੱਤਾ।

ਇਸ ਮੌਕੇ ਪੰਥਕ ਢਾਡੀ ਜਥਾ ਤਰਸੇਮ ਸਿੰਘ ਮੋਰਾਂਵਾਲੀ, ਜਸਮੇਰ ਸਿੰਘ ਬਾਠ ਦੇ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤ ਵਿੱਚ ਜੋਸ਼ ਭਰਦਿਆਂ ਤਕੜੇ ਹੋ ਕੇ ਸੰਘਰਸ਼ ਜਾਰੀ ਰੱਖਣ ਅਤੇ ਇਕਜੁੱਟਤਾ ਬਣਾਈ ਰੱਖਣ ਲਈ ਪ੍ਰੇਰਿਆ। ਪੱਕੇ ਮੋਰਚੇ ਦੇ ਕਨਵੀਨਰ ਭਾਈ



ਪਾਲ ਸਿੰਘ ਫ਼ਰਾਂਸ, ਐਡਵੋਕੇਟ ਅਮਰ ਸਿੰਘ ਚਾਹਲ, ਜਥੇਦਾਰ ਬਲਦੇਵ ਸਿੰਘ ਸਿਰਸਾ, ਰਾਜ ਸਿੰਘ, ਜਥੇਦਾਰ ਕੁਲਵਿੰਦਰ ਸਿੰਘ, ਗੁਰਿੰਦਰ ਸਿੰਘ ਬਾਜਵਾ, ਕੁਸ਼ਲਪਾਲ ਸਿੰਘ ਮਾਨ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਕਾਨੂੰਨ ਅਨੁਸਾਰ ਢੁੱਕਵੀਆਂ ਸਜ਼ਾਵਾਂ ਨਹੀਂ ਦਿੱਤੀਆਂ ਜਾ ਰਹੀਆਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਆਦਿ ਮੰਗਾਂ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਜਾ ਰਿਹਾ ਜੋ ਸਿੱਖਾਂ ਪ੍ਰਤੀ ਬੇਗਾਨਗੀ ਦਾ ਅਹਿਸਾਸ ਕਰਵਾਉਣਾ ਹੈ। ਇਸ ਮੌਕੇ ਪੱਕਾ ਮੋਰਚਾ ਤਾਲਮੇਲ ਕਮੇਟੀ ਨੇ 20 ਜਨਵਰੀ ਨੂੰ ਚੰਡੀਗੜ੍ਹ ਵੱਲ ਆਉਂਦੀਆਂ ਮੁੱਖ ਸੜਕਾਂ ਉੱਤੇ ਮੁਹਾਲੀ ਅਤੇ ਰੂਪਨਗਰ ਜ਼ਿਲ੍ਹੇ ਅੰਦਰ ਲੱਗੇ ਟੋਲ ਪਲਾਜ਼ਿਆਂ ਨੂੰ 3 ਘੰਟੇ ਲਈ ਮੁਫ਼ਤ ਕਰਨ ਦਾ ਐਲਾਨ ਕੀਤਾ। ਇਸ ਉਪਰੰਤ ਅਗਲੇ ਦਿਨਾਂ ਵਿੱਚ ਸਰਕਾਰਾਂ ਨੂੰ ਗੂੜੀ ਨੀਂਦ ਤੋਂ ਜਗਾਉਣ ਲਈ ਹੋਰ ਕਈ ਵੱਡੇ ਪ੍ਰੋਗਰਾਮ ਉਲੀਕੇ ਜਾਣਗੇ। ਇਸ ਮੌਕੇ ਭਾਈ ਜਸਵਿੰਦਰ ਸਿੰਘ ਰਾਜਪੁਰਾ, ਬਲਵਿੰਦਰ ਸਿੰਘ, ਰਵਿੰਦਰ ਸਿੰਘ ਵਜੀਦਪੁਰ, ਗੁਰਦੀਪ ਸਿੰਘ ਬਠਿੰਡਾ, ਇੰਦਰਵੀਰ ਸਿੰਘ, ਐਡਵੋਕੇਟ ਗੁਰਸ਼ਰਨ ਸਿੰਘ ਧਾਲੀਵਾਲ ਤੇ ਦਿਲਸ਼ੇਰ ਸਿੰਘ ਜੰਡਿਆਲਾ ਨੇ ਸੰਬੋਧਨ ਕੀਤਾ।

# ਹਿੰਦੁਸਤਾਨ ਦੇ ਮੌਜੂਦਾ ਹੁਕਮਰਾਨਾਂ ਵਲੋਂ ਸਿੱਖਾਂ ਅਤੇ ਮੁਸਲਮਾਨਾਂ ਉਤੇ ਹਰ ਪਾਸੇ ਵੱਧਦੇ ਹਮਲੇ ਗਹਿਰੀ ਚਿੰਤਾ ਦਾ ਵਿਸ਼ਾ: ਸਿਮਰਨਜੀਤ ਸਿੰਘ ਮਾਨ

ਨਵੀਂ ਦਿੱਲੀ : ਇੰਡੀਆਂ ਦੇ ਮੁਤੱਸਵੀ ਮੁਸਲਿਮ ਅਤੇ ਸਿੱਖ ਕੌਮ ਵਿਰੋਧੀ ਹੁਕਮਰਾਨਾਂ ਵੱਲੋਂ ਲੰਮੇ ਸਮੇ ਤੋਂ ਸਾਜਸੀ ਢੰਗਾਂ ਨਾਲ ਕਸ਼ਮੀਰ ਵਿਚ ਅਤੇ ਪੰਜਾਬ ਵਿਚ ਤੇ ਹੋਰ ਸਥਾਨਾਂ ਤੇ ਹਮਲੇ ਕੀਤੇ ਜਾ ਰਹੇ ਹਨ। ਪਰ ਹੁਣ ਇਹ ਲੜਾਈ ਤਾਂ ਸਮੁੰਦਰ ਤੱਕ ਵੀ ਪਹੁੰਚ ਚੁੱਕੀ ਹੈ। ਜੋ ਜ਼ਬਰ ਜੁਲਮ ਅਤੇ ਕਤਲੇਆਮ ਵਿਸੇਸ ਤੌਰ 'ਤੇ ਕਸ਼ਮੀਰ ਵਿਚ ਕੀਤਾ ਹੈ, ਉਸਨੂੰ ਹੁਕਮਰਾਨ ਹੁਣ ਅੱਗੇ ਵਧਾ ਰਿਹਾ ਹੈ। ਜਿਸਦਾ ਨਤੀਜਾ ਮੁਸਲਿਮ ਮੁਲਕ ਜੋ ਸਮੁੰਦਰ ਰਾਹੀ ਰੈੱਡ ਸੀ, ਪਰਸੀਅਨ ਗਲਫ, ਅਰਬੀ ਸਮੁੰਦਰ, ਮਲਾਕਾ ਸਟਰੇਟਸ ਅਤੇ ਹੋਰਨਾਂ ਸਮੁੰਦਰੀ ਰਸਤੇ ਰਾਹੀ ਵਪਾਰ ਕਰ ਰਹੇ ਹਨ, ਉਸ ਤੱਕ ਇਹ ਲੜਾਈ ਪਹੁੰਚ ਚੁੱਕੀ ਹੈ। ਅਜਿਹਾ ਇਹ ਹਿੰਦੂਤਵ ਹੁਕਮਰਾਨ ਜਾਲਮਨਾਂ ਤਰੀਕੇ ਬਦਲੇ ਦੀ ਭਾਵਨਾ ਅਧੀਨ ਕਰ ਰਹੇ ਹਨ। ਜੋ ਮਨੁੱਖਤਾ ਅਤੇ ਇਨਸਾਨੀਅਤ ਵਿਰੋਧੀ ਦੁੱਖਦਾਇਕ ਕਾਰਵਾਈਆ ਹਨ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ



ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂ-ਇੰਡੀਆ ਸਟੇਟ ਵੱਲੋਂ ਬੀਤੇ ਲੰਮੇ ਸਮੇ ਤੋਂ ਕਸਮੀਰ ਵਿਚ ਅਤੇ ਹੋਰ ਸਥਾਨਾਂ ਉਤੇ ਮੁਸਲਿਮ ਕੌਮ ਉਤੇ ਕੀਤੇ ਜਾ ਰਹੇ ਜ਼ਬਰ ਅਤੇ ਹੁਣ ਇਸ ਜ਼ਬਰ ਨੂੰ ਸਮੁੰਦਰ ਤੱਕ ਲੈਜਾਣ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਕਰੜੀ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਹਿੰਦੂ ਇੰਡੀਆ ਸਟੇਟ ਦੀ ਜੋ ਵਿਦੇਸ਼ੀ ਨੀਤੀ ਹੈ, ਉਹ ਉਸਨੇ ਇਜਰਾਈਲ ਦੀ ਖੁਫੀਆ ਏਜੰਸੀ ਮੁਸਾਦ ਦੇ ਢੰਗ ਅਪਣਾਉਣੇ ਸੁਰੂ ਕਰ ਦਿੱਤੇ ਹਨ। ਜਿਸ ਤਹਿਤ ਕੈਨੇਡਾ, ਪਾਕਿਸਤਾਨ, ਬਰਤਾਨੀਆ, ਪੰਜਾਬ ਤੇ ਹਰਿਆਣੇ ਵਿਚ ਸਿੱਖਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਸੰਬੰਧ ਵਿਚ ਬਰਤਾਨੀਆ ਦੇ ਗਾਰਡੀਅਨ ਨਿਊਜ਼ਪੇਪਰ ਵਿਚ ਪ੍ਰਕਾਸਿਤ ਹੋਇਆ ਲੇਖ ਜਿਸ ਵਿਚ ਅਵਤਾਰ ਸਿੰਘ ਖੰਡੇ ਦੀ ਹੋਈ ਮੌਤ ਦੀ ਨਿਰਪੱਖਤਾ ਨਾਲ ਰਿਪੋਰਟ ਦਿੱਤੀ ਗਈ ਹੈ। ਇਹ ਬੁਰਾਈ ਨਾਜੀ ਜੁਲਮਾਂ ਦੀ ਤਰ੍ਹਾਂ ਵੱਡੀ ਗਿਣਤੀ ਵਿਚ ਵੱਧ ਰਹੀ ਹੈ। ਜੋ ਬੀਜੇਪੀ-ਆਰ.ਐਸ.ਐਸ ਦਾ ਹਿੰਦੂਤਵ ਏਜੰਡਾ ਹੈ। ਇਹ ਦੁੱਖ ਤੇ ਅਫਸੋਸ ਵਾਲੀ ਕਾਰਵਾਈ ਹੈ ਕਿ ਇੰਡੀਆ ਦੀ ਸੁਪਰੀਮ ਕੋਰਟ ਇਥੋ ਦੀਆਂ ਘੱਟ ਗਿਣਤੀ ਕੌਮਾਂ, ਮੁਸਲਿਮ ਤੇ ਸਿੱਖਾਂ ਨੂੰ ਨਿਰਪੱਖਤਾ ਨਾਲ ਇਨਸਾਫ਼ ਦੇਣ ਦੀ ਬਜਾਇ ਹੁਕਮਰਾਨਾਂ ਦੀ ਮਦਦਗਾਰ ਹੋ ਕੇ ਵਿਚਰ ਰਹੀ ਹੈ ।

# 'ਹਿੱਟ ਐਂਡ ਰਨ ਕਾਨੂੰਨ': ਭਾਜਪਾ ਆਗੂਆਂ ਤੇ ਕੇਂਦਰੀ ਮੰਤਰੀਆਂ ਦੇ ਘਿਰਾਓ ਦਾ ਐਲਾਨ

### ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ ਵੱਲੋਂ ਕੇਂਦਰ ਸਰਕਾਰ ਦੇ ਫੈਸਲੇ ਦਾ ਵਿਰੋਧ



ਚੰਡੀਗੜ੍ਹ : ਕੇਂਦਰ ਸਰਕਾਰ ਵੱਲੋਂ 'ਹਿੱਟ ਐਂਡ ਰਨ ਕਾਨੂੰਨ' ਵਿਚ ਕੀਤੀ ਸੋਧ ਵਿਰੁੱਧ ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ ਨੇ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਅੱਜ ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ ਪੰਜਾਬ ਦੇ ਪ੍ਰਧਾਨ ਹੈਪੀ ਸੰਧੂ ਤੇ ਹੋਰਨਾਂ ਆਗੂਆਂ ਨੇ ਇਸ ਕਾਨੂੰਨ ਨੂੰ ਵਾਹਨ ਚਾਲਕਾਂ ਦਾ ਵਿਰੋਧੀ ਐਲਾਨਦਿਆਂ ਕਿਹਾ ਕਿ ਨਵੇਂ ਕਾਨੂੰਨ ਅਨੁਸਾਰ ਸੜਕ ਹਾਦਸੇ ਹੋਣ ਦੀ ਸੂਰਤ ਵਿੱਚ ਡਰਾਈਵਰ ਨੂੰ 10 ਸਾਲ ਤੱਕ ਦੀ ਸਜ਼ਾ ਅਤੇ 10 ਲੱਖ ਰੁਪਏ ਦਾ ਜੁਰਮਾਨਾ ਭਰਨਾ ਪਵੇਗਾ ਜੋ ਡਰਾਈਵਰਾਂ ਨਾਲ ਧੱਕੇਸ਼ਾਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੁਰਾਣੇ ਸਮੇਂ ਤੋਂ ਹੀ ਟਰੱਕ ਯੂਨੀਅਨਾਂ ਨਾਲ ਧੱਕੇਸ਼ਾਹੀ ਕਰਦੇ ਆ ਰਹੇ ਹਨ। ਹੁਣ ਭਾਜਪਾ ਦੀ ਕੇਂਦਰ ਸਰਕਾਰ ਨੇ ਇਸ ਸਬੰਧੀ ਕਾਨੂੰਨ ਤਿਆਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਇਸ ਕਾਨੂੰਨ ਦੇ ਵਿਰੋਧ ਵਿੱਚ ਭਾਜਪਾ ਪ੍ਰਧਾਨ ਸੁਨੀਲ ਜਾਖੜ ਸਣੇ ਪੰਜਾਬ ਵਿੱਚ ਆਉਣ ਵਾਲੇ ਕੇਂਦਰੀ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ।

ਸ੍ਰੀ ਸੰਧੂ ਨੇ ਕਿਹਾ ਕਿ ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ ਵੱਲੋਂ 'ਹਿੱਟ ਐਂਡ ਰਨ ਕਾਨੂੰਨ' ਵਿਰੁੱਧ ਸੰਘਰਸ਼ ਜਾਰੀ ਰਹੇਗਾ। ਇਸ ਦੇ ਵਿਰੋਧ ਵਿੱਚ 18 ਜਨਵਰੀ ਨੂੰ ਫਿਲੌਰ ਤੋਂ ਦਿੱਲੀ, ਜੰਮੂ ਕੌਮੀ ਮਾਰਗ 'ਤੇ ਅਣਮਿਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਸਥਾਨਕ ਟਰੱਕ ਯੂਨੀਅਨ ਨੂੰ ਅਣਗੌਲਿਆ ਕੀਤਾ ਗਿਆ ਹੈ। ਪੰਜਾਬ ਵਿੱਚ ਲੋਕਲ ਗੱਡੀਆਂ ਨੂੰ ਛੱਡ ਕੇ ਦੂਜੇ ਸੂਬਿਆਂ ਦੇ ਟਰੱਕਾਂ ਨੂੰ ਕੰਮ ਦਿੱਤਾ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਸਾਰੇ ਟੈਂਡਰ ਟਰੱਕ ਯੂਨੀਅਨਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ। ਹੈਪੀ ਸੰਧੂ ਨੇ ਮੰਗ ਕੀਤੀ ਕਿ ਸੂਬੇ ਵਿੱਚ ਵੱਡੀ ਗਿਣਤੀ ਵਿੱਚ ਟਰੱਕ ਓਵਰਲੋਡ ਚੱਲ ਰਹੇ ਹਨ। ਇਸ ਲਈ ਓਵਰਲੋਡ ਵਾਹਨ ਚਲਾਉਣ ਵਾਲਿਆਂ ਵਿਰੁੱਧ ਵੀ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ 'ਚ 90 ਹਜ਼ਾਰ ਟਰੱਕਾਂ ਵਿੱਚੋਂ 25 ਹਜ਼ਾਰ ਨਸ਼ਟ ਹੋ ਚੁੱਕੇ ਹਨ। ਇਸ ਕਰਕੇ ਲੱਖ ਤੋਂ ਵੱਧ ਪਰਿਵਾਰ ਬੇਰੁਜ਼ਗਾਰ ਹੋ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਜੇ ਪੰਜਾਬ ਸਰਕਾਰ ਨੇ ਵੀ ਟਰੱਕ ਅਪਰੇਟਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਵਿਰੁੱਧ ਵੀ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਅਰਦਾਸ ਕਰ ਕੇ ਵਾਪਸ ਪਰਤ ਰਹੀ ਸੰਗਤ ਨੂੰ ਪੰਜਾਬ ਪੁਲਿਸ ਵੱਲੋਂ ਦਿੱਲੀ ਰੇਲਵੇ ਸਟੇਸ਼ਨ 'ਤੇ ਕੀਤਾ ਤੰਗ ਪ੍ਰੇਸ਼ਾਨ

### ਵਾਰਸ ਪੰਜਾਬ ਦੇ ਜਥੇਬੰਦੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਬੀਬੀ ਬਲਵਿੰਦਰ ਕੌਰ



ਸ਼੍ਰੀ ਅੰਮ੍ਰਿਤਸਰ : ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਨੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖ਼ਤ ਸਾਹਿਬਾਨ ਤੇ ਅਰਦਾਸ ਸਮਾਗਮਾਂ ਦੀ ਲੜੀ ਤਹਿਤ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਅਰਦਾਸ ਕਰ ਕੇ ਵਾਪਸ ਪਰਤ ਰਹੀ ਸੰਗਤ ਨੂੰ ਪੰਜਾਬ ਪੁਲੀਸ ਵੱਲੋਂ ਦਿਲੀ ਰੇਲਵੇ ਸਟੇਸ਼ਨ 'ਤੇ ਤੰਗ ਪ੍ਰੇਸ਼ਾਨ ਕਰਨ ਅਤੇ ਵਾਰਸ ਪੰਜਾਬ ਦੇ ਜਥੇਬੰਦੀ ਦੇ ਸਰਗਰਮ ਮੈਂਬਰ ਭਾਈ ਗੁਰਪ੍ਰੀਤ ਸਿੰਘ ਨੂੰ ਜਬਰੀ ਗ੍ਰਿਫ਼ਤਾਰ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੁਲੀਸ ਰਾਹੀਂ ਸਿੱਖ ਨੌਜਵਾਨਾਂ ਦੀਆਂ ਨਜਾਇਜ਼ ਗ੍ਰਿਫ਼ਤਾਰੀਆਂ ਕਰਦਿਆਂ ਮਹੌਲ ਨੂੰ ਦਹਿਸ਼ਤ ਵਾਲਾ ਬਣਾ ਕੇ ਪੂਰਵਲੀਆਂ ਕਾਂਗਰਸ ਦੀਆਂ ਸਰਕਾਰਾਂ ਦੀ ਤਰਾਂ ਨੌਜਵਾਨਾਂ ਨੂੰ ਘਰ ਬਾਰ ਛੱਡਣ ਅਤੇ ਹਥਿਆਰ ਚੁੱਕਣ ਲਈ ਮਜਬੂਰ ਨਾ ਕਰੇ। ਇਨ੍ਹਾਂ ਤਲਖ਼ੀਆਂ ਦੇ ਚੰਗੇ ਸਿੱਟੇ ਨਹੀਂ ਨਿਕਲਣਗੇ। ਉਨ੍ਹਾਂ ਬੇਕਸੂਰ ਸਿੱਖ ਨੌਜਵਾਨਾਂ ਦੀਆਂ ਨਜਾਇਜ਼ ਗ੍ਰਿਫ਼ਤਾਰੀਆਂ ਤੁਰੰਤ ਬੰਦ ਕਰਨ ਅਤੇ ਭਾਈ ਗੁਰਪ੍ਰੀਤ ਸਿੰਘ ਨੂੰ ਬਿਨਾ ਦੇਰੀ ਰਿਹਾਅ ਕਰਨ ਲਈ ਕਿਹਾ। ਉਨ੍ਹਾਂ ਕਿਹਾ ਸੱਚਖੰਡ ਹਜ਼ੂਰ ਸਾਹਿਬ ਵਿਖੇ ਅਰਦਾਸ ਸਮਾਗਮ ਵਿਚ ਵਿਘਨ ਪਾਉਣ ਦੀ ਸਰਕਾਰ ਨੇ ਬਹੁਤ ਕੋਸ਼ਿਸ਼ ਕੀਤੀ, ਪਰ ਅਕਾਲ ਪੁਰਖ ਵਾਹਿਗੁਰੂ ਨੇ ਉਨ੍ਹਾਂ ਦੀਆਂ ਸਾਜ਼ਿਸ਼ਾਂ ਨੂੰ ਸਿਰੇ ਨਹੀਂ ਚੜ੍ਹਨ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਂ ਤਖ਼ਤਾਂ 'ਤੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਗਏ ਅਰਦਾਸ ਸਮਾਗਮ ਨਿਰੋਲ ਧਾਰਮਿਕ ਅਤੇ ਅਧਿਆਤਮਕ ਆਸਥਾ ਵਜੋਂ ਸਨ ।

ਬੀਬੀ ਬਲਵਿੰਦਰ ਕੌਰ ਨੇ ਕਿਹਾ ਕਿ ਮਹਿਜ਼ ਕੁਝ ਦਿਨ ਪਹਿਲਾਂ ਸਿੱਖ ਸੰਗਤਾਂ ਵੱਲੋਂ ਪੰਜਾਬ ਸਰਕਾਰ ਦੇ ਮੰਤਰੀ ਲਾਲ ਜੀਤ ਸਿੰਘ ਭੁੱਲਰ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਸਿੰਘਣੀ ਬੀਬੀ ਕਿਰਨਦੀਪ ਕੌਰ ਬਾਰੇ ਘਟੀਆ ਟਿੱਪਣੀ ਕਰਨ ਲਈ ਸ੍ਰੀ ਹਜ਼ੂਰ ਸਾਹਿਬ ਘੇਰ ਕੇ ਸਵਾਲ ਕੀਤੇ ਸਨ। ਉਹ ਸੰਗਤ ਅੱਗੇ ਜਵਾਬਦੇਹੀ ਤੋਂ ਦੌੜਿਆ ਅਤੇ ਅੱਜ ਸਰਕਾਰੀ ਤਾਕਤ ਵਰਤ ਕੇ ਸਿੱਖ ਸੰਗਤਾਂ ਨੂੰ ਤੰਗ ਕਰਨ 'ਤੇ ਆ ਗਿਆ। ਸਿਆਸੀ ਤੌਰ 'ਤੇ ਲਾਲ ਜੀਤ ਭੁੱਲਰ ਦੀ ਔਕਾਤ ਇਹੋ ਆ ਕਿ ਦੋ ਬਿੱਲੀਆਂ ਦੀ ਲੜਾਈ 'ਚ ਇਸ ਦਾ ਦਾਅ ਲੱਗ ਗਿਆ। ਪੱਟੀ ਸ਼ਹਿਰ ਵਿੱਚ ਵਿਕਦੇ ਨਸ਼ੇ 'ਤੇ ਇਸ ਦਾ ਜ਼ੋਰ ਨਹੀਂ ਚੱਲਦਾ, ਕਿਉਂਕਿ ਜਿਹੜੀ ਪੁਲਿਸ ਨੂੰ ਇਸ ਨੇ ਦਿੱਲੀ ਭੇਜਿਆ, ਉਹੋ ਪੁਲਿਸ ਇਸ ਦੇ ਸ਼ਹਿਰ ਵਿੱਚ ਨਸ਼ੇ ਦੀ ਸਪਲਾਈ ਨਹੀਂ ਰੋਕ ਸਕੀ। ਹੋ ਸਕਦਾ ਵਿਕਾਉਂਦੀ ਵੀ ਹੋਵੇ ? ਮੰਤਰੀ ਭੁੱਲਰ ਨੂੰ ਆਪਣੇ ਕਿਰਦਾਰ 'ਤੇ ਵੀ ਯਕੀਨ ਨਹੀਂ ਤਾਂ ਹੀ ਉਸ ਨੂੰ ਬਿਆਨ ਦੇਣੇ ਪੈਂਦੇ ਨੇ ਕਿ ਅਖੌਤੀ ਨੀਲੀਆਂ ਫ਼ ?ਲਮਾਂ ਉਸ ਦੀਆਂ ਨਹੀਂ ਹਨ। ਮੰਤਰੀ ਲਾਲ ਜੀਤ ਸਿੰਘ ਭੁੱਲਰ ਨੇ ਸਰਕਾਰ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਸਿੰਘਣੀ (ਪਤਨੀ) ਬੀਬੀ ਕਿਰਨਦੀਪ ਕੌਰ ਨੂੰ ਵਿਦੇਸ਼ ਜਾਣ ਤੋਂ ਰੋਕਣ 'ਤੇ ਜੋ ਟਾਹਰਾਂ ਮਾਰੀਆਂ ਸਨ, ਕੀ ਬੀਬੀ ਕਿਰਨਦੀਪ ਕੌਰ ਦਾ ਦੋਸ਼ ਸਿਰਫ਼ ਏਨਾ ਕਿ ਉਹ ਅੰਮ੍ਰਿਤਪਾਲ ਸਿੰਘ ਦੀ ਧਰਮ ਪਤਨੀ ਹੈ ਜਾਂ ਕੋਈ ਹੋਰ ਵੀ ਹੈ? ਉਨ੍ਹਾਂ ਅਫ਼ਸੋਸ ਜਤਾਉਂਦਿਆਂ ਕਿਹਾ ਮੁੱਢ ਤੋਂ ਪੰਜਾਬ ਦਾ ਦਸਤੂਰ ਰਿਹਾ ਕਿ ਪਿੰਡ ਪੱਧਰ ਦੀਆਂ ਲੜਾਈਆਂ ਵਿੱਚ ਵੀ ਧੀਆਂ ਭੈਣਾਂ ਨੂੰ ਨਹੀਂ ਘੜੀਸਿਆ ਜਾਂਦਾ। ਪਰ ਰਾਜਨੀਤੀ ਇੰਨੀ ਗੰਧਲਾ ਚੁੱਕੀ ਹੈ ਕਿ ਧੀਆਂ ਭੈਣਾਂ ਨੂੰ ਮੋਹਰੇ ਵਜੋਂ ਇਸਤੇਮਾਲ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪੱਗਾਂ ਵਾਲੇ ਮੰਤਰੀ, ਪੰਜਾਬ ਪੁਲਸ, ਅਤੇ ਓਸ ਪੁਲਸ 'ਚ ਕੰਮ ਕਰਦੇ ਘੋਟਣਿਆਂ ਤੇ ਬੁੱਚੜਾਂ ਦੇ ਵਾਰਿਸ ਆਪਣੇ ਜ਼ਾਲਮ ਪੁਰਖਿਆਂ ਦੀ ਵਿਰਾਸਤ ਨੂੰ ਅੱਗੇ ਤੋਰਦਿਆਂ ਸਿੱਖਾਂ ਨਾਲ ਹਰ ਕਿਸਮ ਦਾ ਤਸ਼ੱਦਦ ਕਰਕੇ ਆਪਣੇ ਆਪ ਨੂੰ ਭਾਰਤ ਮਾਂ ਦੇ ਸੱਚੇ ਸਪੂਤ ਸਾਬਤ ਕਰਨ 'ਤੇ ਲੱਗੇ ਹਨ।

ਪੰਜਾਬ ਸਰਕਾਰ ਕੋਲ ਕੋਈ ਵਕੀਲ ਹੈ ਨੀ ਕਿ ਬੇਅਦਬੀ ਦੇ ਦੋਸ਼ੀ ਡੇਰਾ ਪ੍ਰੇਮੀਆਂ ਦੇ ਵਿਰੁੱਧ ਸੁਪਰੀਮ ਕੋਰਟ 'ਚ ਭੇਜ ਸਕਣ। ਪਰ ਦੂਜੇ ਪਾਸੇ ਪੁਲਿਸ ਐਨੀ ਵਿਹਲੀ ਆ ਕਿ ਬੇਅਦਬੀਆਂ ਖਿਲਾਫ ਲੜਨ ਵਾਲਿਆਂ ਨੂੰ ਫੜਨ ਲਈ ਦਿੱਲੀ ਤੱਕ ਪਹੁੰਚ ਜਾਂਦੀ ਆ। ਸ੍ਰੀ ਹਜ਼ੂਰ ਸਾਹਿਬ ਤੋਂ ਪੰਜਾਬ ਮੁੜਦੀ ਸੰਗਤ ਨੂੰ ਘੰਟਿਆਂ ਬਦੀ ਦਿੱਲੀ ਰੋਕ ਭਾਈ ਗੁਰਪ੍ਰੀਤ ਸਿੰਘ ਦੀ ਗ੍ਰਿਫ਼ਤਾਰੀ ਕਰਨੀ ਤੇ ਸੱਚਖੰਡ ਐਕਸਪ੍ਰੈੱਸ ਦੀ ਬਾਕੀ ਸਿੱਖ ਸੰਗਤ ਨੂੰ ਤੰਗ ਪ੍ਰੇਸ਼ਾਨ ਕਰਨਾ ਸਿਰਫ਼ ਤਾਕਤ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਬਿਗਾਨੀ ਤਾਕਤ ਨਾ ਤੇ ਲਾਲ ਜੀਤ ਵਰਗਿਆਂ ਕੋਲ ਟਿਕਣੀ ਆ ਤੇ ਨਾ ਹੀ ਘੋਟਣਿਆਂ ਕੋਲ। ਇਹ ਜ਼ੁਲਮ ਸਿੱਖ ਰੂਹਾਂ ਨੂੰ ਘਿਓ ਵਾਂਗੂੰ ਲੱਗਦੇ ਰਹੇ ਨੇ ਤੇ ਇਹ ਸਿਦਕ ਏਦਾਂ ਹੀ ਪੱਕੇ ਹੁੰਦੇ ਰਹੇ ਨੇ।

# ਮੂਸੇਵਾਲਾ ਕਤਲ: ਦੀਪਕ ਟੀਨੂੰ ਮਾਮਲੇ 'ਚ ਚਲਾਨ ਪੇਸ਼ ਕਰਨ 'ਚ ਪੁਲੀਸ ਨਾਕਾਮ



ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁਲਜ਼ਮ ਦੀਪਕ ਟੀਨੂੰ ਦੇ ਸੀਆਈਏ ਮਾਨਸਾ ਪੁਲੀਸ ਦੀ ਹਿਰਾਸਤ 'ਚ ਫਰਾਰ ਹੋਣ ਦੇ ਮਾਮਲੇ ਵਿੱਚ ਪੰਜਾਬ ਪੁਲੀਸ ਨੇ ਸੈਸ਼ਨ ਅਦਾਲਤ ਵਿੱਚ ਹਾਲੇ ਚਲਾਨ ਪੇਸ਼ ਨਹੀਂ ਕੀਤਾ। ਮਾਨਸਾ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਸੁਰਭੀ ਪਰਾਸ਼ਰ ਦੀ ਅਦਾਲਤ ਨੇ ਮਾਮਲੇ ਦੀ ਸੁਣਵਾਈ 20 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਹੈ। ਮੂਸੇਵਾਲਾ ਕਤਲ ਕਾਂਡ ਦਾ ਮੁਲਜ਼ਮ ਦੀਪਕ ਉਰਫ ਟੀਨੂੰ ਪਹਿਲੀ ਅਕਤੂਬਰ 2022 ਨੂੰ ਮਾਨਸਾ ਪੁਲੀਸ ਦੇ ਸੀਆਈਏ ਥਾਣੇ ਦੀ ਹਿਰਾਸਤ 'ਚੋਂ ਫ਼ਰਾਰ ਹੋ ਗਿਆ ਸੀ, ਜਿਸ ਕਰਕੇ ਪੁਲੀਸ ਨੇ ਸੀਆਈਏ ਦੇ ਉਸ ਵੇਲੇ ਦੇ ਇੰਚਾਰਜ ਐੱਸਆਈ ਪ੍ਰਿਤਪਾਲ ਸਿੰਘ ਨੂੰ ਬਰਖਾਸਤ ਕਰ ਦਿੱਤਾ ਸੀ, ਜੋ ਸਿਟ ਦਾ ਮੈਂਬਰ ਵੀ ਸੀ। ਦਸੰਬਰ 2022 ਵਿੱਚ ਮਾਨਸਾ ਪੁਲੀਸ ਨੇ ਪ੍ਰਿਤਪਾਲ ਸਿੰਘ, ਦੀਪਕ ਟੀਨੂੰ, ਜਤਿੰਦਰ ਕੌਰ ਜੋਤੀ, ਕੁਲਦੀਪ ਸਿੰਘ ਉਰਫ਼ ਕੋਹਲੀ, ਰਾਜਵੀਰ ਕਜਾਮਾ, ਰਜਿੰਦਰ ਸਿੰਘ ਗੋਰਾ, ਬਿੱਟੂ ਸਿੰਘ, ਸਰਬਜੋਤ ਸਿੰਘ, ਚਿਰਾਗ ਅਤੇ ਸੁਨੀਲ ਲੋਹੀਆ ਖ਼ਿਲਾਫ਼ ਧਾਰਾ 222, 224 ਤਹਿਤ ਹੇਠਲੀ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕੀਤੀ ਸੀ। ਉਨ੍ਹਾਂ ਖਿਲਾਫ਼ 225ਏ, 120ਬੀ, 212 ਅਤੇ 216 ਆਈਪੀਸੀ ਅਤੇ ਆਰਮਜ਼ ਐਕਟ ਦੀ ਧਾਰਾ 25 ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ 'ਤੇ ਲੱਗੀਆਂ ਧਾਰਾਵਾਂ ਵਿਸ਼ੇਸ਼ ਤੌਰ 'ਤੇ ਸੈਸ਼ਨ ਅਦਾਲਤ ਵੱਲੋਂ ਸੁਣਵਾਈ ਯੋਗ ਹਨ, ਜਿਸ ਲਈ ਹੇਠਲੀ ਅਦਾਲਤ ਕੇਸ ਦੀ ਸੁਣਵਾਈ ਕਰੇਗੀ। ਵਚਨਬੱਧਤਾ ਤੋਂ ਬਾਅਦ ਕੇਸ ਸੈਸ਼ਨ ਕੋਰਟ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਸੁਣਵਾਈ ਸ਼ੁਰੂ ਹੋਵੇਗੀ।

# ਜਾਖੜ ਨੇ ਕਾਂਗਰਸ 'ਚ ਧੜੇਬੰਦੀ ਸ਼ੁਰੂ ਕਰ ਕੇ ਪਾਰਟੀ ਦਾ ਨਾਮ ਡੋਬਿਆ: ਰੰਧਾਵਾ



ਚੰਡੀਗੜ੍ਹ : ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਦੀ ਗ੍ਰਿਫ਼ਤਾਰੀ ਸਬੰਧੀ ਦਿੱਤੇ ਬਿਆਨ 'ਤੇ ਮੋੜਵਾਂ ਜਵਾਬ ਦਿੱਤਾ ਹੈ। ਰੰਧਾਵਾ ਨੇ ਕਿਹਾ ਕਿ ਸੁਨੀਲ ਜਾਖੜ ਨੂੰ ਖਹਿਰਾ ਦੀ ਚਿੰਤਾ ਕਰਨ ਦੀ ਥਾਂ ਭਾਜਪਾ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਸੁਖਪਾਲ ਸਿੰਘ ਖਹਿਰਾ ਨਾਲ ਚੱਟਾਨ ਵਾਂਗ ਖੜ੍ਹੀ ਹੈ। ਉਹ ਜਲਦੀ ਹੀ ਲੋਕਾਂ ਦੇ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਨੇ ਕਾਂਗਰਸ ਵਿੱਚ ਧੜੇਬੰਦੀ ਸ਼ੁਰੂ ਕਰ ਕੇ ਪਾਰਟੀ ਦਾ ਨਾਮ ਡੋਬ ਦਿੱਤਾ ਹੈ। ਸ੍ਰੀ ਰੰਧਾਵਾ ਨੇ ਕਿਹਾ, "ਕਾਂਗਰਸ ਨੇ ਜਾਖੜ ਪਰਿਵਾਰ ਨੂੰ ਉੱਚੇ ਅਹੁੱਦਿਆਂ 'ਤੇ ਬਿਠਾਇਆ ਸੀ। ਅੱਜ ਵੀ ਸੁਨੀਲ ਜਾਖੜ ਦਾ ਭਤੀਜਾ ਉਸੇ ਕਾਂਗਰਸ ਦਾ ਵਿਧਾਇਕ ਹੈ, ਜਿਸ ਨੂੰ ਉਹ ਭੰਡ ਰਹੇ ਹਨ।" ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਨੇ ਜਾਖੜ ਤੋਂ ਖਹਿੜਾ ਛੁਡਵਾਇਆ ਹੈ ਨਾ ਕਿ ਸੁਖਪਾਲ ਸਿੰਘ ਖਹਿਰਾ ਤੋਂ। ਜੇਲ੍ਹ ਵਿਭਾਗ ਦਾ ਰਿਕਾਰਡ ਕਢਵਾ ਕੇ ਦੇਖਿਆ ਜਾ ਸਕਦਾ ਹੈ ਕਿ ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਸਮੇਤ ਹੋਰ ਕਿੰਨੇ ਆਗੂ ਜੇਲ੍ਹ ਵਿੱਚ ਸੁਖਪਾਲ ਸਿੰਘ ਖਹਿਰਾ ਨਾਲ ਮੁਲਾਕਾਤ ਕਰ ਚੁੱਕੇ ਹਨ। ਉਨ੍ਹਾਂ 'ਐਕਸ' 'ਤੇ ਕਿਹਾ, "ਆਪਣੇ ਪੁਰਖਿਆਂ ਦੀ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੇ ਇਨਸਾਨ ਨੂੰ ਇਹ ਗੱਲਾਂ ਸੋਭਾ ਨਹੀਂ ਦਿੰਦੀਆਂ। ਤੁਸੀਂ ਹੀ ਕਾਂਗਰਸ ਵਿੱਚ ਧੜੇਬੰਦੀ ਸ਼ੁਰੂ ਕਰ ਕੇ ਲੋਕਾਂ ਵਿੱਚ ਕਾਂਗਰਸ ਦਾ ਨਾਂ ਡੋਬਿਆ ਸੀ। ਤੁਸੀਂ ਖਹਿਰਾ ਸਾਹਿਬ ਦੀ ਚਿੰਤਾ ਛੱਡ ਕੇ ਆਪਣੇ ਕੰਮ ਵੱਲ ਧਿਆਨ ਦਿਓ।"

# ਕਾਂਗਰਸ ਦੇ ਰਾਹ ਵਿਚ ਖਾਨਾਜੰਗੀ ਵੱਡੀ ਰੁਕਾਵਟ

ਭਾਰਤ ਦੀ 18ਵੀਂ ਲੋਕ ਸਭਾ ਚੁਣਨ ਲਈ ਚੋਣਾਂ ਹੁਣ ਸਿਰ 'ਤੇ ਹਨ। ਇਸੇ ਲਈ ਦੇਸ਼ 'ਚ ਸਿਆਸੀ ਸਰਗਰਮੀਆਂ ਪੂਰੀ ਤਰ੍ਹਾਂ ਭਖੀਆਂ ਹੋਈਆਂ ਹਨ। ਆਈਐੱਨਡੀਆਈਏ ਦੇ ਨਾਂ 'ਤੇ ਸਮੁੱਚੀ ਵਿਰੋਧੀ ਧਿਰ ਇਸ ਵੇਲੇ ਇਕਜੁੱਟ ਹੋਣ ਦਾ ਦਾਅਵਾ ਕਰ ਰਹੀ ਹੈ ਪਰ ਜਿਹੋ ਜਿਹੀਆਂ ਬਿਆਨਬਾਜ਼ੀਆਂ ਆ ਰਹੀਆਂ ਤੇ ਘਟਨਾਵਾਂ ਵਾਪਰ ਰਹੀਆਂ ਹਨ, ਉਸ ਸਭ ਤੋਂ ਇਸ ਇਕਜੁੱਟਤਾ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪਹਿਲਾਂ ਕਾਂਗਰਸੀ ਆਗੂ ਮਲਿਕਾਰਜੁਨ ਖੜਗੇ ਦਾ ਨਾਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਅੱਗੇ ਰੱਖਿਆ ਸੀ ਪਰ ਹੁਣ ਨਿਤਿਸ਼ ਕੁਮਾਰ ਦਾ ਨਾਂ ਚੱਲਣ ਲੱਗ ਪਿਆ ਹੈ। ਓਧਰ ਕਾਂਗਰਸ ਦੇ ਪ੍ਰਮੁੱਖ ਨੇਤਾਵਾਂ ਦੇ ਸਮਾਜਵਾਦੀ ਪਾਰਟੀ ਵਿਰੋਧੀ ਬਿਆਨ ਇਕ ਵੱਖਰੀ ਕਹਾਣੀ ਦਰਸਾ ਰਹੇ ਹਨ। ਰਾਸ਼ਟਰੀ ਪੱਧਰ 'ਤੇ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਵੀ ਗੱਠਜੋੜ ਨੂੰ ਲੈ ਕੇ ਭੰਬਲ਼ਭੂਸਾ ਉੱਸਰਿਆ ਹੋਇਆ ਹੈ।

'ਆਪ' ਹਾਈਕਮਾਨ ਦਾ ਕਹਿਣਾ ਹੈ ਕਿ ਉਸ ਨੂੰ ਕਾਂਗਰਸ ਤੇ ਆਈਐੱਨਡੀਆਈਏ ਨਾਲ ਗੱਠਜੋੜ ਕਰਨ ਦੀ ਕੋਈ ਕਾਹਲ਼ੀ ਨਹੀਂ ਹੈ। ਪੰਜਾਬ 'ਚ ਤਾਂ ਇਨ੍ਹਾਂ ਦੋਵੇਂ ਪਾਰਟੀਆਂ ਵਿਚਾਲੇ ਕਿਸੇ ਕਿਸਮ ਦੇ ਗੱਠਜੋੜ ਦੀ ਕੋਈ ਸੰਭਾਵਨਾ ਪਹਿਲਾਂ ਤੋਂ ਹੀ ਨਹੀਂ ਦਿਸ ਰਹੀ। ਹੋਰ ਤਾਂ ਹੋਰ, ਕਾਂਗਰਸ ਪਾਰਟੀ ਆਪਣੇ ਆਗੂਆਂ ਦੀ ਅੰਦਰੂਨੀ ਖਿੱਚੋਤਾਣ ਨੂੰ ਹੀ ਖ਼ਤਮ ਨਹੀਂ ਕਰ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹੁਣ ਨਵਜੋਤ ਸਿੰਘ ਸਿੱਧੂ ਨੂੰ ਸਪਸ਼ਟ ਆਖ ਦਿੱਤਾ ਹੈ ਕਿ ਉਹ ਪਾਰਟੀ ਦੇ ਅਨੁਸ਼ਾਸਨ 'ਚ ਰਹਿਣ, ਨਹੀਂ ਤਾਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਨੁਸ਼ਾਸਨੀ ਜ਼ਾਬਤੇ ਦੀ ਉਲੰਘਣਾ ਕਰਨ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਦਿੱਤੀ ਜਾਵੇਗੀ।

ਵੜਿੰਗ ਨੂੰ ਇੱਥੋਂ ਤੱਕ ਵੀ ਚੁਣੌਤੀ ਦੇ ਦਿੱਤੀ ਹੈ ਕਿ ਉਹ ਆਪਣੇ ਦਮ 'ਤੇ 10 ਹਜ਼ਾਰ ਕਾਰਕੁਨ ਹੀ ਇਕੱਠੇ ਕਰ ਕੇ ਵਿਖਾਉਣ। ਉਨ੍ਹਾਂ ਇਹ ਵੀ ਕਿਹਾ ਹੈ ਕਿ ਪ੍ਰਧਾਨ ਵੜਿੰਗ ਦੇ ਵਿਰੋਧ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਇਹ ਬਿਆਨਬਾਜ਼ੀ ਉਸ ਵੇਲੇ ਹੋਈ ਹੈ ਜਦੋਂ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਪੁੱਜੇ ਸਨ। ਦਰਬਾਰ ਸਾਹਿਬ ਵਿਖੇ ਸਿੱਧੂ ਤੇ ਵੜਿੰਗ ਵਿਚਾਲੇ ਦੁਆ-ਸਲਾਮ ਤੱਕ ਨਹੀਂ ਹੋਈ। ਅਜਿਹੇ ਹਾਲਾਤ 'ਚ ਜਨਤਾ ਕਾਂਗਰਸ ਪਾਰਟੀ 'ਤੇ ਭਰੋਸਾ ਕਿਵੇਂ ਕਰ ਸਕੇਗੀ।

ਇਸ ਦੇ ਮੁਕਾਬਲੇ ਕੇਂਦਰ 'ਚ ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ ਭਾਵ ਐੱਨਡੀਏ ਇਸ ਵੇਲੇ ਬੇਹੱਦ ਮਜ਼ਬੂਤ ਹਾਲਤ 'ਚ ਹੈ। ਜਿਹੋ ਜਿਹੇ



ਹਾਲਾਤ ਆਈਐੱਨਡੀਆਈਏ ਦੇ ਇਸ ਵੇਲੇ ਬਣੇ ਹੋਏ ਹਨ, ਉਸ ਤੋਂ ਇਸ ਗੱਠਜੋੜ ਦੇ ਕੋਈ ਮੱਲ ਮਾਰਨ ਦੇ ਦਾਅਵਿਆਂ 'ਤੇ ਸ਼ੱਕ ਪੈਦਾ ਹੋਣਾ ਸੁਭਾਵਕ ਹੈ। ਅੰਦਰੂਨੀ ਖਾਨਾਜੰਗੀ ਇਕ ਅਜਿਹਾ ਖੋਰਾ ਹੈ ਜਿਸ ਕਾਰਨ ਇਤਿਹਾਸ ਨੇ ਵੱਡੇ-ਵੱਡੇ ਰਾਜਭਾਗ ਜਾਂਦੇ ਵੇਖੇ ਹਨ। ਕਾਂਗਰਸ ਨੇ 10 ਵਰ੍ਹੇ ਪਹਿਲਾਂ ਵੀ ਇਨ੍ਹਾਂ ਹੀ ਕਾਰਨਾਂ ਕਰ ਕੇ ਸੱਤਾ ਗੁਆਈ ਸੀ। ਇਹ ਪਾਰਟੀ ਖੇਤਰੀ ਆਗੂਆਂ ਦੀ ਅਜਿਹੀ ਬੇਲੋੜੀ ਆਪਸੀ ਜੰਗ ਕਦੇ ਰੋਕ ਹੀ ਨਹੀਂ ਸਕੀ।

ਅਜਿਹੀ ਖਾਨਾਜੰਗੀ ਉਸ ਦੀਆਂ ਭਾਈਵਾਲ ਪਾਰਟੀਆਂ ਦਾ ਕੀ ਸੁਆਰ ਸਕੇਗੀ, ਇਸ ਦਾ ਬਹੁਤ ਸੁਖਾਲ਼ਾ ਜਿਹਾ ਜਵਾਬ ਕੋਈ ਬੱਚਾ ਵੀ ਦੇ ਸਕਦਾ ਹੈ। ਅਜਿਹੀਆਂ ਧੜੇਬੰਦੀਆਂ ਕਿਸੇ ਵੀ ਪਾਰਟੀ ਨੂੰ ਕਦੇ ਕਿਸੇ ਤਣ-ਪੱਤਣ ਨਹੀਂ ਲਾ ਸਕਦੀਆਂ। ਕਾਂਗਰਸ ਹੁਣ ਸਿਰਫ਼ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਨਿਆਂ ਯਾਤਰਾ' ਉੱਤੇ ਹੀ ਆਪਣੀ ਕੋਈ ਆਸ ਰੱਖ ਸਕਦੀ ਹੈ।

# ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦਾ ਦੇਹਾਂਤ

## *ਕੈਬਨਿਟ ਮੰਤਰੀ ਖੁੱਡੀਆਂ ਸਣੇ ਵੱਡੀ ਗਿਣਤੀ ਸ਼ਖ਼ਸੀਅਤਾਂ ਸਸਕਾਰ ਵਿੱਚ ਹੋਈਆਂ ਸ਼ਾਮਲ*



ਸ੍ਰੀ ਮੁਕਤਸਰ ਸਾਹਿਬ : ਬੇਬਾਕ ਧਾਰਮਿਕ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ (80) ਦਾ ਅੱਜ ਇੱਥੇ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਇੱਥੇ ਬੂੜਾ ਗੁੱਜਰ ਮਾਰਗ 'ਤੇ ਸਥਿਤ ਉਨ੍ਹਾਂ ਦੇ ਫਾਰਮ ਹਾਊਸ ਵਿੱਚ ਕੀਤਾ ਗਿਆ। ਉਹ ਪਿਛਲੇ ਕੁੱਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਅਤੇ ਸਥਾਨਕ ਇਕ ਨਿੱਜੀ ਹਸਪਤਾਲ ਵਿੱਚ ਦਾਖਲ ਸਨ। ਜਥੇਦਾਰ ਨੰਦਗੜ੍ਹ 2003 ਤੋਂ 2015 ਦੇ ਅਰਸੇ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ 1996 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਸਨ। ਜਥੇਦਾਰ ਨੰਦਗੜ੍ਹ ਦੇ ਅੰਤਿਮ ਸੰਸਕਾਰ ਮੌਕੇ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਾਬਕਾ ਜਥੇਦਾਰ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਜਥੇਦਾਰ ਨੰਦਗੜ੍ਹ ਨੇ ਆਪਣਾ ਸਾਰਾ ਜੀਵਨ ਸਿੱਖੀ ਸਿਧਾਂਤਾਂ ਨੂੰ ਸਮਰਪਿਤ ਕੀਤਾ ਅਤੇ ਹਮੇਸ਼ਾ ਅੱਗੇ ਹੋ ਕੇ ਕੌਮ ਲਈ ਕੰਮ ਕੀਤਾ ਹੈ। ਇਸ ਮੌਕੇ ਉਨ੍ਹਾਂ ਜਥੇਦਾਰ ਨੰਦਗੜ੍ਹ ਦੇ ਪੁੱਤਰ ਸ਼ਿਵਰਾਜ ਸਿੰਘ ਨੰਦਗੜ੍ਹ (ਐੱਸਪੀ ਜੇਲ੍ਹਾਂ) ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਮੁਕਤਸਰ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੀ ਮੌਜੂਦ ਸਨ।

# ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਹਿਮ ਦੀ ਅਪੀਲ ਵਾਪਸ ਲੈਣ ਬਾਰੇ ਫ਼ੈਸਲਾ 27 ਤੋਂ ਬਾਅਦ

## *ਅੰਤ੍ਰਿੰਗ ਕਮੇਟੀ ਵੱਲੋਂ ਗੁਰੂ ਘਰਾਂ ਵਿੱਚ ਸਿਰੋਪਾਓ ਦੇਣ ਦੇ ਰੁਝਾਨ ਨੂੰ ਨਿਯਮਤ ਕਰਨ ਦਾ ਫ਼ੈਸਲਾ*

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਬਾਰੇ ਅਗਲਾ ਫੈਸਲਾ ਹੁਣ 27 ਜਨਵਰੀ ਤੋਂ ਬਾਅਦ ਲਵੇਗੀ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇਥੇ ਮੀਡੀਆ ਨੂੰ ਸੰਬੋਧਨ ਕਰਦਿਆਂ ਕੀਤਾ ਹੈ। ਉਹ ਅੱਜ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਨ। ਇਸ ਮੀਟਿੰਗ ਵਿੱਚ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵੱਲੋਂ ਗੁਰਦੁਆਰਿਆਂ ਅੰਦਰ ਸਿਰੋਪਾਓ ਦੇਣ ਦੇ ਰੁਝਾਨ ਨੂੰ ਬੰਦ ਕਰਦਿਆਂ ਇਸ ਤੋਂ ਹੋਣ ਵਾਲੀ ਵਿੱਤੀ ਬਚਤ ਨੂੰ ਕੌਮ ਦੇ ਨੌਜਵਾਨ ਵਰਗ ਦੇ ਅਕਾਦਮਿਕ ਵਿਕਾਸ ਲਈ ਵਰਤਣ ਦਾ ਫੈਸਲਾ ਵੀ ਲਿਆ ਗਿਆ।

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਧਾਮੀ ਨੇ ਦੱਸਿਆ ਕਿ ਸਿਰੋਪਾਓ ਦੇਣ ਦੇ ਆਮ ਰੁਝਾਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਹੁਣ ਗੁਰਦੁਆਰਿਆਂ ਵਿੱਚੋਂ ਸਿਰੋਪਾ ਸਿਰਫ ਧਾਰਮਿਕ ਸ਼ਖ਼ਸੀਅਤਾਂ, ਨਗਰ ਕੀਰਤਨਾਂ ਦੌਰਾਨ ਪੰਜ ਪਿਆਰਿਆਂ, ਰਾਗੀ ਅਤੇ ਧਰਮ ਪ੍ਰਚਾਰਕਾਂ ਨੂੰ ਦੇਣ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ। ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਬਣੀ ਪੰਜ ਮੈਂਬਰੀ ਕਮੇਟੀ ਦੀ ਕਾਰਵਾਈ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕੋਲੋਂ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਸੀ ਪਰ ਉਨ੍ਹਾਂ ਨੇ ਗ੍ਰਹਿ ਮੰਤਰੀ ਨਾਲ ਗੱਲਬਾਤ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਜਲਦੀ ਹੀ



ਕੇਂਦਰ ਸਰਕਾਰ ਨਾਲ ਗੱਲਬਾਤ ਹੋਵੇਗੀ। ਇਸ ਨੂੰ ਦੇਖਦਿਆਂ ਹੁਣ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਪੰਜ ਮੈਂਬਰੀ ਕਮੇਟੀ ਦੀ ਅਪੀਲ ਦੇ ਮੱਦੇਨਜ਼ਰ 31 ਦਸੰਬਰ ਤੋਂ ਸਮਾਂ ਵਧਾ ਕੇ 27 ਜਨਵਰੀ ਤੱਕ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ਼ਹੀਦਗੰਜ ਬਾਬਾ ਦੀਪ ਸਿੰਘ ਵਿਖੇ ਗੁਰਬਾਣੀ ਪ੍ਰਸਾਰਨ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਵੈੱਬ ਚੈਨਲ (ਯੂ-ਟਿਊਬ ਅਤੇ ਫੇਸਬੁੱਕ ਆਦਿ) 'ਤੇ ਚਲਾਉਣ ਦੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਤਕਨੀਕ ਦਾ ਸਾਊਂਡ ਸਿਸਟਮ ਵੀ ਲਗਾਇਆ ਜਾਵੇਗਾ।

ਅੰਤ੍ਰਿੰਗ ਕਮੇਟੀ ਵੱਲੋਂ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫ਼ੌਜੀ ਹਮਲੇ ਦਾ ਬਦਲਾ ਲੈਣ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ ਦੀ ਨੂੰਹ ਬੀਬੀ ਸੰਦੀਪ ਕੌਰ ਨੂੰ ਸ਼ ?ਰੋਮਣੀ ਕਮੇਟੀ ਵਿੱਚ ਨੌਕਰੀ ਦੇਣ ਦਾ ਫੈਸਲਾ ਵੀ ਲਿਆ ਗਿਆ ਹੈ। ਅੰਤ੍ਰਿੰਗ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 17 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਉਣ ਲਈ ਸਮਾਗਮਾਂ ਦੀ ਰੂਪਰੇਖਾ ਨੂੰ ਵੀ ਅੰਤਿਮ ਰੂਪ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਪੰਜਾਬ ਵਿਚ ਵੀ ਦਸਮ ਗੁਰੂ ਦਾ ਪ੍ਰਕਾਸ਼ ਪੁਰਬ ਕੌਮੀ ਪੱਧਰ 'ਤੇ ਮਨਾਉਣਾ ਆਰੰਭ ਕੀਤਾ ਜਾ ਰਿਹਾ ਹੈ।

ਇਸ ਤਹਿਤ ਮੁੱਖ ਸਮਾਗਮ ਤੋਂ ਇਲਾਵਾ 10 ਜਨਵਰੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸ਼ੁਰੂ ਹੋਵੇਗਾ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਤੋਂ ਹੁੰਦਾ ਹੋਇਆ 16 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਵੇਗਾ। ਅੰਤ੍ਰਿੰਗ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਦੇ ਅਕਾਲ ਚਲਾਣੇ 'ਤੇ ਸ਼ੋਕ ਮਤਾ ਪਾਸ ਕੀਤਾ ਗਿਆ।



# ਸੁਨੀਲ ਜਾਖੜ ਹੁਣ ਕਿਹੜੇ ਮੂੰਹ ਨਾਲ ਤੁਸੀਂ ਪੰਜਾਬੀਆਂ ਵਿਚਕਾਰ ਜਾਉਗੇ: ਭਗਵੰਤ ਮਾਨ

## *ਰੱਖਿਆ ਮੰਤਰਾਲਾ ਨੇ ਜਨਤਕ ਕੀਤੀਆਂ ਝਾਕੀ ਦੀਆਂ ਫੋਟੋਆਂ, ਨਹੀਂ ਲੱਗੀ ਸੀ ਮੇਰੀ ਤੇ ਅਰਵਿੰਦ ਕੇਜਰੀਵਾਲ ਦੀ ਫੋਟੋ: ਮੁੱਖ ਮੰਤਰੀ*

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਝਾਕੀ ਨੂੰ ਰੱਦ ਕਰਨ ਦੇ ਮੁੱਦੇ ਉਤੇ 'ਨੰਗਾ-ਚਿੱਟਾ' ਝੂਠ ਬੋਲਣ ਉਤੇ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਦੀ ਕਰੜੀ ਆਲੋਚਨਾ ਕੀਤੀ ਹੈ।

ਇੱਥੇ ਜਾਰੀ ਇਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਸੂਬਾ ਸਰਕਾਰ ਹਮੇਸ਼ਾ ਤੋਂ ਇਹੀ ਤਰਕ ਰਿਹਾ ਹੈ ਕਿ ਮੋਦੀ ਸਰਕਾਰ ਨੇ ਆਪਣੀ ਪੰਜਾਬ ਵਿਰੋਧੀ ਖ਼ਬਤ ਕਾਰਨ ਸੂਬੇ ਦੀ ਝਾਕੀ ਨੂੰ ਰੱਦ ਕੀਤਾ ਪਰ ਜਾਖੜ ਕੇਂਦਰ ਸਰਕਾਰ ਦੇ ਇਸ ਨੂੰ ਕਦਮ ਨੂੰ ਆਪਣੀ ਬੇਥਵੀਆਂ ਨਾਲ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ਦਾ ਕੋਈ ਆਧਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਖੜ ਨੇ ਸੂਬਾ ਸਰਕਾਰ ਦੀਆਂ ਝਾਕੀਆਂ ਰੱਦ ਹੋਣ ਦਾ ਕਾਰਨ ਉਨ੍ਹਾਂ ਉਤੇ ਮੁੱਖ ਮੰਤਰੀ ਦੀਆਂ ਤਸਵੀਰਾਂ ਹੋਣ ਦੀ ਗੱਲ ਆਖ ਕੇ ਸੂਬੇ ਦੇ ਲੋਕਾਂ ਨੂੰ ਗੁਮਰਾਹ ਕੀਤਾ ਹੈ ਅਤੇ ਇਹ ਸਾਰਾ ਬਿਆਨ ਜਾਖੜ ਦੀ ਮਹਿਜ਼ ਕੋਰੀ ਕਲਪਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਜਦੋਂ ਰੱਖਿਆ ਮੰਤਰਾਲੇ ਨੇ ਇਹ ਬਿਲਕੁੱਲ ਸਾਫ਼ ਕਰ ਦਿੱਤਾ ਹੈ ਕਿ ਇਸ ਝਾਕੀ ਉਤੇ ਕੋਈ ਤਸਵੀਰਾਂ ਨਹੀਂ ਸਨ ਤਾਂ ਜਾਖੜ ਦੇ ਝੂਠ ਦਾ ਪਰਦਾਫ਼ਾਸ਼ ਹੋ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ ਲਈ ਡਿਜ਼ਾਇਨ ਕੀਤੀ ਝਾਕੀ ਦਾ ਉਦੇਸ਼ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਨਾਲ-ਨਾਲ ਸ਼ਹੀਦਾਂ ਦੇ ਬਲੀਦਾਨ ਦੀ ਰਵਾਇਤ ਨੂੰ ਦਰਸਾਉਣਾ ਸੀ। ਗਣਤੰਤਰ ਦਿਵਸ ਪਰੇਡ ਲਈ ਸੂਬੇ ਦੀ ਝਾਕੀ ਨੂੰ ਰੱਦ ਕਰਨ ਉਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਉਨ੍ਹਾਂ ਦੁਹਰਾਇਆ ਕਿ ਸੱਤਾ ਦੀ ਭੁੱਖੀ ਕੇਂਦਰ ਸਰਕਾਰ ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਵੱਲੋਂ ਪਾਏ ਲਾਮਿਸਾਲ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਹੇਠੀ ਕਰਨ ਲਈ ਭਾਜਪਾ ਸਰਕਾਰ ਕੋਝੇ ਹਥਕੰਡੇ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਾਦਤ ਤੇ ਬਲੀਦਾਨ ਪੰਜਾਬ ਦੀ ਸ਼ਾਨਾਮੱਤੀ ਵਿਰਾਸਤ ਦਾ ਹਿੱਸਾ ਹਨ, ਜਿਨ੍ਹਾਂ ਨੂੰ ਪੰਜਾਬ ਦੀਆਂ ਝਾਕੀਆਂ ਵਿੱਚ ਦਿਖਾਇਆ ਜਾਂਦਾ ਰਿਹਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਝਾਕੀਆਂ ਦੇ ਦੇਸ਼-ਭਗਤੀ ਤੇ ਪ੍ਰਗਤੀਸ਼ੀਲ ਵਿਚਾਰਾਂ ਨੂੰ ਰੱਦ ਕਰ ਕੇ ਕੇਂਦਰ ਸਰਕਾਰ ਨੇ ਮਹਾਨ ਦੇਸ਼-ਭਗਤਾਂ ਤੇ ਕੌਮੀ ਨਾਇਕਾਂ ਦੇ ਬਲੀਦਾਨ ਦਾ ਨਿਰਾਦਰ ਕੀਤਾ ਹੈ। ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ ਜਾਖੜ ਵਰਗੇ ਨਵੇਂ-ਨਵੇਂ ਬਣੇ 'ਭਗਤ' ਆਪਣੀ ਅੰਧ-ਭਗਤੀ ਵਿੱਚ ਪੰਜਾਬ ਦੇ ਹਿੱਤਾਂ ਨੂੰ ਸਿਰੇ ਤੋਂ ਦਰਕਿਨਾਰ ਕਰਦਿਆਂ ਮੋਦੀ ਸਰਕਾਰ ਦੇ ਤਾਨਾਸ਼ਾਹੀ ਕਦਮਾਂ ਨੂੰ ਜਾਇਜ਼ ਠਹਿਰਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨਾਲ ਸਬੰਧਤ ਹੋਣ ਦੇ ਬਾਵਜੂਦ ਇਹ ਆਗੂ ਮਹਿਜ਼ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਆਪਣੀ ਹਾਈ ਕਮਾਂਡ ਨਾਲ ਮਿਲ ਕੇ ਸੂਬੇ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਆਪਣੇ ਆਕਾਵਾਂ ਦੀਆਂ ਇੱਛਾਵਾਂ ਅਨੁਸਾਰ ਝੂਠ ਬੋਲਣ ਵਿੱਚ ਹਾਲੇ ਪੂਰੀ ਤਰ੍ਹਾਂ ਮਾਹਿਰ ਨਹੀਂ ਹੋਏ ਹਨ। ਉਨ੍ਹਾਂ ਕਿਹਾ ਕਿ ਜਾਖੜ ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਹਨ, ਜਿਸ ਕਾਰਨ ਉਹ ਆਪਣੀ ਹਾਈ ਕਮਾਂਡ ਵੱਲੋਂ ਤਿਆਰ ਕੀਤੀਆਂ ਸਕਰਿਪਟਾਂ ਪੜ੍ਹਨ ਵਿੱਚ ਹਾਲੇ ਪੂਰੇ ਉਸਤਾਦ ਨਹੀਂ ਬਣੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿੰਨੀ ਬਦਕਿਸਮਤੀ ਵਾਲੀ ਗੱਲ ਹੈ ਕਿ ਭਾਜਪਾਈ ਲੀਡਰਸ਼ਿਪ ਪੰਜਾਬ ਦੀ ਹੇਠੀ ਕਰ ਰਹੀ ਹੈ ਅਤੇ ਇਹ ਆਗੂ ਆਪਣੇ ਲੀਡਰਾਂ ਦਾ ਗੁਣਗਾਣ ਕਰਨ ਵਿੱਚ ਮਸਤ ਹਨ।

# ਪੰਜਾਬ ਦੇ ਹਰ ਗਲੀ-ਮੁਹੱਲੇ 'ਚ ਜਾਵੇਗੀ ਗਣਤੰਤਰ ਦਿਵਸ ਪਰੇਡ 'ਚੋਂ ਕੱਢੀ ਝਾਕੀ

- *ਮੁੱਢਲੇ ਪੜਾਅ ਵਿੱਚ 9 ਝਾਕੀਆਂ ਅਤੇ ਆਡੀਓ ਤਿਆਰ*
- *ਇਕ ਝਾਕੀ ਦਿੱਲੀ ਵਿੱਚ ਪੰਜਾਬ ਭਵਨ 'ਚ ਰੱਖਣ ਦਾ ਫੈਸਲਾ*
- *ਡਿਪਟੀ ਕਮਿਸ਼ਨਰ ਤੇ ਹਲਕਾ ਵਿਧਾਇਕ ਦੀ ਸਲਾਹ ਨਾਲ ਤੈਅ ਹੋਵੇਗਾ ਝਾਕੀਆਂ ਕੱਢਣ ਦਾ ਰੂਟ*



ਚੰਡੀਗੜ੍ਹ : ਕੇਂਦਰ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ 'ਚੋਂ ਆਊਟ ਕੀਤੀ ਪੰਜਾਬ ਦੀ ਝਾਕੀ ਆਗਾਮੀ ਲੋਕ ਸਭਾ ਚੋਣਾਂ ਤੱਕ ਸੂਬੇ ਦੇ ਹਰ ਗਲੀ-ਮੁਹੱਲੇ ਵਿੱਚ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ 26 ਜਨਵਰੀ ਤੋਂ ਕੇਂਦਰੀ ਵਿਤਕਰੇ ਦੀ ਮੂੰਹ ਬੋਲਦੀ ਤਸਵੀਰ ਸੂਬੇ ਦੇ ਲੋਕਾਂ ਦੇ ਸਨਮੁੱਖ ਰੱਖੀ ਜਾਵੇਗੀ। ਮੁੱਢਲੇ ਪੜਾਅ 'ਤੇ 9 ਝਾਕੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ 26 ਜਨਵਰੀ ਤੋਂ ਮਗਰੋਂ ਇਨ੍ਹਾਂ ਦੀ ਗਿਣਤੀ 'ਚ ਲਗਾਤਾਰ ਇਜ਼ਾਫਾ ਹੋਵੇਗਾ।

ਵੇਰਵਿਆਂ ਅਨੁਸਾਰ 'ਆਪ' ਸਰਕਾਰ ਨੇ ਬਕਾਇਦਾ ਟਰੈਕਟਰ ਤਿਆਰ ਕੀਤੇ ਹਨ ਜਿਨ੍ਹਾਂ 'ਤੇ ਝਾਕੀ ਸਜਾਈ ਜਾਵੇਗੀ। ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਦੇ ਹਰ ਪਿੰਡ ਤੱਕ ਇਹ ਝਾਕੀ ਲਿਜਾਈ ਜਾਣੀ ਹੈ। ਇੱਕ ਅਹਿਮ ਅਧਿਕਾਰੀ ਨੇ ਦੱਸਿਆ ਕਿ ਝਾਕੀ ਪਿੰਡਾਂ ਵਿਚ ਲਿਜਾਣ ਦਾ ਇੱਕੋ ਮਕਸਦ ਹੈ ਕਿ ਪੰਜਾਬੀਆਂ ਨੂੰ ਦੱਸਿਆ ਜਾ ਸਕੇ ਕਿ ਕੇਂਦਰ ਸਰਕਾਰ ਨੇ ਆਜ਼ਾਦੀ ਲਈ ਜਾਨਾਂ ਵਾਰਨ ਵਾਲਿਆਂ ਨੂੰ ਸ਼ਹੀਦ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰ ਨਾਲੋਂ ਨਾਲ ਆਡੀਓ ਵੀ ਤਿਆਰ ਕਰ ਰਹੀ ਹੈ। ਹਰ ਪਿੰਡ ਵਿਚ ਝਾਕੀ ਦਾ 10 ਤੋਂ 15 ਮਿੰਟ ਦਾ ਠਹਿਰਾਓ ਹੋਵੇਗਾ।

ਮੁੱਖ ਮੰਤਰੀ ਨੇ 27 ਦਸੰਬਰ ਨੂੰ ਕਿਹਾ ਸੀ ਕਿ ਭਾਰਤ ਸਰਕਾਰ ਨੇ ਪੰਜਾਬ ਦੀ ਝਾਕੀ ਨੂੰ ਕੌਮੀ ਪਰੇਡ 'ਚੋਂ ਬਾਹਰ ਕਰ ਦਿੱਤਾ ਹੈ। ਉਸ ਮਗਰੋਂ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਤਰਕ ਦਿੱਤਾ ਸੀ ਕਿ ਝਾਕੀ 'ਤੇ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ ਤਸਵੀਰ ਹੋਣ ਕਰਕੇ ਰੱਦ ਹੋਈ ਹੈ। ਉਸ ਮਗਰੋਂ ਕੇਂਦਰੀ ਰੱਖਿਆ ਮੰਤਰਾਲੇ ਦੇ ਹਵਾਲੇ ਨਾਲ ਮੁੱਖ ਮੰਤਰੀ ਨੇ ਮੋੜਵਾਂ ਵਾਰ ਕੀਤਾ ਸੀ ਕਿ ਜਾਖੜ ਦਾ ਝੂਠ ਨੰਗਾ ਹੋ ਗਿਆ ਹੈ। ਸੂਤਰਾਂ ਅਨੁਸਾਰ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਇਸ ਝਾਕੀ ਨੂੰ ਰੋਡ ਸ਼ੋਅ'ਜ਼ ਦਾ ਹਿੱਸਾ ਵੀ ਬਣਾਇਆ ਜਾਵੇਗਾ। ਹਰ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਅਤੇ ਹਲਕਾ ਵਿਧਾਇਕ ਦੇ ਮਸ਼ਵਰੇ ਨਾਲ ਪਿੰਡਾਂ ਤੇ ਸ਼ਹਿਰਾਂ ਵਿਚ ਝਾਕੀ ਲਿਜਾਣ ਦਾ ਰੂਟ ਪਲਾਨ ਤਿਆਰ ਕੀਤਾ ਜਾਵੇਗਾ। ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਇਸ ਝਾਕੀ ਨੂੰ ਰੱਦ ਕੀਤੇ ਜਾਣ ਦਾ ਸਿਆਸੀ ਲਾਹਾ ਚੋਣਾਂ ਵਿਚ ਖੱਟਣਾ ਚਾਹੁੰਦੀ ਹੈ।

ਇਹ ਵੀ ਪਤਾ ਲੱਗਾ ਹੈ ਕਿ ਇੱਕ ਝਾਕੀ ਦਿੱਲੀ ਵਿਖੇ ਪੰਜਾਬ ਭਵਨ ਵਿਚ ਸੁਸ਼ੋਭਿਤ ਕੀਤੀ ਜਾਵੇਗੀ। ਦਿੱਲੀ ਦੇ 'ਆਪ' ਵਿਧਾਇਕਾਂ ਨੂੰ ਇਸ ਝਾਕੀ ਨੂੰ ਪੰਜਾਬੀ ਇਲਾਕਿਆਂ ਵਿਚ ਲਿਜਾਣ ਦੀ ਖੁੱਲ੍ਹ ਹੋਵੇਗੀ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ ਵਾਸਤੇ 'ਪੰਜਾਬ-ਸ਼ਹੀਦਾਂ ਅਤੇ ਕੁਰਬਾਨੀਆਂ ਦੀ ਗਾਥਾ', 'ਨਾਰੀ ਸ਼ਕਤੀ' (ਮਾਈ ਭਾਗੋ-ਪਹਿਲੀ ਮਹਾਨ ਸਿੱਖ ਜੰਗਜੂ ਬੀਬੀ) ਅਤੇ 'ਪੰਜਾਬ ਦੇ ਅਮੀਰ ਸੱਭਿਆਚਾਰ ਦੀ ਪੇਸ਼ਕਾਰੀ' ਵਿਸ਼ਿਆਂ ਨੂੰ ਝਾਕੀਆਂ ਲਈ ਭੇਜਿਆ ਗਿਆ ਸੀ।

# ਤਾਨਾਸ਼ਾਹੀ ਵਿਰੁੱਧ 'ਆਪ' ਦੀ ਜੰਗ ਜਾਰੀ ਰਹੇਗੀ: ਭਗਵੰਤ ਮਾਨ



ਨਰਮਦਾ : ਗੁਜਰਾਤ ਪੁਲਿਸ ਵੱਲੋਂ ਵਿਧਾਨ ਸਭਾ ਹਲਕਾ ਦੇਦੀਆਪਾੜਾ ਦੇ ਵਿਧਾਇਕ ਚੈਤਰ ਵਸਾਵਾ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਵਿਰੁੱਧ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਥੇ ਇਕ ਰੈਲੀ ਨੂੰ ਸੰਬੋਧਨ ਕੀਤਾ। ਦੋਵੇਂ ਆਗੂ ਸੋਮਵਾਰ ਨੂੰ ਜੇਲ੍ਹ ਵਿੱਚ ਚੈਤਰ ਵਸਾਵਾ ਨਾਲ ਮੁਲਾਕਾਤ ਕਰਨਗੇ। ਰੈਲੀ ਦੌਰਾਨ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਦੋਵੇਂ ਆਗੂਆਂ ਨੇ ਕਿਹਾ ਕਿ ਗੁਜਰਾਤ ਸਰਕਾਰ ਨੇ 'ਆਪ' ਦੇ ਵਿਧਾਇਕ ਚੈਤਰ ਵਸਾਵਾ ਤੇ ਉਸ ਦੀ ਪਤਨੀ ਨੂੰ ਝੂਠੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਹੈ। ਕੇਜਰੀਵਾਲ ਨੇ ਕਿਹਾ ਕਿ ਚੈਤਰ ਵਸਾਵਾ ਭਰੂਚ ਹਮਲੇ ਤੋਂ 'ਆਪ' ਦੇ ਲੋਕ ਸਭਾ ਉਮੀਦਵਾਰ ਹੋਣਗੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਚੈਤਰ ਵਸਾਵਾ ਨੂੰ ਭਾਜਪਾ ਸਰਕਾਰ ਨੇ ਆਦਿਵਾਸੀਆਂ ਤੇ ਗਰੀਬ ਲੋਕਾਂ ਦੇ ਹੱਕ 'ਚ ਲੜਨ ਲਈ ਜੇਲ੍ਹ ਵਿੱਚ ਡੱਕਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਤਾਨਾਸ਼ਾਹੀ ਵਿਰੁੱਧ 'ਆਪ' ਦੀ ਜੰਗ ਜਾਰੀ ਰਹੇਗੀ ਅਤੇ ਅਖੀਰ ਵਿੱਚ ਜਿੱਤ ਸਚਾਈ ਤੇ ਇਮਾਨਦਾਰੀ ਦੀ ਹੋਵੇਗੀ 'ਜੇਲ੍ਹ ਜਾਣ ਨਾਲ ਉਨ੍ਹਾਂ ਦਾ ਹੌਸਲਾ ਕਮਜ਼ੋਰ ਨਹੀਂ ਹੋਵੇਗਾ, ਸਗੋਂ ਉਹ ਹੋਰ ਮਜ਼ਬੂਤ ਹੋ ਕੇ ਬਾਹਰ ਆਉਣਗੇ। ਭਾਜਪਾ ਵੱਲੋਂ ਲੋਕਾਂ ਦੀ ਆਵਾਜ਼ ਉਠਾਉਣ ਵਾਲੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕਣਾ ਕੋਈ ਨਵੀਂ ਗੱਲ ਨਹੀਂ ਹੈ। ਲੋਕਾਂ ਨੂੰ ਲੁੱਟਣ ਵਾਲਿਆਂ ਵਿਰੁੱਧ ਆਵਾਜ਼ ਉਠਾਉਣ 'ਤੇ ਭਾਜਪਾ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੰਦੀ ਹੈ।' ਸ੍ਰੀ ਮਾਨ ਨੇ ਕਿਹਾ ਕਿ ਭਾਜਪਾ ਨੇ ਦਿੱਲੀ 'ਚ ਵੀ 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਹੈ ਕਿਉਂਕਿ ਸਿਸੋਦੀਆ ਨੇ ਦਿੱਲੀ ਦੇ ਸਰਕਾਰੀ ਸਕੂਲਾਂ ਨੂੰ ਬਿਹਤਰ ਬਣਾਇਆ ਹੈ। ਇਸੇ ਕਾਰਨ ਦਿੱਲੀ ਵਿੱਚ ਬੱਚੇ ਪ੍ਰਾਈਵੇਟ ਸਕੂਲਾਂ ਦੀ ਥਾਂ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਹੋ ਰਹੇ ਹਨ। ਇਸੇ ਤਰ੍ਹਾਂ ਦਿੱਲੀ ਦੇ ਸਾਬਕਾ ਸਿਹਤ ਮੰਤਰੀ ਸਤੇਂਦਰ ਜੈਨ ਨੇ ਸਰਕਾਰੀ ਹਸਪਤਾਲਾਂ ਨੂੰ ਵਧੀਆ ਕੀਤਾ ਅਤੇ ਮੁਹੱਲਾ ਕਲੀਨਿਕ ਬਣਾਏ। ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਮੁਫ਼ਤ ਮਿਲਣ ਲੱਗ ਪਈਆਂ ਹਨ ਜਿਸ ਨੂੰ ਦੇਖਦਿਆਂ ਭਾਜਪਾ ਨੇ ਸਤੇਂਦਰ ਜੈਨ ਨੂੰ ਵੀ ਜੇਲ੍ਹ ਵਿੱਚ ਡੱਕ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਇਥੇ ਵੀ ਨਹੀਂ ਰੁਕੀ ਅਤੇ ਪੂੰਜੀਪਤੀਆਂ ਵੱਲੋਂ ਕੀਤੇ ਗਏ ਘੁਟਾਲੇ ਵਿਰੁੱਧ ਆਵਾਜ਼ ਚੁੱਕਣ ਵਾਲੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੇਸ਼ ਵਿੱਚ ਜਿੱਥੇ ਵੀ ਜਾਂਦੇ ਹਨ, ਭਾਜਪਾ ਦਾ ਸਫਾਇਆ ਹੋ ਜਾਂਦਾ ਹੈ। ਇਸ ਲਈ ਭਾਜਪਾ ਵੱਲੋਂ ਕੇਜਰੀਵਾਲ ਨੂੰ ਵੀ ਜੇਲ੍ਹ ਭੇਜਣ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਸਮਝਦੇ ਹਨ ਕਿ ਉਹ 'ਆਪ' ਆਗੂਆਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਡਰਾ ਦੇਣਗੇ ਤਾਂ ਉਹ ਗਲਤਫਹਿਮੀ 'ਚ ਹਨ। ਉਨ੍ਹਾਂ ਕਿਹਾ ਕਿ ਉਹ ਕੁੱਝ ਵੀ ਕਰ ਲੈਣ ਪਰ ਕੇਜਰੀਵਾਲ ਅਤੇ 'ਆਪ' ਆਗੂ ਡਰਨ ਵਾਲੇ ਨਹੀਂ ਹਨ।

# ਕੇਂਦਰ ਨੇ ਪੰਜਾਬ ਦੀ ਝਾਕੀ ਰੱਦ ਕਰਕੇ ਸ਼ਹੀਦਾਂ ਦਾ ਨਿਰਾਦਰ ਕੀਤਾ: ਮਾਨ

## *ਪਿਛਲੀਆਂ ਸਰਕਾਰਾਂ ਨੇ ਨਕਾਰਾਤਮਕ ਸੋਚ ਨਾਲ ਕੰਮ ਕੀਤਾ: ਮੁੱਖ ਮੰਤਰੀ*



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਕੇਂਦਰ ਸਰਕਾਰ ਨੇ ਗਣਤੰਤਰ ਦਿਵਸ ਦੀ ਪਰੇਡ ਵਿੱਚੋਂ ਪੰਜਾਬ ਦੀ ਝਾਕੀ ਨੂੰ ਰੱਦ ਕਰ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਮਾਈ ਭਾਗੋ, ਗਦਰੀ ਬਾਬਿਆਂ ਵਰਗੇ ਮਹਾਨ ਸ਼ਹੀਦਾਂ ਦਾ ਨਿਰਾਦਰ ਕੀਤਾ ਹੈ। ਇਹ ਪ੍ਰਗਟਾਵਾ ਉਨ੍ਹਾਂ ਅੱਜ ਇੱਥੇ ਟੈਗੋਰ ਥੀਏਟਰ ਵਿੱਚ ਪੰਜਾਬ ਰਾਜ ਸਹਿਕਾਰੀ ਬੈਂਕ ਵਿੱਚ ਨਵੇਂ ਭਰਤੀ ਹੋਏ 520 ਕਲਰਕਾਂ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਕੀਤਾ। ਸ੍ਰੀ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਗਣਤੰਤਰ ਦਿਵਸ ਪਰੇਡ 'ਚ ਇਨ੍ਹਾਂ ਨਾਇਕਾਂ ਦੀ ਝਾਕੀ ਨੂੰ ਸ਼ਾਮਲ ਨਾ ਕਰ ਕੇ ਸ਼ਹੀਦਾਂ ਦੇ ਯੋਗਦਾਨ ਤੇ ਬਲੀਦਾਨ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹੀਦਾਂ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਦੇਸ਼ ਭਗਤੀ ਦਾ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਸ਼ਹੀਦਾਂ ਦਾ ਸਨਮਾਨ ਕਰਨਾ ਜਾਣਦੇ ਹਾਂ ਤੇ ਇਨ੍ਹਾਂ ਝਾਕੀਆਂ ਨੂੰ 26 ਜਨਵਰੀ ਤੋਂ ਬਾਅਦ ਪੰਜਾਬ ਦੇ ਸਾਰੇ ਪਿੰਡਾਂ ਅਤੇ ਮੁਹੱਲਿਆਂ ਤੱਕ ਲਿਜਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿੱਚ 90 ਫ਼ੀਸਦ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 18 ਜਨਵਰੀ ਨੂੰ 590 ਹੋਰ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਜਾਣਗੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪਿਛਲੀਆਂ ਸਰਕਾਰਾਂ ਨੇ ਨਕਾਰਾਤਮਕ ਸੋਚ ਨਾਲ ਕੰਮ ਕੀਤਾ ਅਤੇ ਖਜ਼ਾਨਾ ਖਾਲੀ ਹੋਣ ਦਾ ਹਵਾਲਾ ਦਿੱਤਾ। ਪੰਜਾਬ ਵਿੱਚ ਪਹਿਲਾਂ ਸਰਕਾਰੀ ਅਦਾਰਿਆਂ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕੀਤਾ ਜਾਂਦਾ ਸੀ ਪਰ ਹੁਣ 'ਆਪ' ਸਰਕਾਰ ਨੇ ਲੋਕ ਹਿੱਤ ਵਿੱਚ ਕੰਮ ਕਰਦਿਆਂ ਨਿੱਜੀ ਕੰਪਨੀ ਦੀ ਮਲਕੀਅਤ ਵਾਲਾ ਗੋਇੰਦਵਾਲ ਪਾਵਰ ਪਲਾਂਟ 1080 ਕਰੋੜ ਰੁਪਏ ਦੀ ਲਾਗਤ ਨਾਲ ਖਰੀਦ ਕੇ ਇਤਿਹਾਸ ਰਚਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਤੋਂ ਪਹਿਲਾਂ ਸੂਬਾ ਸਰਕਾਰਾਂ ਸਰਕਾਰੀ ਜਾਇਦਾਦਾਂ ਮਨਪਸੰਦ ਵਿਅਕਤੀਆਂ ਨੂੰ 'ਕੌਡੀਆਂ' ਦੇ ਭਾਅ ਵੇਚਦੀਆਂ ਸਨ। ਉਨ੍ਹਾਂ ਕਿਹਾ ਕਿ ਪਛਵਾੜਾ ਕੋਲਾ ਖਾਣ ਤੋਂ ਨਿਕਲਣ ਵਾਲੇ ਕੋਲੇ ਦੀ ਵਰਤੋਂ ਸਰਕਾਰੀ ਪਾਵਰ ਪਲਾਂਟਾਂ ਲਈ ਹੀ ਕੀਤੀ ਜਾ ਸਕਦੀ ਹੈ ਜਿਸ ਕਰਕੇ ਇਸ ਪਾਵਰ ਪਲਾਂਟ ਦੀ ਖਰੀਦ ਨਾਲ ਇਸ ਕੋਲੇ ਦੀ ਵਰਤੋਂ ਸੂਬੇ ਦੇ ਹਰੇਕ ਸੈਕਟਰ ਨੂੰ ਬਿਜਲੀ ਪੈਦਾ ਕਰਨ ਲਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੇ ਸੂਬੇ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਹੁਣ ਉਹ ਨੈਤਿਕਤਾ ਦੀਆਂ ਗੱਲਾਂ ਕਰ ਰਹੀਆਂ ਹਨ।



ਸਰਦਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਡਿਬਰੂਗੜ੍ਹ ਅਸਾਮ ਦੀ ਜੇਲ੍ਹ ਵਿੱਚ ਬਿਨਾ ਕਾਰਨ ਕੈਦ ਕੀਤੇ ਗਏ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਪਿਤਾ ਨਾਲ ਉਨ੍ਹਾਂ ਦੇ ਪਿੰਡ ਜਲੂਪੁਰ ਖੇੜਾ ਵਿੱਚ ਮੁਲਾਕਾਤ ਕੀਤੀ।



ਕਾਂਗਰਸ ਦੇ ਲੋਕ ਸਭਾ ਮੈਂਬਰ ਸ਼ਸ਼ੀ ਥਰੂਰ ਨਾਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨਵੀਂ ਦਿੱਲੀ ਵਿਖੇ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਪੁੱਜੇ।




ਦੱਖਣੀ ਕੋਰੀਆ ਦੀ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਲੀ ਜਾਏ-ਮਯੁੰਗ ਦੱਖਣੀ ਕੋਰੀਆ ਦੇ ਸਿਓਲ ਵਿੱਚ ਬੁਸਾਨ ਦੀ ਆਪਣੀ ਫੇਰੀ ਦੌਰਾਨ ਇੱਕ ਅਣਪਛਾਤੇ ਵਿਅਕਤੀ ਦੁਆਰਾ ਗਰਦਨ ਵਿੱਚ ਚਾਕੂ ਮਾਰਨ ਤੋਂ ਬਾਅਦ ਸਿਓਲ ਨੈਸ਼ਨਲ ਯੂਨੀਵਰਸਿਟੀ ਹਸਪਤਾਲ ਵਿੱਚ ਇੱਕ ਸਟਰੈਚਰ 'ਤੇ ਪਹੁੰਚੇ।

# ਆਲ੍ਹਣਾ ਅਤੇ ਪੰਛੀ



ਇਤਿਹਾਸ ਨੇ ਸਿੱਧ ਕੀਤਾ ਹੈ ਕਿ ਸਿੱਖ ਪੰਥ ਕੁਕਨਸ ਪੰਛੀ fire bird ਵਾਂਗ ਹੈ ਜੋ ਅਗ ਵਿਚ ਭਸਮ ਹੋਕੇ ਵਾਰ ਵਾਰ ਜਨਮ ਲੈਂਦਾ ਹੈ। ਇਹ ਵਾਰ ਵਾਰ ਇਤਿਹਾਸ ਵਿਚ ਵਾਪਰਦਾ ਰਿਹਾ ਹੈ। ਕੁਕਨਸ ਜਾਂ ਯੂਨਾਨੀ ਮਿਥਹਾਸ ਵਿੱਚ ਫੋਏਨਿਕਸ ਜਾਂ ਫੀਨਿਕਸ, ਲੰਮੀ ਉਮਰ ਭੋਗਣ ਵਾਲਾ ਪੰਛੀ ਹੈ, ਜਿਸ ਬਾਰੇ ਮਿਥ ਹੈ ਕਿ ਇਹ ਬਹੁਤ ਮਿੱਠੀ ਆਵਾਜ਼ ਵਿੱਚ ਗੀਤ ਗਾਉਂਦਾ ਹੈ ਅਤੇ ਇਸ ਗਾਉਣ ਕਰ ਕੇ ਉਸ ਦੇ ਆਲ੍ਹਣੇ ਨੂੰ ਅੱਗ ਲੱਗ ਜਾਂਦੀ ਹੈ ਅਤੇ ਉਹ ਭਸਮ ਹੋ ਜਾਂਦਾ ਹੈ। ਫਿਰ ਬਰਸਾਤ ਵਿੱਚ ਉਸ ਦੀ ਭਸਮ ਵਿੱਚੋਂ ਇੱਕ ਨਵੇਂ ਕੁਕਨੂਸ ਦਾ ਜਨਮ ਹੁੰਦਾ ਹੈ। ਕੁਕਨੂਸ ਇੱਕ ਬੇਹੱਦ ਰੰਗੀਨ ਪੰਛੀ ਹੈ ਜਿਸਦੀ ਪੂਛ ਸੁਨਹਰੀ, ਹਰੀ ਜਾਂ ਬੈਂਗਨੀ ਹੁੰਦੀ ਹੈ। ਇਸ ਦੀ ਉਮਰ 500 ਤੋਂ 1000 ਸਾਲ ਦੱਸਦੇ ਹਨ ਜਿਸਦੇ ਅੰਤ ਵਿੱਚ ਇਹ ਆਪਣੇ ਆਪ ਦੇ ਗਿਰਦ ਲਕੜੀਆਂ ਅਤੇ ਟਾਹਣੀਆਂ ਦਾ ਆਲ੍ਹਣਾ ਬਣਾ ਕੇ ਉਸ ਵਿੱਚ ਬੈਠ ਜਾਂਦਾ ਹੈ। ਆਲ੍ਹਣਾ ਅਤੇ ਪੰਛੀ ਦੋਨੋਂ ਜਲ ਕੇ ਰਾਖ ਬਣ ਜਾਂਦੇ ਹਨ ਅਤੇ ਇਸ ਰਾਖ ਵਿੱਚੋਂ ਇੱਕ ਨਵਾਂ ਕੁਕਨੂਸ ਜਨਮ ਲੈਂਦਾ ਹੈ। ਇਸ ਨਵੇਂ ਜਨਮੇ ਕੁਕਨੂਸ ਦੀ ਉਮਰ ਵੀ ਓਨੀ ਹੀ ਹੁੰਦੀ ਹੈ। ਕੁੱਝ ਕਥਾਵਾਂ ਅਨੁਸਾਰ ਨਵਾਂ ਕੁਕਨੂਸ ਆਪਣੇ ਪੁਰਾਣੇ ਰੂਪ ਦੀ ਰਾਖ ਇੱਕ ਆਂਡੇ ਵਿੱਚ ਭਰ ਕਰ ਮਿਸਰ ਦੇ ਸ਼ਹਿਰ ਹੇਲਿਓਪੋਲਿਸ (ਜਿਸ ਨੂੰ ਯੂਨਾਨੀ ਭਾਸ਼ਾ ਵਿੱਚ ਸੂਰਜ ਦਾ ਸ਼ਹਿਰ ਕਹਿੰਦੇ ਹਨ) ਵਿੱਚ ਰੱਖ ਦਿੰਦਾ ਹੈ। ਸਿੱਖ ਪੰਥ ਦਾ ਇਤਿਹਾਸ ਵੀ ਇਸੇ ਤਰ੍ਹਾਂ ਹੈ। ਪਰ ਇਹ ਮਿਥ ਨਹੀਂ। ਜੀਉਂਦਾ ਜਾਗਦਾ ਇਤਿਹਾਸ ਹੈ। ਗੁਰੂ ਸਾਹਿਬਾਨਾਂ ਦਾ ਇਸ ਪੰਥ ਨੂੰ ਅਸ਼ੀਰਵਾਦ ਹੈ। ਇਹ ਅਨੇਕਾਂ ਘਲੂਘਾਰੇ ਆਪਣੇ ਪਿੰਡੇ ਉਪਰ ਹੰਢਾਕੇ ਟਿਮਟਿਮਾਉਂਦੇ ਜੁਗਨੂੰਆਂ ਵਾਂਗ ਜਗ ਨੂੰ ਰੋਸ਼ਨੀ ਦੇ ਰਿਹਾ। ਭਲਾ ਇਸ ਰੋਸ਼ਨੀ ਨੂੰ ਕੌਣ ਕੈਦ ਕਰ ਸਕਦਾ ਹੈ। ਅੱਜ ਕਿਸਾਨ ਸੰਘਰਸ਼ ਦਾ ਇਹ ਮਸਲਾ ਨਹੀਂ ਕਿ ਕਾਮਰੇਡ ਚੰਗੇ ਹਨ ਜਾਂ ਸਿੱਖ। ਇਹ ਸੰਘਰਸ਼ ਸਿੱਖਾਂ ਦਾ ਹੈ ਜਾਂ ਕਾਮਰੇਡਾਂ ਦਾ। ਇਸ ਦੀ ਲੀਡਰਸ਼ਿਪ ਸਿੱਖਾਂ ਦੀ ਹੋਣੀ ਚਾਹੀਦੀ ਹੈ ਜਾਂ ਕਾਮਰੇਡਾਂ ਦੀ। ਇਹ ਅੰਦੋਲਨ ਦੀ ਜਿੱਤ ਦਾ ਇਤਿਹਾਸ ਤਹਿ ਕਰੇਗਾ ਕਿ ਕੌਣ ਇਤਿਹਾਸ ਦੇ ਪੰਨਿਆਂ ਉਪਰ ਜੇਤੂ ਯੋਧਾ ਐਲਾਨਿਆ ਗਿਆ। ਸਿੱਖਾਂ ਨੇ ਹਮੇਸ਼ਾ ਆਪਣੇ ਸਿਦਕ ਤੇ ਸਿਰੜ ਰਾਹੀਂ ਆਪਣੇ ਆਪ ਨੂੰ ਸੰਨ ਆਫ ਸਾਇਲ ਸਿੱਧ ਕੀਤਾ ਹੈ। ਅਰਥਾਤ ਧਰਤੀ ਦੇ ਪੁਤਰ। ਪਰ ਕਦੇ ਗਾਲਾਂ ਕਢਕੇ, ਨਫਰਤ ਫੈਲਾਕੇ ਇਤਿਹਾਸ ਸਿਖਾਂ ਨੇ ਨਹੀਂ ਰਚਿਆ।


ਪ੍ਰੋ. ਬਲਵਿੰਦਰ ਪਾਲ ਸਿੰਘ

ਨਫਰਤ ਤੇ ਈਰਖਾ ਹਾਰੇ ਲੋਕਾਂ ਦਾ ਲਛਣ ਹੈ। ਜੋ ਮਨੋਬਲ ਉਚਾ ਨਹੀਂ ਰੱਖ ਸਕਦੇ, ਉਹ ਅਜਿਹਾ ਵਰਤਾਰਾ ਅਪਨਾਉਂਦੇ ਹਨ। ਕੀ ਜੋ ਗੁਰੂ ਸਾਹਿਬਾਨ ਨੇ ਸਿਖ ਸਭਿਆਚਾਰ ਘੜਿਆ ਉਸ ਵਿਚ ਗਾਲਾਂ, ਨਫਰਤ ਤੇ ਈਰਖਾ ਮੌਜੂਦ ਹੈ। ਸੋ ਸਾਨੂੰ ਆਪਣੇ ਇਤਿਹਾਸ ਨੂੰ ਪੁਠਾ ਗੇੜਾ ਨਹੀਂ ਦੇਣਾ ਚਾਹੀਦਾ। ਆਪਣਾ ਅਲਗਵਾਦ ਛੱਡਕੇ ਸਹਿਯੋਗ ਵਾਲਾ ਮਾਰਗ ਗ੍ਰਹਿਣ ਕਰਨਾ ਚਾਹੀਦਾ ਹੈ। ਅਲਗਵਾਦ ਦਾ ਮਾਰਗ ਹਾਰ ਦਾ ਮਾਰਗ ਹੈ। ਲੋਕ ਪੱਖੀ ਮਾਰਗ ਸਾਂਝਾ ਮਾਰਗ ਹੈ। ਸਾਂਝੇ ਮਾਰਗ ਵਿਚ ਜਿੱਤ ਹੈ। ਸਾਂਝੀਵਾਲਤਾ ਹੀ ਸਾਡਾ ਗੁਰੂ ਵਿਰਸਾ ਹੈ। ਯਕੀਨ ਕਰਿਉ ਗੁਰੂ ਦੇ ਮਾਰਗ ਤੇ ਟੇਕ ਵਿਚ ਸਾਡੀ ਜਿੱਤ ਹੈ। ਗੁਰੂ ਸਾਹਿਬ ਜਿੱਤ ਦਾ ਮਾਰਗ ਦੱਸਦੇ ਆਖਦੇ ਹਨ ਕਿ ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥ ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥ ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ॥ ੨੫॥ (ਪੰਨਾ 314)

ਸਤਿਗੁਰੂ ਦਾ ਹੁਕਮ ਜਿਨ੍ਹਾਂ ਸਿੱਖਾਂ ਨੇ ਸੁਣਕੇ ਗ੍ਰਹਿਣ ਕਰ ਲਿਆ ਉਹ ਚੜ੍ਹਦੀਕਲਾ ਤੇ ਜੇਤੂ ਮਾਰਗ ਵਲ ਪੈ ਗਿਆ। ਉਸ ਵਿਚ ਸਿਦਕ ਵੀ ਆ ਗਿਆ। 'ਸਤਿਗੁਰੂ ਦੀ ਹੀ ਸਿੱਖਿਆ ਸੁਣ ਕੇ ਮਨ ਸਤਿਗੁਰੂ ਨਾਲ ਇਕਸੁਰ ਹੋ ਜਾਂਦਾ ਹੈ। ਇਹ ਗੁਰ ਮਾਰਗ ਸੰਸਾਰੀਆਂ ਨਾਲੋਂ ਨਿਆਰਾ ਹੈ ਜੋ ਕਪਟ, ਕੂੜ, ਝੂਠ, ਨਫਰਤ ਦੇ ਰਾਹੇ ਪੈਂਦੇ ਹਨ।

# ਤਮਿਲਨਾਡੂ 'ਚ ਇਕ ਹੋਰ ਪ੍ਰਾਚੀਨ ਵਿਰਾਸਤੀ ਸਥਾਨ ਤੋਂ ਮਿਲੀ 30 ਲੱਖ ਸਾਲ ਪੁਰਾਣੀ ਪੱਥਰ ਦੀ ਕੁਹਾੜੀ

ਤੇਲੰਗਾਨਾ ਦੇ ਮੁਲੁਗੂ ਜ਼ਿਲ੍ਹੇ 'ਚ ਹਾਲ ਹੀ 'ਚ ਆਏ ਹੜ੍ਹ ਦੇ ਨਤੀਜੇ ਵਜੋਂ ਪੁਰਾਪਾਸ਼ਾਣ ਯੁੱਗ (ਪੱਥਰ ਯੁੱਗ ਦਾ ਪਹਿਲਾ ਹਿੱਸਾ) 'ਕਵਾਰਟਜਾਇਟ' (ਇਕ ਕਿਸਮ ਦੇ ਪੱਥਰ ਤੋਂ ਬਣੇ) ਔਜ਼ਾਰ ਜਾਂ ਹੱਥ ਦੀਆਂ ਕੁਹਾੜੀਆਂ ਹੜ੍ਹ ਦੇ ਬਾਅਦ ਇਕ ਸੁੱਕੀ ਜਲਧਾਰਾ ਦੀ ਰੇਤ ਦੇ ਹੇਠੋਂ ਬਰਾਮਦ ਹੋਈਆਂ ਹਨ।

ਇਸ ਮੁਹਿੰਮ ਨੂੰ ਅੰਜਾਮ ਦੇਣ ਵਾਲੇ ਸ਼ੌਂਕੀਆ ਇਤਿਹਾਸਕਾਰਾਂ ਦੀ ਟੀਮ ਦੇ ਨੇਤਾ ਸ਼੍ਰੀਰਾਮੋਜੂ ਹਰਗੋਪਾਲ ਅਨੁਸਾਰ ਇਹ ਨਵੀਂ ਖੋਜ ਤੇਲੰਗਾਨਾ ਅਤੇ ਮੱਧ ਭਾਰਤ 'ਚ ਮਨੁੱਖੀ ਬਸਤੀਆਂ ਬਾਰੇ ਜਾਣਕਾਰੀ 'ਚ ਵਾਧਾ ਕਰਦੀ ਹੈ।

ਜੁਲਾਈ 2023 'ਚ ਤੇਲੰਗਾਨਾ ਦੇ ਉੱਤਰ-ਪੂਰਬੀ ਹਿੱਸਿਆਂ 'ਚ ਮੁਲੁਗੂ, ਜੈਸ਼ੰਕਰ ਭੁਪਾਲਪੱਲੀ ਜ਼ਿਲਿਆਂ ਦੇ ਵੱਡੇ ਹਿੱਸੇ 'ਚ ਹੜ੍ਹ ਆਉਣ ਦੇ ਨਤੀਜੇ ਵਜੋਂ ਵੱਡੇ ਪੱਧਰ 'ਤੇ ਤਬਾਹੀ ਹੋਈ ਸੀ। 'ਕੋਠਾ ਤੇਲੰਗਾਨਾ ਚਰਿੱਤਰ ਬਰੁੰਡਮ' ਦੇ ਰਹਿਣ ਵਾਲੇ ਸ਼?ਰੀ ਹਰਗੋਪਾਲ ਨੇ ਦੱਸਿਆ ਕਿ ਇਸ ਹੜ੍ਹ ਦਾ ਪਾਣੀ ਉਤਰਨ 'ਤੇ ਮੁਲੁਗੂ ਜ਼ਿਲੇ ਦੇ ਗੁੱਰੇਵੂਲਾ ਅਤੇ ਭੂਪਤਿਪੁਰਮ ਪਿੰਡਾਂ ਦੇ ਦਰਮਿਆਨ ਦੀ ਸੁੱਕੀ ਜਲਧਾਰਾ 'ਚ 15.5 ਸੈ.ਮੀ. ਲੰਬਾਈ, 11 ਸੈ.ਮੀ. ਚੌੜਾਈ ਅਤੇ 5.5 ਸੈ.ਮੀ. ਮੋਟਾਈ ਵਾਲੀਆਂ ਪੱਥਰ ਦੀਆਂ ਕੁਹਾੜੀਆਂ ਖੋਜੀ ਏਲੇਸ਼ਵਰਮ ਜਨਾਰਦਨਚਾਰੀ ਨੂੰ ਮਿਲੀਆਂ।



ਜੀਵ ਵਿਗਿਆਨੀ ਰਵੀ ਕੀਰੀਸੇਟਰ ਅਨੁਸਾਰ ਇਹ ਪੱਥਰ ਦੀ ਕੁਹਾੜੀ ਪੁਰਾਪਾਸ਼ਾਣ ਕਾਲ (ਪੱਥਰ ਯੁੱਗ ਦਾ ਪਹਿਲਾ ਹਿੱਸਾ) ਲਗਭਗ 30 ਲੱਖ ਸਾਲ ਪੁਰਾਣੀ ਹੈ। ਪੁਰਾਪਾਸ਼ਾਣ ਯੁੱਗ ਲਗਭਗ 1 ਲੱਖ ਸਾਲ ਤੱਕ ਚੱਲਿਆ। ਹਰਗੋਪਾਲ ਦੇ ਅਨੁਸਾਰ ਉਨ੍ਹਾਂ ਨੇ ਇਨ੍ਹਾਂ ਔਜ਼ਾਰਾਂ ਦੀ ਚਿਪਿੰਗ ਸ਼ੈਲੀ, ਸਮੱਗਰੀ ਅਤੇ ਯੰਤਰਾਂ ਦੇ ਆਕਾਰ ਦੇ ਆਧਾਰ 'ਤੇ ਇਨ੍ਹਾਂ ਦੀ ਸ਼ਨਾਖਤ ਕੀਤੀ ਹੈ।

ਸ਼੍ਰੀ ਹਰਗੋਪਾਲ ਦਾ ਇਹ ਵੀ ਕਹਿਣਾ ਹੈ ਕਿ ਉਸ ਯੁੱਗ ਦੇ ਸ਼ਿਕਾਰੀ ਸੰਗ੍ਰਹਿਕਰਤਾ ਭਾਰੀ 'ਕਵਾਰਟਜਾਇਟ' ਅਤੇ ਵੱਡੇ ਔਜ਼ਾਰਾਂ ਦੀ ਵਰਤੋਂ ਕਰਦੇ ਸਨ। ਉਨ੍ਹਾਂ ਵੱਲੋਂ ਵਰਤੀਆਂ ਜਾਣ ਵਾਲੀਆਂ ਕੁਹਾੜੀਆਂ ਵਰਗੀਆਂ ਹੀ ਹੱਥ ਦੀਆਂ ਕੁਹਾੜੀਆਂ ਦੁਨੀਆ ਭਰ 'ਚ ਬਰਾਮਦ ਹੋਈਆਂ ਹਨ। ਇਨ੍ਹਾਂ ਦੀ ਵਰਤੋਂ ਲੱਕੜੀ ਕੱਟਣ ਅਤੇ ਭੋਜਨ ਲਈ ਜਾਨਵਰਾਂ ਨੂੰ ਮਾਰਨ ਲਈ ਕੀਤੀ ਜਾਂਦੀ ਸੀ।

ਵਰਨਣਯੋਗ ਹੈ ਕਿ 1863 'ਚ ਈਸਟ ਇੰਡੀਆ ਕੰਪਨੀ ਦੀ ਭੂ-ਵਿਗਿਆਨੀਆਂ ਦੀ ਸਰਵੇਖਣ ਟੀਮ ਨੂੰ ਮਦਰਾਸ (ਚੇਨਈ) ਦੇ ਨੇੜੇ ਅਤਿਰਮਪਕੱਮ ਨਾਂ ਦੇ ਸਥਾਨ 'ਤੇ ਪੱਥਰ ਯੁੱਗ ਦੇ ਪਹਿਲੇ ਭਾਗ ਦੇ ਮਨੁੱਖਾਂ ਵੱਲੋਂ ਪੱਥਰਾਂ ਨਾਲ ਬਣੀਆਂ 2 ਮੂੰਹਾਂ ਵਾਲੀਆਂ ਲਗਭਗ 15 ਲੱਖ ਸਾਲ ਪੁਰਾਣੀਆਂ ਹੱਥ ਕੁਹਾੜੀਆਂ ਮਿਲੀਆਂ ਸਨ। ਪੁਰਾਪਾਸ਼ਾਣ ਸੱਭਿਆਚਾਰ ਨੂੰ ਮਦਰਾਸ ਹਸਤ ਕੁਹਾੜੀ ਉਦਯੋਗ ਜਾਂ ਮਦਰਾਸੀਅਨ ਸੱਭਿਆਚਾਰ ਦਾ ਨਾਂ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਵੀ ਸਾਡੀ ਪੁਰਾਤਨ ਸੱਭਿਅਤਾ ਦੇ ਕਈ ਅਵਸ਼ੇਸ਼ ਵੱਖ-ਵੱਖ ਥਾਵਾਂ 'ਤੇ ਬਰਾਮਦ ਹੋਏ ਹਨ ਪਰ ਇਹ ਉਨ੍ਹਾਂ ਤੋਂ ਵੀ ਕਿਤੇ ਵੱਧ ਪੁਰਾਣੇ ਹਨ। ਹੁਣ ਸਮੱਸਿਆ ਇਹ ਹੈ ਕਿ ਸਾਡੇ ਦੇਸ਼ 'ਚ ਵੱਖ-ਵੱਖ ਥਾਵਾਂ 'ਤੇ ਖੋਦਾਈ ਦੇ ਦੌਰਾਨ ਬਰਾਮਦ ਹੋਣ ਵਾਲੇ ਅਵਸ਼ੇਸ਼ਾਂ ਨੂੰ ਸੁਰੱਖਿਅਤ ਰੱਖਣ ਜਾਂ ਸੈਰ-ਸਪਾਟੇ ਵਾਲੀਆਂ ਥਾਵਾਂ ਦੇ ਰੂਪ 'ਚ ਵਿਕਸਿਤ ਕਰਨ ਦੀ ਸਾਡੀ ਕੋਈ ਨੀਤੀ ਨਹੀਂ ਹੈ।

ਜੇ ਅਸੀਂ ਇਨ੍ਹਾਂ ਥਾਵਾਂ ਨੂੰ ਪੱਛਮੀ ਦੇਸ਼ਾਂ ਵਾਂਗ ਸੰਭਾਲੀਏ ਅਤੇ ਸੈਰ-ਸਪਾਟਾ ਵਾਲੀਆਂ ਥਾਵਾਂ ਦੇ ਰੂਪ 'ਚ ਵਿਕਸਿਤ ਕਰੀਏ ਤਾਂ ਸ਼ਾਇਦ ਅਸੀਂ ਪੈਰਿਸ, ਲੰਡਨ ਅਤੇ ਤੁਰਕੀ ਨਾਲੋਂ ਵੀ ਵੱਧ ਮਾਲੀਆ ਕਮਾ ਸਕਦੇ ਹਾਂ ਜੋ ਉਹ ਆਪਣੇ ਵਿਰਾਸਤੀ ਸਥਾਨਾਂ ਤੋਂ ਕਮਾ ਰਹੇ ਹਨ।




Gurdwara Nanak Darbar Sahib
126 South Cherry Street, Olathe, KS- 66061

A Granthi Singh is needed

- Expert in playing tabla
- Expert in doing kirtan
- Can read pure Path
- Knows English.
- From where received Education
- From which place he learned Santhya and Kirtan
- How many years of experience
- If there is any video, it should be attached

(913) 256-9498
Submitted Copy
gnds@kcsikh.org
suchasingh60@gmail.com


# ਵਿਦੇਸ਼ਾਂ ਵਿਚ ਵਸਦੇ ਸਿੱਖਾਂ ਵਲੋਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੰਥ 'ਚੋਂ ਛੇਕਣ ਦੀ ਮੰਗ

## *ਪ੍ਰਕਾਸ਼ ਸਿੰਘ ਬਾਦਲ ਤੋਂ 'ਪੰਥ ਰਤਨ' ਅਤੇ ਫ਼ਖਰ-ਏ-ਕੌਮ' ਐਵਾਰਡ ਵਾਪਸ ਲਏ ਜਾਣ ਤੇ ਸੁਖਬੀਰ ਵਿਰੁੱਧ ਮਾਮਲਾ ਦਰਜ ਹੋਵੇ*



ਨਿਊਯਾਰਕ (ਅਮਰੀਕਾ) : ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸਸੀਸੀਈਸੀ) ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਜੋ ਕਿ ਅਮਰੀਕੀ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਸਿਰਮੌਰ ਸਿੱਖ ਜਥੇਬੰਦੀਆਂ ਹਨ, ਨੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ 'ਗੈਰ-ਕਾਨੂੰਨੀ ਕਤਲ' 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਜਥੇਦਾਰ ਕਾਉਂਕੇ ਦੇ ਪੁਲਿਸ ਹਿਰਾਸਤ ਵਿੱਚ ਹੋਏ ਤਸ਼ੱਦਦ ਤੇ ਕਤਲ ਬਾਰੇ ਹਾਲ ਹੀ ਵਿੱਚ ਸਾਹਮਣੇ ਆਈ 'ਤਿਵਾੜੀ ਰਿਪੋਰਟ' ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ। 'ਸਰਬੱਤ-ਖਾਲਸਾ' ਦੁਆਰਾ ਥਾਪੇ ਗਏ ਅਕਾਲ ਤਖ਼ਤ ਦੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਅਗਵਾ, ਤਸ਼ੱਦਦ ਅਤੇ ਘਿਨਾਉਣੇ ਕਤਲ 'ਤੇ ਉਸ ਸਮੇਂ ਦੇ ਏਡੀਜੀਪੀ-ਸੁਰੱਖਿਆ ਪੰਜਾਬ ਬੀ.ਐਨ. ਤਿਵਾੜੀ ਦੁਆਰਾ ਪੇਸ਼ ਕੀਤੀ ਰਿਪੋਰਟ ਹੁਣ 24 ਸਾਲਾਂ ਬਾਅਦ, ਪੰਜਾਬ ਮਨੁੱਖੀ ਅਧਿਕਾਰ ਸੰਗਠਨ (ਪੀ.ਐੱਚ.ਆਰ.ਓ.) ਦੇ ਯਤਨਾਂ ਨਾਲ ਹਾਲ ਹੀ ਵਿੱਚ ਜਨਤਕ ਕੀਤੀ ਗਈ ਸੀ। ਇਹ ਰਿਪੋਰਟ ਅਸਲ ਵਿੱਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਾਲ 1999 ਵਿੱਚ ਸੌਂਪੀ ਗਈ ਸੀ, ਜਿਨ੍ਹਾਂ ਨੇ ਕਦੇ ਵੀ ਇਸ ਨੂੰ ਜਨਤਕ ਨਹੀਂ ਕੀਤਾ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕੋਈ ਕਾਰਵਾਈ ਨਹੀਂ ਕੀਤੀ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਕਤਲ ਬੇਅੰਤੇ ਬੁੱਚੜ ਦੀ ਕਾਂਗਰਸ ਸਰਕਾਰ ਸਮੇਂ ਜਦੋਂ ਸਿੱਖਾਂ ਦੇ ਸਿਰਾਂ ਦੇ ਮੱਲ ਪਾਏ ਜਾ ਰਹੇ ਸਨ ਉਦੋਂ ਹੋਇਆ। ਸਮੇਂ ਸਮੇਂ ਤੇ ਪੰਜਾਬ ਵਿੱਚ ਸੱਤਾ ਵਿੱਚ ਰਹੀਆਂ ਕਾਂਗਰਸ, ਬਾਦਲ ਤੇ ਹੋਰ ਸਰਕਾਰਾਂ ਹਮੇਸ਼ਾ ਕੇਂਦਰ ਦੇ ਇਸ਼ਾਰਿਆਂ 'ਤੇ ਭਾਰਤੀ ਸਟੇਟ ਦੇ ਹੱਥ-ਠੋਕੇ ਬਣ ਕੇ ਸਿੱਖਾਂ ਦਾ ਘਾਣ ਕਰਨ ਵਿੱਚ ਕਦੇ ਪਿੱਛੇ ਨਹੀਂ ਰਹੀਆਂ।

ਵਿਦੇਸ਼ਾਂ ਵਿੱਚ ਵਸਦੇ ਸਿੱਖ ਡਾਇਸਪੋਰਾ ਦੀ ਤਰਫੋਂ SCCEC ਅਤੇ AGPC ਲੀਡਰਸ਼ਿਪ ਨੇ ਸਿੱਖ ਪੰਥ ਨੂੰ ਹੇਠ ਲਿਖੇ ਅਨੁਸਾਰ ਕਾਰਵਾਈ ਕਰਨ ਲਈ ਕਿਹਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਸਿੱਖ ਧਰਮ ਦਾ ਸਭ ਤੋਂ ਉੱਚਾ ਅਸਥਾਨ ਹੈ ਜੋ ਮੀਰੀ-ਪੀਰੀ (ਧਰਮ-ਸਿਆਸਤ) ਸਿਧਾਂਤ ਨੂੰ ਦਰਸਾਉਂਦਾ ਹੈ ਜਿਵੇਂ ਕਿ ਸਾਡੇ ਗੁਰੂ ਸਾਹਿਬਾਨ ਦੁਆਰਾ ਪੂਰਨੇ ਪਾਏ ਗਏ ਹਨ। ਅਕਾਲ ਤਖਤ ਸਾਹਿਬ ਦਾ ਜਥੇਦਾਰ ਦੁਨੀਆਂ ਭਰ ਵਿਚ ਵਸਦੇ ਕਰੋੜਾਂ ਸਿੱਖਾਂ ਦਾ ਮੁਖੀ ਹੁੰਦਾ ਹੈ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਾਉਂਕੇ ਦਾ ਨਾਜਾਇਜ਼ ਹਿਰਾਸਤੀ ਕਤਲ 30 ਸਾਲਾਂ ਤੋਂ ਲੈ ਕੇ ਬਾਦਲਾਂ ਵੱਲੋਂ ਲੁਕਾਇਆ ਗਿਆ ਘਿਨੌਣਾ ਅਪਰਾਧ ਸੀ। ਤਿਵਾੜੀ ਰਿਪੋਰਟ ਜਾਰੀ ਹੋਣ ਨਾਲ ਆਖਰਕਾਰ ਇਸ ਕਤਲ ਦੀ ਸੱਚਾਈ ਸਾਹਮਣੇ ਆ ਗਈ ਹੈ। ਇਹ ਸਪੱਸ਼ਟ ਹੈ ਕਿ ਬਾਦਲ ਇਸ ਵਿਚ ਇਕ ਮੁੱਖ ਦੋਸ਼ੀ ਧਿਰ ਹਨ ਜਿਨ੍ਹਾਂ ਨੇ ਇਸ ਅਪਰਾਧ ਨੂੰ ਉਕਸਾਇਆ ਅਤੇ ਇਸ 'ਤੇ ਪਰਦਾ ਪਾਇਆ ਹੈ।

ਇਸ ਲਈ, 2015 ਵਿੱਚ ਹੋਏ "ਸਰਬੱਤ-ਖਾਲਸਾ" ਨੇ ਪ੍ਰਕਾਸ਼ ਸਿੰਘ ਬਾਦਲ ਤੋਂ 'ਪੰਥ ਰਤਨ' ਅਤੇ 'ਫਖਰ-ਏ-ਕੌਮ' ਐਵਾਰਡ ਵਾਪਸ ਲੈ ਲਿਆ ਸੀ।

ਪੰਥ ਨੂੰ ਚਾਹੀਦਾ ਹੈ ਕਿ ਉਹ ਜਥੇਦਾਰ ਕਾਉਂਕੇ ਨੂੰ 'ਕੌਮੀ ਸ਼ਹੀਦ' ਐਲਾਨੇ।

ਸੁਖਬੀਰ ਸਿੰਘ ਬਾਦਲ 'ਤੇ ਮੁਕੱਦਮਾ ਚਲਾਇਆ ਜਾਵੇ, ਜਿਸ ਨੇ ਪੰਜਾਬ ਦੇ ਗ੍ਰਹਿ ਮੰਤਰੀ ਵਜੋਂ ਦਹਾਕਿਆਂ ਤੱਕ ਤਿਵਾੜੀ ਰਿਪੋਰਟ 'ਤੇ ਪਰਦਾ ਪਾਇਆ ਅਤੇ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ-ਦਲ ਦੀ ਪ੍ਰਧਾਨਗੀ ਤੋਂ ਹਟਾਇਆ ਜਾਵੇ।

ਜਥੇਦਾਰ ਕਾਉਂਕੇ ਨੂੰ ਤਸੀਹੇ ਦੇਣ ਅਤੇ ਕਤਲ ਕਰਨ ਦਾ ਹੁਕਮ ਦੇਣ ਵਾਲੇ ਸੁਮੇਧ ਸੈਣੀ 'ਤੇ ਮੁਕੱਦਮਾ ਚਲਾਇਆ ਜਾਵੇ, ਜਿਸ ਨੇ ਆਪਣੇ ਅਧੀਨ ਐੱਸਐੱਸਪੀ ਸਵਰਨ ਸਿੰਘ ਘੋਟਣਾ ਅਤੇ ਐੱਸਐੱਚਓ ਗੁਰਮੀਤ ਸਿੰਘ ਦੀ ਰਾਹੀਂ ਇਹ ਅਪਰਾਧ ਕੀਤਾ।

ਜਥੇਦਾਰ ਕਾਉਂਕੇ ਨੂੰ ਅਗਵਾ ਕਰਨ, ਤਸ਼ੱਦਦ ਕਰਨ ਅਤੇ ਕਤਲ ਕਰਨ ਲਈ ਹੁਣ ਡੀ.ਐਸ.ਪੀ. ਗੁਰਮੀਤ ਸਿੰਘ 'ਤੇ ਮੁਕੱਦਮਾ ਚਲਾਇਆ ਜਾਵੇ।

ਸਵਰਨ ਸਿੰਘ ਘੋਟਣਾ ਦੇ ਭੋਗ 'ਤੇ ਜ਼ਬਰਦਸਤੀ ਰਾਗੀ ਜਥਾ ਭੇਜਣ ਲਈ ਸਾਬਕਾ ਜਥੇਦਾਰ ਗੁਰਬਚਨ ਸਿੰਘ ਨੂੰ ਪੰਥ ਵਿਚੋਂ ਛੇਕਿਆ ਜਾਵੇ।

# ਜਨਰਲ ਮਨੋਜ ਪਾਂਡੇ ਐਨਸੀਸੀ ਗਣਤੰਤਰ ਦਿਵਸ ਕੈਂਪ 2024 ਵਿੱਚ ਹੋਏ ਹਾਜ਼ਰ





ਨਵੀਂ ਦਿੱਲੀ ਵਿੱਚ ਐਨਸੀਸੀ ਗਣਤੰਤਰ ਦਿਵਸ ਕੈਂਪ 2024 ਦੌਰਾਨ ਨੈਸ਼ਨਲ ਕੈਡਿਟ ਕੋਰ (ਐਨ.ਸੀ.ਸੀ.) ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਗੁਰਬੀਰਪਾਲ ਸਿੰਘ ਨਾਲ ਭਾਰਤੀ ਫੌਜ ਦੇ ਮੁਖੀ ਜਨਰਲ ਮਨੋਜ ਪਾਂਡੇ।

*ਮਾਘੀ ਜੋੜ ਮੇਲ ’ਤੇ ਵਿਸ਼ੇਸ਼*

# ਖਿਦਰਾਣੇ ਦੀ ਢਾਬ ਤੋਂ ਮੁਕਤਸਰ ਸਾਹਿਬ

ਰੂਪ ਸਿੰਘ (ਡਾ.)



ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ’ਚ ਪ੍ਰਸਿੱਧ ਇਤਿਹਾਸਕ ਨਗਰ ਹੈ ਸ੍ਰੀ ਮੁਕਤਸਰ ਸਾਹਿਬ। ਇਸ ਨਗਰ ਦਾ ਪਹਿਲਾ ਨਾਂਅ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ ’ਤੇ ਵਰਖਾ ਦਾ ਪਾਣੀ ਚਾਰਾਂ-ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ ਜੋ ਸਾਲ ਭਰ ਦੂਰ-ਦੁਰਾਡੇ ਤੱਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਨੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਇਲਾਕੇ ਵਿਚ ਕਾਫੀ ਜਾਣਿਆ-ਪਛਾਣਿਆ ਨਾਂਅ ਸੀ ਤੇ ਫਿਰ ਇਸ ਅਸਥਾਨ ਨੂੰ ਦਸਮੇਸ਼ ਪਿਤਾ ਗੁਰੂ ਗੋਬਿਦ ਸਿੰਘ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਹੋਣ ’ਤੇ ਦਸਮੇਸ਼ ਪਿਆਰੇ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਇਹ ਧਰਤੀ ਹਮੇਸ਼ਾ-ਹਮੇਸ਼ਾ ਪਾਵਨ ਹੋ ਮੁਕਤਸਰ ਸ੍ਰੀ ਮੁਕਤਸਰ ਸਾਹਿਬ ਅਖਵਾਈ। ਹੁਣ ਲੋਕ ਇਸ ਪਾਵਨ ਧਰਤੀ ਤੇ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫਲ ਕਰਦੇ ਹਨ। ਖਿਦਰਾਣੇ ਦੀ ਢਾਬ ਜਾਂ ਤਾਲ ਕਿਵੇਂ ਬਣਿਆ? ਇਤਿਹਾਸਕ ਵਾਕਿਆ ਇਉਂ ਹੈ:

1704 ਈ: ਤੱਕ ਪਹਾੜੀ ਰਾਜਿਆਂ ਤੇ ਮੁਗ਼ਲਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਏ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫ਼ੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਆਖ਼ਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫ਼ੌਜੀ ਮਦਦ ਦੀ ਮੰਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ ’ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਤੇ ਪਹਾੜੀ ਰਾਜਿਆਂ ਨੇ ਮਿਲ ਕੇ ਅਨੰਦਪੁਰ ਸਾਹਿਬ ਨੂੰ ਚੁਫ਼ੇਰੇ ਤੋਂ ਘੇਰਾ ਪਾ ਲਿਆ, ਕਿਉਂਕਿ ਦਸਮੇਸ਼ ਪਿਤਾ ਦੇ ਸੂਰਮੇ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨ-ਏ-ਜੰਗ ਵਿਚ ਪਹਾੜੀ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ। ਉਨ੍ਹਾਂ ਆਹਮੋ-ਸਾਹਮਣੀ ਲੜਾਈ ਨਾਲੋਂ ਘੇਰਾਬੰਦੀ ’ਤੇ ਜ਼ਿਆਦਾ ਜ਼ੋਰ ਦਿੱਤਾ।

1704 ਈ: ਗਰਮੀ ਦੇ ਮਹੀਨਿਆਂ ਵਿਚ ਬਾਰਸ਼ਾਂ ਨਾਲ ਦੁਸ਼ਮਣ ਫ਼ੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ-ਸਮੇਂ ਖ਼ਾਲਸਾ ਫ਼ੌਜਾਂ ਹਮਲਾ ਕਰਕੇ ਦੁਸ਼ਮਣਾਂ ਦਾ ਜਾਨੀ ਤੇ ਮਾਲੀ ਨੁਕਸਾਨ ਕਰਦੇ ਹੋਏ ਰਸਦਾਂ ਦਾ ਪ੍ਰਬੰਧ ਕਰ ਲੈਂਦੀਆਂ। ਖ਼ਾਲਸਾ ਫ਼ੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਹੌਸਲੇ ਪਸਤ ਹੋ ਚੁੱਕੇ ਸਨ। ਦੁਸ਼ਮਣ ਫ਼ੌਜ ਨੂੰ ਆਪਣੀ ਬਹੁ-ਗਿਣਤੀ ’ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਨਿਤ ਦੀ ਲੜਾਈ ਨਾਲ ਖ਼ਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖ਼ਤਮ ਹੋਣ ਨੂੰ ਆ ਗਏ। ਪਸ਼ੂਆਂ ਲਈ ਚਾਰੇ ਦੀ ਭਾਰੀ ਕਿੱਲਤ ਆ ਗਈ। ਬਹੁਤ ਸਾਰੇ ਬਹਾਦਰ ਸਿੰਘ ’ਤੇ ਪਾਲਤੂ ਜਾਨਵਰ ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਵਾਰ-ਵਾਰ ਢੰਡੋਰਾ ਦੇਣ ’ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ, ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।

ਗੁਰੂ ਜੀ ਨੇ ਪੰਚ-ਪ੍ਰਧਾਨੀ ਸਿਧਾਂਤ ਨੂੰ ਸਥਾਪਤ ਕਰ, ਖ਼ਾਲਸੇ ਵਿਚ ਏਨਾ ਆਤਮ-ਵਿਸ਼ਵਾਸ, ਜੁਅਰਤ ਭਰ ਦਿੱਤੀ ਕਿ ਖ਼ਾਲਸਾ ਸਮੇਂ-ਸਮੇਂ ਗੁਰੂ ਜੀ ਨੂੰ ਨਿਝਕ ਹੋ ਸਲਾਹ, ਸੁਝਾਅ ਤੇ ਰਾਇ ਦੇ ਸਕਦਾ ਸੀ। ਕੁਝ ਸਿੰਘਾਂ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ ਸਮੇਂ ਯੁੱਧ ਦੇ ਢੰਗ ਤਰੀਕੇ ਅਲੱਗ-ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ ’ਇੰਤਜ਼ਾਰ ਕਰੋ ਤੇ ਦੇਖੋ’ ਦੀ ਨੀਤੀ ’ਤੇ ਚੱਲਣ ਲਈ ਕਿਹਾ। ਪਰ ਕੁਝ ਸਿੰਘ ਇਸ ਮੁਸ਼ਕਲ ਦੀ ਘੜੀ ਕੁਝ ਮਨ ਦੀ ਮਤ ਮਗਰ ਲੱਗ ਮਨਮੁਖ ਬਣ ਗੁਰੂ ਜੀ ਦਾ ਸਾਥ ਛੱਡਣ ਲੱਗੇ। ਗੁਰਦੇਵ ਸਮਰੱਥ ਸਨ। ਜੇਕਰ ਉਹ ਚਾਹੁੰਦੇ ਤਾਂ ਉਸ ਸਮੇਂ ਹੀ ਉਨ੍ਹਾਂ ਦਾ ਭੁਲੇਖਾ ਦੂਰ ਕਰ ਸਕਦੇ ਸਨ। ਪਰ ਗੁਰਦੇਵ ਨੇ ਖ਼ਾਲਸੇ ਨੂੰ ਸਰਬ-ਗੁਣ ਸੰਪੰਨ ਬਣਾਉਣਾ ਸੀ। ਭੁੱਲੇ ਨੂੰ ਭੁੱਲ ਦਾ, ਅਹਿਸਾਸ ਕਰਵਾ, ‘ਚਰਣ ਚਲੋ ਮਾਰਗ ਗੋਬਿੰਦ’ ਦੇ ਪਾਂਧੀ ਬਣਾ, ਇਕ ਨਵੀਂ ਮਿਸਾਲ ਬਣਾਉਣਾ ਸੀ। ਭੁੱਲ ਹਰ ਕੋਈ ਕਰ ਸਕਦਾ ਹੈ, ਕਿਉਂਕਿ ਵਿਸ਼ਵ ਦਾ ਹਰ ਮਨੁੱਖ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ:

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-61)

ਪੇਟ ਦੀ ਭੁੱਖ ਜੋ ਮਨੁੱਖ ਨੂੰ ਮਜਬੂਰ ਕਰ ਦਿੰਦੀ ਹੈ। ਭਗਤ ਕਬੀਰ ਜੀ ਦਾ ਵੀ ਕਥਨ ਹੈ ਕਿ ਹੇ ਪ੍ਰਭੂ ਆਹ ਆਪਣੀ ਮਾਲਾ ਸਾਂਭ ਲੈ ਭੁਖੇ ਪੇਟ, ਭਗਤੀ ਨਹੀਂ ਹੋ ਸਕਦੀ ‘ਭੂਖੇ ਭਗਤ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥’ (ਅੰਗ-656) ਇਨ੍ਹਾਂ ਸਿੰਘਾਂ ਉਤੇ ਪੇਟ ਦੀ ਭੁੱਖ ਵੀ ਭਾਰੂ ਹੋਈ। ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ ਨੇ (ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ 40 ਦੱਸੀ ਗਈ ਹੈ) ਗੁਰੂ ਤੋਂ ਬੇਮੁਖ ਹੋ ਅਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਪੇਸ਼ ਹੋ ਇਨ੍ਹਾਂ ਸਿੰਘਾਂ ਬੇਨਤੀ ਕੀਤੀ : ਗੁਰਦੇਵ! ਅਸੀਂ ਜਾਣਾ ਚਾਹੁੰਦੇ ਹਾਂ?

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ, ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ ਦੇ ਜਾਓ ਕਿ ਅਸੀਂ ਛੱਡ ਕੇ ਜਾ ਰਹੇ ਹਾਂ! ਸਿੰਘਾਂ ਲਿਖ ਕੇ ਦੇ ਦਿੱਤਾ, ਜਿਸ ਨੂੰ ਇਤਿਹਾਸ ਵਿਚ ਬੇਦਾਵਾ ਕਿਹਾ ਗਿਆ ਹੈ। ਇਨ੍ਹਾਂ ਸਿੰਘਾਂ ਨੇ ਅਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਿਉਂ ਹੀ ਇਹ ਅਨੰਦਪੁਰ ਤੋਂ ਦੂਰ ਹੋਏ, ਇਨ੍ਹਾਂ ਨੂੰ ਗੁਰੂ ਜੀ ਦੇ ਵਿਛੋੜੇ ਦੀ ਪੀੜਾ ਤੰਗ ਕਰਨ ਲੱਗੀ। ਕਈ ਵਾਰ ਪਿਆਰ ਦਾ ਅਹਿਸਾਸ ਵਿਛੋੜੇ ਵਿਚ ਹੀ ਹੁੰਦਾ ਹੈ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁੱਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁੱਕੇ ਸਨ। ਅੰਤ ਤੰਗ ਆ ਕੇ ਪਹਾੜੀ ਰਾਜਿਆਂ ਅਤੇ ਸਰਹਿੰਦ ਤੇ ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖਤਾਂ ਹੇਠ ਬਾਦਸ਼ਾਹ ਵਲੋਂ ਪਰਵਾਨਾ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ। ਇਸ ਲਈ ਮੁਸਲਮਾਨਾਂ ਨੇ ਕੁਰਾਨ ਤੇ ਪਹਾੜੀ ਰਾਜਿਆਂ ਨੇ ਗਊ ਦੀਆਂ ਕਸਮਾਂ ਵੀ ਖਾਧੀਆਂ। ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂ ਸਨ ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਲਾਹ ਮਸ਼ਵਰੇ ਪਿੱਛੋਂ ਅਨੰਦਪੁਰ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ। ਦੁਸ਼ਮਣ ਫ਼ੌਜਾਂ ਨੇ ਇਕਰਾਰ ਤਹਿਤ ਇਕ ਪਾਸਿਓਂ ਕੁਝ ਰਸਤਾ ਦੇ ਦਿੱਤਾ।

ਰਾਤ ਦੇ ਪਹਿਲੇ ਪਹਿਰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਅਨੰਦਮਈ ਧਰਤ ਸੁਹਾਵੀ ਨੂੰ ਹਮੇਸ਼ਾ-ਹਮੇਸ਼ਾ ਲਈ ਛੱਡ ਦਿੱਤਾ। ਅਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਦੀ ਦੇਰ ਹੀ ਸੀ ਕਿ ਦੁਸ਼ਮਣ ਫ਼ੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿੱਛੋਂ ਹਮਲਾ ਕਰ ਦਿੱਤਾ। ਸਰਸਾ ਦੇ ਕਿਨਾਰੇ ਪੰਥਕ ਪਰਿਵਾਰ ਤਿੰਨ ਭਾਗਾਂ ਤੇ ਤਿੰਨ ਦਿਸ਼ਾਵਾਂ ’ਚ ਵੰਡਿਆ ਗਿਆ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਸੰਸਾਰ ਦਾ ਸਭ ਤੋਂ ਅਸਾਵਾਂ ਯੁੱਧ ਲੜਨ ਤੇ ਚਮਕੌਰ ਦੀ ਗੜ੍ਹੀ ਵਿਚੋਂ ਮੁਗਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ ’ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ’ ਸੁਣਾ, ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਅਪ੍ਰੈਲ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ ’ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ-ਪਿੱਛੇ ਆ ਰਿਹਾ ਸੀ। ਖਿਦਰਾਣੇ ਦੀ ਢਾਬ ਖ਼ਾਲਸਾ ਫ਼ੌਜਾਂ ਦੇ ਘੇਰੇ ਵਿਚ ਸੀ। ਖਿਦਰਾਣੇ ਦੀ ਢਾਬ ਯੁੱਧ ਨੀਤੀ ਦੇ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ ’ਤੇ ਜਾ ਬਿਰਾਜੇ, ਦੁਸ਼ਮਣ ਫ਼ੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਦੇਖੋ! ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਜੀ ਦੀ ਅਗਵਾਈ ਵਿਚ ਲੜ ਰਹੇ ਸਨ, ਜੋ ਗੁਰਦੇਵ ਜੀ ਤੋਂ ਬੇਮੁਖ ਹੋ ਅਨੰਦਪੁਰ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ-ਤੱਤੇ ਵਿਚ ਜੂਝਦਿਆਂ ਤੱਕ ਖ਼ੁਸ਼ ਹੋ ਰਹੇ ਸਨ। ਸਮੇਂ-ਸਮੇਂ ਗੁਰਦੇਵ ਦੁਸ਼ਮਣ ਦਲਾਂ ’ਤੇ ਤੀਰਾਂ ਦੀ ਵਰਖਾ ਕਰਦੇ। ਦੁਸ਼ਮਣ ਫ਼ੌਜ ਅਣਗਿਣਤ ਤੇ ਸਿੰਘ ਗਿਣਤੀ ਦੇ ਸਨ ਪਰ ਇਕ ਪਾਸੇ ਗੁਰੂ ਪ੍ਰੀਤੀ ਤੇ ਦੂਸਰੇ ਪਾਸੇ ਮੁਲਾਜ਼ਮਤ। ਦਿਨ ਗਰਮੀ ਦੇ ਪਾਣੀ ਦਾ ਕਬਜ਼ਾ ਸਿੰਘਾਂ ਦੇ ਹੱਥ, ਇਹ ਕੁਝ ਕਾਰਨ ਸਨ ਦੁਸ਼ਮਣ ਫ਼ੌਜਾਂ ਦੀ ਹਾਰ ਦੇ। ਮੈਦਾਨ ਖ਼ਾਲਸੇ ਨੇ ਫ਼ਤਹਿ ਕੀਤਾ।

ਦੁਸ਼ਮਣ ਫ਼ੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ ਜੰਗ ਵਿਚ ਆਏ, ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਹਰ ਸਿੰਘ ਦੀ ਪਵਿੱਤਰ ਸਰੀਰ ਪਾਸ ਜਾਂਦੇ ’ਤੇ ਸਿੰਘਾਂ ਦੇ ਮੁਖੜੇ ਸਾਫ਼ ਕਰਦੇ ਅਤੇ ਬਖਸ਼ਿਸ਼ਾਂ ਕਰਦੇ: ਇਹ ਮੇਰਾ ਪੰਜ ਹਜ਼ਾਰੀ, ਇਹ ਮੇਰਾ ਦਸ ਹਜ਼ਾਰੀ, ਇਹ ਮੇਰਾ ਤੀਹ ਹਜ਼ਾਰੀ! ਬਖਸ਼ਿਸ਼ਾਂ ਕਰਦੇ ਗੁਰਦੇਵ ਪਿਤਾ ਪਹੁੰਚੇ ਮਹਾਂ ਸਿੰਘ ਦੇ ਪਾਸ, ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਸਨ। ਗੁਰਦੇਵ ਨੇ ਸੂਰਮੇ ਸਿੰਘ ਦਾ ਮੁਖੜਾ ਸਾਫ਼ ਕੀਤਾ ਤੇ ਮੂੰਹ ਵਿਚ ਪਾਣੀ ਪਾਇਆ। ਸੀਸ ਗੋਦ ਵਿਚ ਰੱਖਿਆ ਤੇ ਕਿਹਾ ਕਿ ਮੁਕਤਿ ਭੁਗਤਿ ਜੁਗਤਿ ਸਭ ਹਾਜ਼ਰ ਹੈ.... ਮੰਗ ਭਾਈ ਮਹਾਂ ਸਿੰਘ! ਜੋ ਚਾਹੁੰਦਾ ਹੈਂ? ਮਹਾਂ ਸਿੰਘ ਗਿੜਗਿੜਾਇਆ, ਦਸਮੇਸ਼ ਪਿਤਾ! ਦਰਸ਼ਨਾਂ ਦੀ ਸਿੱਕ ਸੀ, ਪੂਰੀ ਹੋ ਗਈ! ਨਹੀਂ, ਪਿਆਰੇ ਮਹਾਂ ਸਿੰਘ! ਕੁਝ ਹੋਰ! ਗੁਰਦੇਵ ਪਿਤਾ ਤੁੱਠੇ ਹੋ ਕਿਰਪਾ ਨਿਧਾਨ ਤਾਂ ਸਾਡੀ ਟੁੱਟੀ ਮੇਲ ਲਵੋ ਕਾਗਜ਼ ਦਾ ਉਹ ਟੁਕੜਾ ਪਾੜ ਦਿਓ ਜੋ ਅਸੀਂ ਦੇ ਆਏ ਸਾਂ! ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ਼ ਟੁਕੜੇ-ਟੁਕੜੇ ਕਰ ਦਿੱਤਾ।

ਮਹਾਂ ਸਿੰਘ ਨੇ ਭੁੱਲਾਂ ਬਖ਼ਸ਼ਾ ਸ਼ੁਕਰੀਆ ਅੰਦਾਜ਼ ਵਿਚ ਹੱਥ ਉੱਪਰ ਚੁੱਕੇ ਤੇ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਬੇਦਾਵੀਏ ਸਿੰਘ ਮੁਕਤ ਹੋਏ। ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਸਾਹਿਬ ਅਖਵਾਈ। ਇਸ ਧਰਤ ਸੁਹਾਵੀ ਤੋਂ ਇਹੀ ਸੰਦੇਸ਼ ਮਿਲਦਾ ਹੈ ਕਿ ਗੁਰੂ ਤੋਂ ਬੇਮੁਖ ਹੋ ਕੇ ਫਿਰ ਸਨਮੁੱਖ ਹੋਣ ਵਾਸਤੇ ਜੀਵਨ ਤੱਕ ਕੁਰਬਾਨ ਕਰਨਾ ਪੈਂਦਾ ਹੈ। ਇਹ ਸਮਾਂ ਹੈ ਵਿਚਾਰ ਕਰਨ ਦਾ ਕਿ ਅਸੀਂ ਗੁਰੂ ਦੇ ਸਨਮੁੱਖ ਹੋਣਾ ਹੈ ਜਾਂ ਬੇਮੁੱਖ ਹੋ ਗੁਰੂ ਦੀ ਰਹਿਮਤ-ਬਖ਼ਸ਼ਿਸ਼ ਤੋਂ ਦੂਰ ਹੋਣਾ ਹੈ?

## ਹਿੰਮਤ ਅਤੇ ਦਲੇਰੀ ਦੀ ਮਿਸਾਲ ਮਾਈ ਭਾਗੋ

ਖਿਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ) ਦੀ ਜ਼ੁਲਮ ਖ਼ਿਲਾਫ਼ ਹੋਈ ਜੰਗ ਵਿਚ ਮਾਈ ਭਾਗੋ ਦੀ ਭੂਮਿਕਾ ਬਹੁਤ ਅਹਿਮ ਰਹੀ। ਉਨ੍ਹਾਂ ਜਿੱਥੇ ਗੁਰੂ ਜੀ ਨੂੰ ਬੇਦਾਵਾ ਦੇ ਕੇ ਗਏ 40 ਸਿੱਖਾਂ ਨੂੰ ਗੁਰੂ ਜੀ ਦੇ ਲੜ ਲਾਇਆ, ਉੱਥੇ ਇਸ ਜੰਗ ਵਿਚ ਅਹਿਮ ਭੂਮਿਕਾ ਨਿਭਾਅ ਕੇ ਇਤਿਹਾਸ ਵਿਚ ਮਿਸਾਲ ਕਾਇਮ ਕੀਤੀ। ਆਪਣੀ ਹਿੰਮਤ ਅਤੇ ਦਲੇਰੀ ਸਦਕਾ ਉਨ੍ਹਾਂ ਜੰਗ ਵਿਚ ਦੁਸ਼ਮਣਾਂ ਨੂੰ ਭਾਜੜਾਂ ਪਾਈਆਂ। ਉਨ੍ਹਾਂ ਦਾ ਜੀਵਨ ਵੀ ਅਜੋਕੇ ਸਮਾਜ ਲਈ ਪ੍ਰੇਰਨਾ ਦਾ ਸਰੋਤ ਹੈ। ਗੁਰੂ ਸਾਹਿਬਾਨ ਨੇ ਔਰਤ ਜਾਤੀ ਨੂੰ ਵੱਡਾ ਸਨਮਾਨ ਦਿੱਤਾ ਹੈ ਅਤੇ ਇਸ ਦਲੇਰ ਸਿੰਘਣੀ ਦੀ ਜੰਗ ਵਿਚ ਭੂਮਿਕਾ ਵੀ ਪ੍ਰੇਰਨਾ ਸਰੋਤ ਬਣੀ। ਮਾਘੀ ਦੇ ਦਿਹਾੜੇ ’ਤੇ ਸ਼ਰਧਾਲੂ ਦੂਰ-ਦੁਰਾਡੇ ਤੋਂ ਪਹੁੰਚ ਕੇ ਜਿੱਥੇ ਸ਼ਹੀਦਾਂ ਨੂੰ ਸ਼ਰਧਾ ਦੇ ਫ਼ੁੱਲ ਭੇਟ ਕਰਦੇ ਹਨ, ਉੱਥੇ ਸ੍ਰੀ ਮੁਕਤਸਰ ਸਾਹਿਬ ਦੀ ਇਤਿਹਾਸਕ ਜੰਗ ਤੋਂ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਬੱਚਿਆਂ ਨੂੰ ਜਾਣੂ ਕਰਵਾਉਂਦੇ ਹਨ। ਅਜਾਇਬ ਘਰ ਵਿਚ ਪੁਰਾਤਨ ਜੰਗ ਦੀਆਂ ਰੂਪਮਾਨ ਕੀਤੀਆਂ ਤਸਵੀਰਾਂ ਇਸ ਜੰਗ ਦੀ ਯਾਦ ਕਰਵਾਉਂਦੀਆਂ ਹਨ। ਇਸ ਜੰਗ ਵਿਚ ਜੂਝਦਿਆਂ ਮਾਈ ਭਾਗੋ ਨੇ ਹਿੰਮਤ ਅਤੇ ਦਲੇਰੀ ਦੀ ਮਿਸਾਲ ਕਾਇਮ ਕੀਤੀ, ਜੋ ਸਭ ਲਈ ਤੇ ਖ਼ਾਸ ਕਰਕੇ ਔਰਤਾਂ ਲਈ ਪ੍ਰੇਰਨਾ ਦਾ ਸਰੋਤ ਹੈ। ਅੱਜ ਦੀ ਪੀੜ੍ਹੀ ਨੂੰ ਇਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।



ਸ਼ਰਧਾਲੂ ਇਸ ਦਿਹਾੜੇ ’ਤੇ ਹੋਰ ਇਤਿਹਾਸਕ ਅਸਥਾਨਾਂ ਦੇ ਨਾਲ-ਨਾਲ ਗੁਰਦੁਆਰਾ ਮਾਤਾ ਭਾਗ ਕੌਰ ਵਿਖੇ ਵੀ ਨਤਮਸਤਕ ਹੁੰਦੇ ਹਨ ਤੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹਨ। ਸਿੱਖ ਇਤਿਹਾਸ ਵਿਚ ਮਾਈ ਭਾਗੋ ਜੀ ਇਸ ਘਟਨਾ ਕਰਕੇ ਕਾਫੀ ਪ੍ਰਸਿੱਧ ਸਨ ਕਿ ਉਨ੍ਹਾਂ ਨੇ ਮਾਝੇ ਦੇ ਸਿੱਖਾਂ ਨੂੰ (ਜੋ ਸ੍ਰੀ ਅਨੰਦਪੁਰ ਸਾਹਿਬ ਤੋਂ ਬੇਦਾਵਾ ਲਿਖ ਕੇ ਗੁਰੂ ਜੀ ਨਾਲੋਂ ਬੇਮੁਖ ਹੋਏ ਸਨ) ਪ੍ਰੇਰਣਾ ਦੇ ਕੇ ਮੁੜ ਗੁਰੂ ਜੀ ਦੇ ਲੜ ਲਾਇਆ। ਉਨ੍ਹਾਂ ਸਿੱਖਾਂ ਨੇ ਖਿਦਰਾਣੇ ਦੀ ਢਾਬ ’ਤੇ ਪਹੁੰਚ ਕੇ ਭਾਰੀ ਜੰਗ ਕੀਤੀ ਤੇ ਗੁਰੂ ਜੀ ਨਾਲ ਟੁੱਟੀ ਗੰਢੀ ਸੀ। ਮਾਈ ਭਾਗੋ ਇਸ ਯੁੱਧ ਵਿਚ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਜੰਗੇ ਮੈਦਾਨ ਵਿਚ ਦੁਸ਼ਮਣ ਦੀਆਂ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦੇ ਕੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹਿਕਦੀ ਮਾਈ ਭਾਗੋ ਨੂੰ ਵੇਖਿਆ, ਤਾਂ ਉਸ ਦੇ ਜ਼ਖ਼ਮ ਸਾਫ਼ ਕਰ ਕੇ ਮਰ੍ਹਮ ਪੱਟੀ ਕਰ ਕੇ ਉਸ ਨੂੰ ਠੀਕ ਕੀਤਾ। ਮਾਈ ਭਾਗੋ ਜੀ ਹਜ਼ੂਰ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਗਏ ਅਤੇ ਉਸ ਇਲਾਕੇ ਵਿੱਚ ਵਿਚਰਦੇ ਰਹੇ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਬਿਦਰ (ਕਰਨਾਟਕ) ਦੇ ਇਲਾਕੇ ਵਿਚ ਨਾਨਕ ਝੀਰਾ ਜੀ ਦੇ ਕੋਲ ਲਗਭਗ ਦਸ ਕਿਲੋਮੀਟਰ ਦੇ ਜਨਵਾੜੇ ਵਿਚ ਆਪਣਾ ਸ਼ਰੀਰ ਤਿਆਗਿਆ। ਆਓ! ਮਾਈ ਭਾਗੋ ਦੇ ਜੀਵਨ ਤੋਂ ਪ੍ਰੇਰਨਾ ਲਈਏ, ਜਿਨ੍ਹਾਂ ਧਰਮ, ਕੌਮ ਵਾਸਤੇ ਆਪਾ ਵਾਰਿਆ ਅਤੇ ਬੇਮੁੱਖ ਹੋਏ ਸਿੱਖਾਂ ਨੂੰ ਪ੍ਰੇਰਨਾ ਦੇ ਕੇ ਦਸਮੇਸ਼ ਪਿਤਾ ਪਾਸ ਲਿਆਂਦਾ। ਅੱਜ ਮਾਘੀ ਦੇ ਪਵਿੱਤਰ ਦਿਹਾੜੇ ’ਤੇ ਮਹਾਨ ਸ਼ਹੀਦਾਂ ਨੂੰ ਯਾਦ ਕਰੀਏ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰ ਕੇ ਸ਼ਰਧਾ ਦੇ ਫੁੱਲ ਭੇਟ ਕਰੀਏ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦਫ਼ਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

- ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
- 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**

**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਸਾਂਝੀਵਾਲਤਾ ਦਾ ਤਿਉਹਾਰ – ਲੋਹੜੀ

ਡਾ. ਇਕਬਾਲ ਸਿੰਘ ਸਕਰੌਦੀ



ਲੋਹੜੀ ਉੱਤਰੀ ਭਾਰਤ ਦੇ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਜੰਮੂ ਕਸ਼ਮੀਰ ਵਿੱਚ ਬੜੀ ਧੂਮ ਧਾਮ ਨਾਲ ਮਨਾਇਆ ਜਾਣ ਵਾਲਾ ਸਾਰਿਆਂ ਦਾ ਸਰਬ ਸਾਂਝਾ ਤਿਉਹਾਰ ਹੈ। ਇਹ ਤਿਉਹਾਰ ਖੇਤੀਬਾੜੀ ਅਤੇ ਫ਼ਸਲਾਂ ਨਾਲ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੋਣ ਕਰਕੇ ਪੁਰਾਤਨ ਸਮੇਂ ਤੋਂ ਹੀ ਇਸ ਦੀ ਬਹੁਤ ਜ਼ਿਆਦਾ ਮਹੱਤਤਾ ਬਣੀ ਰਹੀ ਹੈ।

ਪਹਿਲਾਂ ਜ਼ਮੀਨਾਂ ਬਟਾਈ ਉੱਤੇ ਵਾਹੁਣ ਜਾਂ ਚਕੋਤੇ ’ਤੇ ਚੁੱਕਣ ਲਈ ਅਤੇ ਉਧਾਰ ਲੈਣ ਦੇਣ ਦੇ ਵਹੀ ਖ਼ਾਤੇ ਲਈ ਸਾਲ ਵਿੱਚ ਲੋਹੜੀ ਅਤੇ ਨਿਮਾਣੀ ਦੋ ਖ਼ਾਸ ਦਿਨ ਮੰਨੇ ਜਾਂਦੇ ਸਨ। ਦੂਜੇ ਸ਼ਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਪਹਿਲਾਂ ਪਹਿਲ ਪਿੰਡ ਦੇ ਲੋਕਾਂ ਦਾ ਆਰਥਿਕ ਵਰ੍ਹਾ ਲੋਹੜੀ ਦੇ ਤਿਉਹਾਰ ਤੋਂ ਹੀ ਆਰੰਭ ਹੁੰਦਾ ਸੀ।

ਨਵੇਂ ਸਾਲ ਦੀ ਸ਼ੁਰੂਆਤ ਅੰਗਰੇਜ਼ੀ ਮਹੀਨੇ ਅਨੁਸਾਰ ਇੱਕ ਜਨਵਰੀ ਤੋਂ ਹੁੰਦੀ ਹੈ। ਨਵੇਂ ਸਾਲ ਦੇ ਸ਼ੁਰੂ ਵਿੱਚ ਆਉਂਦਾ ਇਹ ਤਿਉਹਾਰ ਲੋਹੜੀ ਆਮ ਤੌਰ ’ਤੇ ਤੇਰ੍ਹਾਂ ਜਨਵਰੀ ਨੂੰ ਮਨਾਇਆ ਜਾਂਦਾ ਹੈ। ਦੇਸੀ ਮਹੀਨਿਆਂ ਅਨੁਸਾਰ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਲੋਹੜੀ ਦਾ ਤਿਉਹਾਰ ਮਨਾਉਣ ਦੀ ਰੀਤ ਸਦੀਆਂ ਪੁਰਾਣੀ ਦੱਸੀ ਜਾਂਦੀ ਹੈ।

ਮੁੱਢ ਤੋਂ ਹੀ ਪੰਜਾਬ ਅਤੇ ਇਸ ਦੇ ਆਲੇ ਦੁਆਲੇ ਦੇ ਰਾਜ ਖੇਤੀ ਪ੍ਰਧਾਨ ਸੂਬੇ ਰਹੇ ਹਨ। ਪੁਰਾਤਨ ਸਮੇਂ ਤੋਂ ਹੀ ਜਦੋਂ ਬਿਜਲੀ ਵੀ ਨਹੀਂ ਆਈ ਸੀ। ਖੇਤੀਬਾੜੀ ਦੇ ਸਾਧਨ ਵੀ ਇੰਨੇਂ ਵਿਕਸਤ ਨਹੀਂ ਹੋਏ ਸਨ। ਉਦੋਂ ਬਹੁਤੀਆਂ ਫ਼ਸਲਾਂ ਮੀਂਹ ਦੇ ਪਾਣੀ ’ਤੇ ਹੀ ਨਿਰਭਰ ਕਰਦੀਆਂ ਸਨ। ਉਦੋਂ ਮੋਠ ਅਤੇ ਬਾਜਰੇ ਦੀ ਫ਼ਸਲ ਹੀ ਵਧੇਰੇ ਉਗਾਈ ਜਾਂਦੀ ਸੀ, ਕਿਉਂਕਿ ਇਨ੍ਹਾਂ ਫ਼ਸਲਾਂ ਨੂੰ ਵਧੇਰੇ ਸਿੰਚਾਈ ਕਰਨ ਦੀ ਲੋੜ ਨਹੀਂ ਸੀ।

ਮੋਠ ਬਾਜਰਾ ਆਮ ਹੋਣ ਕਾਰਨ ਇਨ੍ਹਾਂ ਨੂੰ ਮਿਲਾ ਕੇ ਹਾਰੇ ਵਿੱਚ ਲੋਹੜੀ ਵਾਲੀ ਸ਼ਾਮ ਖਿਚੜੀ ਧਰ ਦਿੱਤੀ ਜਾਂਦੀ ਸੀ। ਉਹ ਹਾਰੇ ਦੀ ਮੱਠੀ-ਮੱਠੀ ਅੱਗ ’ਤੇ ਹੌਲੀ-ਹੌਲੀ ਸਾਰੀ ਰਾਤ ਰਿੱਝਦੀ ਰਹਿੰਦੀ ਸੀ। ਅਗਲੇ ਦਿਨ ਸਵੇਰ ਤੱਕ ਹਾਰੇ ਵਿੱਚ ਪਾਥੀਆਂ ਦੀ ਭੁੱਬਲ ਉੱਤੇ ਖਿਚੜੀ ਨਿੱਘੀ ਰਹਿੰਦੀ ਸੀ। ਇਸ ਲਈ ਕਿਹਾ ਜਾਂਦਾ ਸੀ –

**ਪੋਹ ਰਿੰਨ੍ਹੀ, ਮਾਘ ਖਾਧੀ।**

ਸਮੇਂ ਦੇ ਬਦਲਣ ਨਾਲ ਪੰਜਾਬ ਵਿੱਚ ਚੌਲਾਂ ਦਾ ਉਤਪਾਦਨ ਵਧੇਰੇ ਹੋਣ ਕਾਰਨ ਚੰਗੇ ਸਰਦੇ ਪੁੱਜਦੇ ਘਰਾਂ ਵੱਲੋਂ ਖਿਚੜੀ ਦੀ ਥਾਂ ਦੁੱਧ ਦੀ ਜਾਂ ਗੰਨੇ ਦੇ ਰਸ ਦੀ ਖ਼ੀਰ ਵੀ ਬਣਾਈ ਜਾਣ ਲੱਗ ਪਈ ਹੈ।

ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਸ਼ਾਹਕਾਰ ਕ੍ਰਿਤ ਮੇਰਾ ਪਿੰਡ ਵਿੱਚ ਲਿਖਿਆ ਹੈ, ‘ਪਹਿਲਾਂ ਲੋਹੜੀ ਵਾਲੀ ਸ਼ਾਮ ਨੂੰ ਪਿੰਡ ਦੇ ਲੋਕ ਦਰਵਾਜ਼ੇ ਮੂਹਰੇ ਖ਼ਾਸ ਤੌਰ ’ਤੇ ਜੁੜਦੇ ਸਨ। ਜਿਸ ਘਰ ਇਸ ਵਰ੍ਹੇ ਮੁੰਡਾ ਜੰਮਿਆ ਹੋਵੇ, ਉਸ ਘਰੋਂ ਗੁੜ ਦੀਆਂ ਭੇਲੀਆਂ ਦਰਵਾਜ਼ੇ ਪੁੱਜਦੀਆਂ ਸਨ। ਜਦੋਂ ਸਾਰੇ ਘਰਾਂ ਤੋਂ ਗੁੜ ਦੀਆਂ ਭੇਲੀਆਂ ਇਕੱਠੀਆਂ ਹੋ ਜਾਂਦੀਆਂ ਤਾਂ ਪਿੰਡ ਦੇ ਇੱਕ ਦੋ ਵਰਤਾਵਿਆਂ ਦੀ ਡਿਊਟੀ ਲਾ ਦਿੱਤੀ ਜਾਂਦੀ। ਵਰਤਾਵੇ ਇਨ੍ਹਾਂ ਭੇਲੀਆਂ ਨੂੰ ਗੁੜ-ਭੰਨਣੇ ਨਾਲ ਭੰਨ ਕੇ ਰਲਾ ਲੈਂਦੇ। ਫ਼ਿਰ ਸੱਥ ਵਿੱਚ ਬੈਠੇ ਲੋਕਾਂ ਨੂੰ ਇਹ ਪਿੰਡ ਦੀਆਂ ‘ਸਾਂਝੀਆਂ ਵਧਾਈਆਂ ਦਾ ਗੁੜ’ ਵੰਡ ਦਿੰਦੇ ਸਨ।’

ਲੋਹੜੀ ਦੇ ਤਿਉਹਾਰ ਸੰਬੰਧੀ ਡਾਕਟਰ ਮਹਿੰਦਰ ਸਿੰਘ ਵਣਜਾਰਾ ਬੇਦੀ ਨੇ ਲਿਖਿਆ ਹੈ, ‘ਲੋਹੜੀ, ਪੰਜਾਬ ਵਿੱਚ ਪ੍ਰਚੱਲਿਤ ਕਿਸੇ ਸਮੇਂ ਸੂਰਜ ਦੇਵਤਾ ਦੀ ਕੀਤੀ ਜਾਂਦੀ ਪੂਜਾ ਦੀ ਹੀ ਰਹਿੰਦ ਖੂਹੰਦ ਹੈ। ਕੱਤਕ ਦੇ ਮਹੀਨੇ ਸੂਰਜ ਧਰਤੀ ਤੋਂ ਕਾਫ਼ੀ ਦੂਰ ਹੁੰਦਾ ਹੈ। ਉਸ ਦੀਆਂ ਕਿਰਣਾਂ ਧਰਤੀ ਉੱਤੇ ਪਹੁੰਚਦਿਆਂ ਬਹੁਤੀਆਂ ਗਰਮ ਨਹੀਂ ਰਹਿੰਦੀਆਂ। ਪੁਰਾਤਨ ਕਾਲ ਵਿੱਚ ਲੋਕ ਇਸ ਪ੍ਰਕਿਰਿਆ ਨੂੰ ਸੂਰਜ ਦੀ ਤਪਸ਼ ਘੱਟ ਜਾਣ ਨਾਲ ? ਜੋੜਦੇ ਸਨ। ਸੂਰਜ ਦੇ ਚਾਨਣ ਅਤੇ ਤਪਸ਼ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲ ?ੀ ਜਾਂਦੀ ਸੀ। ਇਸ ਪ੍ਰਕਾਰ ਇਹ ਲੋਕ ਮਨ ਦੀ ਹੀ ਇੱਕ ਪ੍ਰਵਿਰਤੀ ਸੂਰਜ ਨੂੰ ਰੌਸ਼ਨੀ ਅਤੇ ਗਰਮੀ ਦੇਣ ਦਾ ਪੁਰਾਤਨ ਲੋਕਧਾਰਾਈ ਢੰਗ ਸੀ।’

ਲੋਹੜੀ ਦਾ ਤਿਉਹਾਰ ਪੋਹ ਮਹੀਨੇ ਦੀ ਆਖ਼ਰੀ ਰਾਤ ਨੂੰ ਮਾਘ ਮਹੀਨੇ ਤੋਂ ਇੱਕ ਦਿਨ ਪਹਿਲਾਂ ਬਹੁਤ ਹੀ ਖ਼ੁਸ਼ੀਆਂ, ਖੇੜੇ, ਚਾਵਾਂ ਮਲ੍ਹਾਰਾਂ ਅਤੇ ਰੀਝਾਂ ਨਾਲ ਮਨਾਇਆ ਜਾਣ ਵਾਲਾ ਪੰਜਾਬੀਆਂ ਦਾ ਸਰਬ ਸਾਂਝਾ ਤਿਉਹਾਰ ਹੈ।

ਲੋਹੜੀ ਦੇ ਤਿਉਹਾਰ ਨਾਲ ਕਈ ਦੰਤ ਕਥਾਵਾਂ ਵੀ ਜੁੜੀਆਂ ਹੋਈਆਂ ਮਿਲਦੀਆਂ ਹਨ। ਇੱਕ ਕਥਾ ਅਨੁਸਾਰ ਲੋਹੜੀ ਦੇ ਤਿਉਹਾਰ ਦਾ ਸੰਬੰਧ ਭਗਤੀ ਲਹਿਰ ਦੇ ਮਹਾਨ ਭਗਤ, ਭਗਤ ਕਬੀਰ ਜੀ ਦੀ ਪਤਨੀ ‘ਲੋਈ’ ਦੇ ਨਾਂ ਨਾਲ ਵੀ ਜੋੜਿਆ ਜਾਂਦਾ ਹੈ।

ਕੁਝ ਇੱਕ ਦੀ ਇਹ ਧਾਰਨਾ ਬਣੀ ਹੋਈ ਹੈ ਕਿ ‘ਲੋਹੜੀ ਸ਼ਬਦ ਲੋਹ ਤੋਂ ਪਿਆ ਹੈ, ਜਿਸ ਦਾ



ਅਰਥ ਹੈ ਰੌਸ਼ਨੀ ਅਤੇ ਸੇਕ।’ ਇੱਕ ਹੋਰ ਕਥਾ ਅਨੁਸਾਰ ਲੋਹੜੀ ਸ਼ਬਦ ਤਿਲੋਹੜੀ ਤਿਲ, ਲੋਅ, ਅੱਗ ਤੋਂ ਬਣਿਆ ਹੈ। ਕਿਉਂਕਿ ਪਹਿਲਾਂ ਤਿਲ ਪੰਜਾਬ ਦੀ ਮੁੱਖ ਫ਼ਸਲ ਸੀ। ਇਸ ਕਰਕੇ ਤਿਲ ਅਤੇ ਗੁੜ ਨੂੰ ਮਿਲਾ ਕੇ ਰਿਓੜੀਆਂ ਅਤੇ ਗੱਚਕ ਬਣਾਈ ਜਾਂਦੀ ਸੀ। ਪਹਿਲਾਂ ਤਾਂ ਜਵਾਰ ਦੇ ਭੂਤ ਪਿੰਨੇ ਵੀ ਬਣਾਏ ਜਾਂਦੇ ਸਨ। ਇੱਥੋਂ ਹੀ ਪੰਜਾਬੀ ਦੀ ਇੱਕ ਲੋਕ ਉਕਤੀ ਪ੍ਰਸਿੱਧ ਹੋਈ ਜਾਪਦੀ ਹੈ–

‘ਮਖਿਆਂ, ਕੀ ਸੁਆਹ ਦੇ ਪਿੰਨਿਆਂ ਪਿੱਛੇ ਭੂਤ ਰਸਾਉਣੇ ਐਂ।’

ਲੋਹੜੀ ਦੇ ਤਿਉਹਾਰ ਦਾ ਸੰਬੰਧ ਪੰਜਾਬ ਦੇ ਲੋਕ ਸਾਹਿਤ ਵਿੱਚ ਪੰਜਾਬੀਆਂ ਦੇ ਹਰਮਨ ਪਿਆਰੇ ਲੋਕ ਨਾਇਕ ‘ਦੁੱਲਾ ਭੱਟੀ’ ਨਾਲ ਵੀ ਜੁੜਿਆ ਹੋਇਆ ਮਿਲਦਾ ਹੈ। ਦੁੱਲਾ ਸਾਂਦਲ ਬਾਰ ਦਾ ਜੰਮਪਲ ਫ਼ਰੀਦ ਖ਼ਾਂ ਦਾ ਪੁੱਤਰ ਅਤੇ ਭੱਟੀ ਰਾਜਪੂਤ ਖ਼ਾਨਦਾਨ ਨਾਲ ਸੰਬੰਧ ਰੱਖਦਾ ਸੀ। ਉਸ ਦੇ ਪਿਉ ਦਾਦੇ ਬੜੇ ਬਹਾਦਰ, ਅਣਖੀਲੇ, ਸੂਰਬੀਰ, ਯੋਧੇ ਸਨ। ਉਹ ਮੁਗ਼ਲਾਂ ਵੱਲੋਂ ਜਨ-ਸਧਾਰਨ ਉੱਤੇ ਕੀਤੇ ਜ਼ੁਲਮਾਂ ਕਾਰਨ ਉਨ੍ਹਾਂ ਦੀ ਧੌਂਸ ਨਹੀਂ ਸਨ ਮੰਨਦੇ। ਇਸ ਕਰਕੇ ਉਹ ਮਾਮਲਾ ਵੀ ਨਹੀਂ ਦਿੰਦੇ ਸਨ।



ਪੰਜਾਬੀ ਲੋਕ ਕਥਾ ਅਨੁਸਾਰ ਮੁਗ਼ਲ ਬਾਦਸ਼ਾਹ ਅਕਬਰ ਨੇ ਸ਼ਾਹੀ ਫੌਜਾਂ ਦੇ ਜ਼ੋਰ ਨਾਲ ਦੁੱਲੇ ਭੱਟੀ ਦੇ ਪਿਉ ਦਾਦੇ ਨੂੰ ਕੈਦ ਕਰਕੇ ਬਾਅਦ ਵਿੱਚ ਲਾਹੌਰ ਵਿੱਚ ਉਨ੍ਹਾਂ ਦਾ ਕਤਲ ਕਰਵਾ ਦਿੱਤਾ ਸੀ। ਮੁਗ਼ਲਾਂ ਵੱਲੋਂ ਜਨ-ਸਧਾਰਨ ਵਿੱਚ ਆਪਣੀ ਸ਼ਕਤੀ ਦੀ ਦਹਿਸ਼ਤ ਪਾਉਣ ਲਈ ਉਨ੍ਹਾਂ ਦੀਆਂ ਖੱਲਾਂ ਵਿੱਚ ਤੂੜੀ ਭਰਵਾ ਕੇ ਸ਼ਹਿਰ ਦੇ ਮੁੱਖ ਦਰਵਾਜ਼ੇ ਉੱਤੇ ਟੰਗਵਾ ਦਿੱਤੀਆਂ ਸਨ –

**‘ਤੇਰਾ ਸਾਂਦਲ ਦਾਦਾ ਮਾਰਿਆ, ਦਿੱਤਾ ਭੋਰੇ ’ਚ ਪਾ,**
**ਮੁਗ਼ਲਾਂ ਪੁੱਠੀਆਂ ਖੱਲਾਂ ਲਾਹ ਕੇ, ਭਰੀਆਂ ਨਾਲ ਹਵਾ।’**

ਦੁੱਲਾ ਭੱਟੀ ਮੁੱਢ ਤੋਂ ਹੀ ਅਣਖ਼ ਵਾਲਾ, ਸੂਰਬੀਰ ਯੋਧਾ ਸੀ। ਆਪਣੇ ਪਿਉ ਦਾਦੇ ਦੇ ਕਤਲ ਦਾ ਬਦਲਾ ਲੈਣ ਦੀ ਅੱਗ ਉਹਦੇ ਸੀਨੇ ਵਿੱਚ ਸਦਾ ਭੜਕਦੀ ਰਹਿੰਦੀ ਸੀ। ਇੱਕ ਤਾਂ ਉਸ ਨੇ ਮੁਗ਼ਲ ਹਕੂਮਤ ਨੂੰ ਸਰਕਾਰੀ ਮਾਮਲਾ ਦੇਣਾ ਬੰਦ ਕਰ ਦਿੱਤਾ। ਦੂਜਾ ਸ਼ਾਹੀ ਦਰਬਾਰ ਲਈ ਲਿਜਾਏ ਜਾਂਦੇ ਘੋੜਿਆਂ ਅਤੇ ਹੋਰ ਮਹਿੰਗੇ ਤੋਹਫ਼ਿਆਂ ਨੂੰ ਉਹ ਆਪਣੇ ਸਾਥੀਆਂ ਨਾਲ ਰਾਹ ਵਿੱਚ ਹੀ ਲੁੱਟ ਲੈਂਦਾ ਸੀ। ਲੁੱਟਿਆ ਹੋਇਆ ਧਨ ਦੌਲਤ ਉਹ ਲੋੜਵੰਦਾਂ, ਗ਼ਰੀਬਾਂ ਮਸਕੀਨਾਂ ਕੰਮੀਆਂ ਕਿਰਤੀਆਂ ਵਿੱਚ ਵੰਡ ਦਿੰਦਾ ਸੀ। ਇਸ ਪ੍ਰਕਾਰ ਸ਼ਾਹੀ ਫੌਜਾਂ ਦਾ ਬਾਗ਼ੀ ਜਨ ਸਧਾਰਨ ਲਈ ‘ਲੋਕ ਨਾਇਕ’ ਬਣ ਗਿਆ। ਪੰਜਾਬੀਆਂ ਦੇ ਹਰਮਨ ਪਿਆਰੇ ਲੇਖਕ ਹਰਦੇਵ ਦਿਲਗੀਰ, ਥਰੀਕੇ ਵਾਲ? ਨੇ ਇੱਕ ਗੀਤ ਵਿੱਚ ਦੁੱਲ੍ਹੇ ਭੱਟੀ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਦੇ ਲਿਖਿਆ ਹੈ –

**‘ਲਵੇ ਬਦਲਾ ਦਾਦੇ ਬਾਪ ਦਾ,**
**ਦੁੱਲਾ ਭੱਟੀਆਂ ਦਾ ਸਰਦਾਰ ਨੀਂ।**
**ਗੱਲਾਂ ਕਰੂ ਥਰੀਕੇ ਵਾਲੜਾ,**
**ਕਿਤੇ ਹੋ ਗੇ ਜੇ ਹੱਥ ਚਾਰ ਨੀਂ।’**

ਦੁੱਲਾ ਭੱਟੀ ਦੇ ਜੀਵਨ ਨਾਲ ਸੰਬੰਧਿਤ ਪਰਉਪਕਾਰ ਦੀਆਂ ਕਈ ਘਟਨਾਵਾਂ ਦਾ ਜ਼ਿਕਰ ਪੰਜਾਬੀ ਲੋਕ ਸਾਹਿਤ ਵਿੱਚ ਕੀਤਾ ਗਿਆ ਮਿਲਦਾ ਹੈ। ਇੱਕ ਕਥਾ ਅਨੁਸਾਰ ਇੱਕ ਗ਼ਰੀਬ ਪੰਡਿਤ ਦੀਆਂ ਸੁੰਦਰੀ ਅਤੇ ਮੁੰਦਰੀ ਨਾਂ ਦੀਆਂ ਦੋ ਬਹੁਤ ਹੀ ਜ਼ਿਆਦਾ ਖ਼ੂਬਸੂਰਤ ਧੀਆਂ ਸਨ। ਧੀਆਂ ਦੇ ਜੁਆਨ ਹੋਣ ’ਤੇ ਪਿਤਾ ਨੇ ਇੱਕੋ ਘਰ ਦੇ ਦੋ ਜੁਆਨ ਮੁੰਡੇ ਵੇਖ ਕੇ ਉਨ੍ਹਾਂ ਨਾਲ ਰਿਸ਼ਤਾ ਕਰ ਦਿੱਤਾ। ਜਦੋਂ ਮੁਗ਼ਲ ਸਰਦਾਰ ਨੂੰ ਪੰਡਿਤ ਦੀਆਂ ਸੋਹਣੀਆਂ ਧੀਆਂ ਦੀ ਭਿਣਕ ਪਈ ਤਾਂ ਉਸ ਨੇ ਦੋਵੇਂ ਕੁੜੀਆਂ ਨੂੰ ਉਧਾਲ ਕੇ ਲਿਜਾਣ ਦੀ ਯੋਜਨਾ ਬਣਾ ਲਈ। ਕਿਸੇ ਤਰ੍ਹਾਂ ਕੁੜੀਆਂ ਦੇ ਪਿਉ ਨੂੰ ਵੀ ਪਤਾ ਲੱਗ ਗਿਆ। ਉਸ ਨੇ ਕੁੜੀ ਦੇ ਸਹੁਰਿਆਂ ਦੇ ਘਰ ਸੁਨੇਹਾ ਘੱਲ ਦਿੱਤਾ ਕਿ ਅੱਜ ਰਾਤ ਨੂੰ ਦੋਵੇਂ ਕੁੜੀਆਂ ਨੂੰ ਵਿਆਹ ਕੇ ਲੈ ਜਾਵੋ। ਪੰਡਿਤ ਬਹੁਤ ਜ਼ਿਆਦਾ ਗ਼ਰੀਬ ਸੀ। ਇਸ ਲਈ ਉਹ ਮੱਦਦ ਮੰਗਣ ਲਈ ਪਿੰਡ ਦੇ ਨੇੜਲੇ ਜੰਗਲ ਵਿੱਚ ਚਲਾ ਗਿਆ, ਜਿੱਥੇ ਦੁੱਲਾ ਭੱਟੀ ਆਪਣੇ ਸਾਥੀਆਂ ਨਾਲ ਰਹਿ ਰਿਹਾ ਸੀ। ਪੰਡਿਤ ਦੀ ਸਾਰੀ ਗੱਲ ਸੁਣ ਕੇ ਦੁੱਲੇ ਭੱਟੀ ਨੇ ਉਸ ਨੂੰ ਆਖਿਆ –

‘ਪੰਡਿਤ ਜੀ, ਤੁਸੀਂ ਕੋਈ ਫ਼ ?ਕਰ ਨਾ ਕਰੋ। ਉਹ ਹੁਣ ਮੇਰੀਆਂ ਧੀਆਂ ਹਨ। ਮੈਂ ਆਪਣੇ ਹੱਥੀਂ ਆਪਣੀਆਂ ਧੀਆਂ ਨੂੰ ਵਿਆਹ ਕੇ ਵਿਦਾ ਕਰਾਂਗਾ।’

ਇਸ ਉਪਰੰਤ ਦੁੱਲੇ ਭੱਟੀ ਨੇ ਉਸ ਪੰਡਿਤ ਦੇ ਘਰ ਪੁੱਜ ਕੇ ਸੁੰਦਰੀ ਅਤੇ ਮੁੰਦਰੀ ਦੋਵਾਂ ਕੁੜੀਆਂ ਦੇ ਵਿਆਹ ਆਪ ਕੀਤੇ। ਕੁੜੀਆਂ ਦੀ ਝੋਲ ?ੀ ਵਿੱਚ ਸ਼ੱਕਰ ਪਾ ਕੇ ਉਨ੍ਹਾਂ ਨੂੰ ਵਿਦਾ ਕੀਤਾ।

ਇਸ ਘਟਨਾ ਤੋਂ ਬਾਅਦ ਦੁੱਲਾ ਭੱਟੀ ਸਾਰੇ ਪੰਜਾਬੀਆਂ ਵਿੱਚ ਇੰਨਾਂ ਜ਼ਿਆਦਾ ਹਰਮਨਪਿਆਰਾ ਹੋ ਗਿਆ ਕਿ ਲੋਕਾਂ ਨੇ ਉਹਦੇ ਨਾਂ ਨਾਲ ਜੋੜ ਕੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ–

**ਸੁੰਦਰ ਮੁੰਦਰੀਏ, ਹੋ !**
**ਤੇਰਾ ਕੌਣ ਵਿਚਾਰਾ, ਹੋ !**
**ਦੁੱਲਾ ਭੱਟੀ ਵਾਲਾ, ਹੋ !**
**ਦੁੱਲੇ ਧੀ ਵਿਆਹੀ, ਹੋ !**
**ਸੇਰ ਸ਼ੱਕਰ ਪਾਈ, ਹੋ !**
**ਕੁੜੀ ਦੇ ਬੋਝੇ ਪਾਈ, ਹੋ !**
**ਕੁੜੀ ਦਾ ਲਾਲ ਪਟਾਕਾ, ਹੋ !**
**ਕੁੜੀ ਦਾ ਸਾਲੂ ਪਾਟਾ, ਹੋ !**
**ਸਾਲੂ ਕੌਣ ਸਮੇਟੇ, ਹੋ !**
**ਚਾਚਾ ਗਾਲੀ ਦੇਸੇ,ਹੋ !**
**ਚਾਚਾ ਚੂਰੀ ਕੁੱਟੀ, ਹੋ !**
**ਜ਼ਿੰਮੀਂਦਾਰਾਂ ਲੁੱਟੀ, ਹੋ !**
**ਜ਼ਿੰਮੀਂਦਾਰ ਸਦਾਓ, ਹੋ !**
**ਗਿਣ ਗਿਣ ਪੌਲੇ ਲਾਓ, ਹੋ !**
**ਇੱਕ ਪੌਲਾ ਘਸ ਗਿਆ, ਹੋ !**
**ਜ਼ਿੰਮੀਂਦਾਰ ਵਹੁਟੀ ਲੈ ਕੇ ਨੱਸ ਗਿਆ, ਹੋ।**
**ਹੋ-ਹੋ-ਹੋ-ਹੋ-ਹੋ-ਹੋ-ਹੋ।**

ਇਹ ਵੀ ਇੱਕ ਰਵਾਇਤ ਚੱਲਦੀ ਆ ਰਹੀ ਹੈ ਕਿ ਸਗਨਾਂ ਵਜੋਂ ਲੋਹੜੀ ਦੇ ਤਿਉਹਾਰ ਉੱਤੇ ਗੰਨਾ ਪੱਟ ਕੇ ਚੂਪਿਆ ਜਾਂਦਾ ਸੀ। ਖ਼ਿਆਲ ਕੀਤਾ ਜਾਂਦਾ ਸੀ ਕਿ ਲੋਹੜੀ ਦੇ ਤਿਉਹਾਰ ਤੱਕ ਗੰਨੇ ਵਿੱਚ ਪੂਰਾ ਰਸ ਭਰ ਜਾਂਦਾ ਹੈ। ਪਹਿਲਾਂ ਪਹਿਲ ਮੂਲੀ ਵੀ ਲੋਹੜੀ ਵਾਲੇ ਦਿਨ ਪੱਟ ਕੇ ਅਗਲੇ ਦਿਨ ਖਾਧੀ ਜਾਂਦੀ ਸੀ। ਪਰੰਤੂ ਖੇਤੀ ਬਾੜੀ ਦੇ ਧੰਦੇ ਵਿੱਚ ਇਨਕਲਾਬੀ ਤਬਦੀਲੀ ਆਉਣ ਕਾਰਨ ਫ਼ਸਲਾਂ ਹੁਣ ਅਗੇਤੀਆਂ ਹੋ ਗਈਆਂ ਹਨ। ਇਸ ਕਰਕੇ ਮੂਲੀ ਤਾਂ ਸਤੰਬਰ ਮਹੀਨੇ ਤੋਂ ਹੀ ਖਾਧੀ ਜਾਣੀ ਆਰੰਭ ਹੋ ਜਾਂਦੀ ਹੈ। ਪਹਿਲਾਂ ਲੋਹੜੀ ਦੀ ਅੱਗ ਦੇ ਉੱਤੋਂ ਦੀ ਮੂਲੀਆਂ ਚੁਹਾ ਕੇ ਅਗਲੇ ਮਾਘੀ ਵਾਲੇ ਦਿਨ ਖਾਧੀਆਂ ਜਾਂਦੀਆਂ ਸਨ।

ਪਹਿਲਾਂ ਪਿੰਡਾਂ ਦੇ ਦਰਵਾਜ਼ਿਆਂ ਮੂਹਰੇ ਅਤੇ ਸ਼ਹਿਰਾਂ ਦੇ ਮੁਹੱਲਿਆਂ ਵਿੱਚ ਲੋਹੜੀ ਵਾਲੇ ਦਿਨ ਪਾਥੀਆਂ ਅਤੇ ਲੱਕੜਾਂ ਇਕੱਠੀਆਂ ਕਰਕੇ ਧੂਣੀਆਂ ਲਾਈਆਂ ਜਾਂਦੀਆਂ ਸਨ। ਜਿਨ੍ਹਾਂ ਉੱਤੇ ਅੱਧੀ ਰਾਤ ਤੱਕ ਕੁੜੀਆਂ ਮੁੰਡੇ ਧਮਾਲਾਂ ਪਾ ਪਾ ਨੱਚਦੇ ਟੱਪਦੇ ਅਤੇ ਗਾਉਂਦੇ ਰਹਿੰਦੇ ਸਨ।

ਲੋਹੜੀ ਦੇ ਤਿਉਹਾਰ ਤੋਂ ਲਗਪਗ ਇੱਕ ਹਫ਼ਤਾ ਪਹਿਲਾਂ ਛੋਟੇ-ਛੋਟੇ ਮੁੰਡੇ ਕੁੜੀਆਂ ਟੋਲੀਆਂ ਬਣਾ ਕੇ, ਜਿਸ ਜਿਸ ਘਰ ਇਸ ਸਾਲ ਮੁੰਡਾ ਹੋਇਆ ਹੁੰਦਾ ਹੈ, ਗੁੜ, ਤਿਲ ਅਤੇ ਖਾਣ ਵਾਲੀਆਂ ਹੋਰ ਵਸਤਾਂ ਮੰਗਣ ਜਾਂਦੇ ਸਨ। ਬਾਲਾਂ ਦੀਆਂ ਟੋਲੀਆਂ ਨਿੱਕੀਆਂ-ਨਿੱਕੀਆਂ ਤੋਤਲੀਆਂ ਜ਼ੁਬਾਨਾਂ ਨਾਲ ਗੁੜ ਮੰਗਦੀਆਂ ਬਹੁਤ ਹੀ ਪਿਆਰੀਆਂ ਅਤੇ ਚੰਗੀਆਂ ਲੱਗਦੀਆਂ –

**ਤਿਲ ਛੰਡੇ ਛੰਡ ਛੰਡਾਏ, ਗੁੜ ਦੇਹ ਮੁੰਡੇ ਦੀਏ ਮਾਏ।**
**ਅਸੀਂ ਗੁੜ ਨਹੀਂ ਲੈਣਾ ਥੋੜ੍ਹਾ, ਅਸੀਂ ਲੈਣਾ ਗੁੜ ਦਾ ਰੋੜਾ।**
**ਪੂੰਨੂੰ ਨੂੰ ਸਾਡੀ ਰਾਮ ਰਾਮ, ਸੀਤਾ ਨੂੰ ਸਾਡੀ ਜੈ ਜੈ ਰਾਮ।**



**ਕੋਠੀ ਹੇਠ ਚਾਕੂ, ਗੁੜ ਦੇਊ ਮੁੰਡੇ ਦਾ ਬਾਪੂ।**
**ਕੋਠੇ ਉੱਤੇ ਕਾਂ, ਗੁੜ ਦੇ ਏ ਮੁੰਡੇ ਦੀ ਮਾਂ।**
**ਉੱਖਲੀ 'ਚ ਛੱਕੇ, ਤੇਰਾ ਪੁੱਤ ਚੜ੍ਹੇ ਧੱਕੇ।**
**ਸਾਡੀ ਲੋਹੜੀ ਮਨਾ ਦੇ।**
**ਉੱਖਲੀ 'ਚ ਧਾਥੀ, ਤੇਰਾ ਪੁੱਤ ਚੜ੍ਹੇ ਹਾਥੀ।**
**ਸਾਡੀ ਲੋਹੜੀ ਮਨਾ ਦੇ।**

ਛੋਟੇ ਬਾਲਾਂ ਦੀਆਂ ਇਨ੍ਹਾਂ ਟੋਲੀਆਂ ਨੇ ਗੁੜ ਦੇ ਨਾਲ-ਨਾਲ ਧੂਣੀ ਬਾਲਣ ਲਈ ਪਾਥੀਆਂ ਅਤੇ ਲੱਕੜਾਂ ਵੀ ਤਾਂ ਇਕੱਠੀਆਂ ਕਰਨੀਆਂ ਹੁੰਦੀਆਂ ਸਨ। ਇਸ ਲਈ ਤੁਰੇ ਜਾਂਦਿਆਂ ਹਰੇਕ ਘਰ ਦੇ ਦਰਵਾਜ਼ੇ ਅੱਗੇ ਇਹ ਧਾਰਨਾ ਵੀ ਲਾਈ ਜਾਂਦੀ ਸੀ –

**ਕੁੱਪੀਏ ਨੀ ਕੁੱਪੀਏ, ਅਸਮਾਨ ਤੇ ਲੁੱਟੀਏ।**
**ਅਸਮਾਨ ਪੁਰਾਣਾ, ਛਿੱਕ ਬੰਨ੍ਹ ਤਾਣਾ।**
**ਲੰਗਰੀ 'ਚ ਦਾਲ, ਮਾਰ ਮੱਥੇ ਨਾਲ।**
**ਮੱਥਾ ਤੇਰਾ ਵੱਡਾ, ਲਿਆ ਲੱਕੜੀਆਂ ਦਾ ਗੱਡਾ।**

ਇਸ ਤਰ੍ਹਾਂ ਪਾਥੀਆਂ ਅਤੇ ਲੱਕੜਾਂ ਇਕੱਠੀਆਂ ਕਰਦਿਆਂ ਨੂੰ ਦੂਜਾ ਵਧਾਈ ਵਾਲਾ ਘਰ ਆ ਜਾਂਦਾ। ਫ਼ਿਰ ਨਵੇਂ ਗੀਤ ਦੀ ਤੰਦ ਛੋਹ ਲਈ ਜਾਂਦੀ –

**ਚੱਲ ਓਏ ਮਿੱਤੂ ਗਾਹੇ ਨੂੰ, ਬਾਬੇ ਵਾਲੇ ਰਾਹੇ ਨੂੰ।**
**ਜਿੱਥੇ ਬਾਬਾ ਮਾਰਿਆ, ਦਿੱਲੀ ਕੋਟ ਸਵਾਰਿਆ।**
**ਦਿੱਲੀ ਕੋਟ ਦੀਆਂ ਰੋਟੀਆਂ, ਜਿਊਣ ਸਾਧੂ ਦੀਆਂ ਝੋਟੀਆਂ।**
**ਝੋਟੀਆਂ ਗਲ ਪੰਜਾਲੀ, ਜੀਊਣ ਸਾਧੂ ਦੇ ਹਾਲੀ।**
**ਹਾਲੀਆਂ ਪੈਰੀਂ ਜੁੱਤੀ, ਜੀਵੇ ਸਾਧੂ ਦੀ ਕੁੱਤੀ।**
**ਕੁੱਤੀ ਦੇ ਗਲ 'ਤੇ ਫੋੜਾ, ਜੀਵੇ ਸਾਧੂ ਦਾ ਘੋੜਾ।**
**ਘੋੜੇ ਉੱਤੇ ਕਾਠੀ, ਜੀਵੇ ਸਾਧੂ ਦਾ ਹਾਥੀ।**
**ਹਾਥੀ ਉੱਤੇ ਛਾਪੇ, ਜਿਊਣ ਸਾਧੂ ਦੇ ਮਾਪੇ।**
**ਲੋਹੜੀ ਬਈ ਲੋਹੜੀ, ਦਿਓ ਗੁੜ ਦੀ ਰੋੜੀ।**

ਇਹੋ ਜਿਹੀਆਂ ਪਿਆਰੀਆਂ ਅਤੇ ਤੋਤਲੀਆਂ ਆਵਾਜ਼ਾਂ ਵਿੱਚ ਗਾਏ ਗੀਤ ਸੁਣ ਕੇ ਹਰ ਇੱਕ ਦੀ ਰੂਹ ਨਸ਼ਿਆ ਜਾਂਦੀ। ਲੋਕਾਂ ਦੇ ਘਰਾਂ ਅੱਗੇ ਭੀੜ ਜਮ੍ਹਾਂ ਹੋ ਜਾਂਦੀ। ਕਈ ਘਰਾਂ ਵਾਲੇ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੇ ਹੋਏ ਹੋਣ ਕਾਰਨ ਲੋਹੜੀ ਵਾਲ ?ੀ ਟੋਲੀ ਨੂੰ ਗੁੜ, ਸ਼ੱਕਰ, ਤਿਲ ਆਦਿ ਦੇਣ ਵਿੱਚ ਦੇਰੀ ਕਰ ਦਿੰਦੇ। ਇਸ ਪ੍ਰਕਾਰ ਇਨ੍ਹਾਂ ਨੰਨ੍ਹੇ ਮੁੰਨੇ ਬਾਲ ਕਲਾਕਾਰਾਂ ਵੱਲੋਂ ਆਪਣੇ ਗੀਤਾਂ ਵਿੱਚ ਅੱਗੇ ਛੇਤੀ ਟੋਰਨ ਦੀ ਰਮਜ ਵੀ ਸੁੱਟ ਦਿੱਤੀ ਜਾਂਦੀ ਸੀ –

**ਰੱਤੇ ਚੀਰੇ ਵਾਲੀ!**
**ਸਾਡੇ ਪੈਰਾਂ ਹੇਠ ਸਲਾਈਆਂ,**
**ਅਸੀਂ ਕਿਹੜੇ ਵੇਲੇ ਦੀਆਂ ਆਈਆਂ।**
**ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਟੋਰ।**
**ਦੇਹ ਗੋਹਾ, ਖਾਹ ਖੋਆ। ਸੁੱਟ ਲੱਕੜ, ਖਾਹ ਸ਼ੱਕਰ।**
**ਲੋਹੜੀ ਬਈ ਲੋਹੜੀ, ਕਾਕਾ ਚੜ੍ਹਿਆ ਘੋੜੀ।**

ਜਦੋਂ ਪਾਥੀਆਂ ਅਤੇ ਲੱਕੜਾਂ ਇੱਕ ਥਾਂ ਇਕੱਠੀਆਂ ਕਰ ਲਈਆਂ ਜਾਂਦੀਆਂ, ਤਦ ਲੋਹੜੀ ਦਾ ਆਰੰਭ ਕੀਤਾ ਜਾਂਦਾ। ਪਾਥੀਆਂ ਅਤੇ ਲੱਕੜਾਂ ਦੇ ਢੇਰ ਨੂੰ ਇੱਕ ਸਥਾਨ 'ਤੇ ਇਕੱਠਾ ਕਰਕੇ ਧੂਣੀ ਬਾਲੀ ਜਾਂਦੀ ਹੈ। ਬਲ ?ਦੀ ਅੱਗ ਵਿੱਚ ਤਿਲ ਪਾ ਕੇ ਅਰਦਾਸ ਕੀਤੀ ਜਾਂਦੀ ਹੈ। ਇਸ ਪ੍ਰਕਾਰ ਇੱਕ ਤਰ੍ਹਾਂ ਨਾਲ ਅੱਗ ਦੀ ਪੂਜਾ ਕੀਤੀ ਜਾਂਦੀ ਹੈ।

ਜਦੋਂ ਤੋਂ ਮਨੁੱਖ ਨੇ ਅੱਗ ਦੀ ਕਾਢ ਕੱਢੀ ਹੈ, ਉਦੋਂ ਤੋਂ ਹੀ ਉਸ ਦੇ ਮਨ ਵਿੱਚ ਅਗਨੀ ਦੀ ਪੂਜਾ ਕਰਨ ਦਾ ਸੰਕਲਪ ਬੈਠਿਆ ਹੋਇਆ ਹੈ। ਹਵਨ ਕਰਨ ਦੀ ਰਸਮ ਵੀ ਸਿੱਧੇ ਤੌਰ 'ਤੇ ਅਗਨੀ ਨਾਲ ਸੰਬੰਧਿਤ ਹੈ।

ਅਸੀਂ ਬਲਦੀ ਧੂਣੀ ਵਿੱਚ ਤਿਲ ਪਾ ਕੇ ਮੱਥਾ ਟੇਕਦੇ ਹਾਂ। ਨਮਸਕਾਰ ਕਰਦੇ ਹਾਂ। ਇੱਕ ਅਰਦਾਸ ਕਰਦੇ ਹਾਂ। ਮੂੰਹੋਂ ਬੋਲਦੇ ਹਾਂ –



**'ਈਸ਼ਰ ਆ ਦਲਿੱਦਰ ਜਾਹ,**
**ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।'**

ਲੋਹੜੀ ਦੇ ਤਿਉਹਾਰ ਉੱਤੇ ਅਸੀਂ ਪ੍ਰਭੂ ਨੂੰ ਬੇਨਤੀ ਕਰਦੇ ਹਾਂ ਕਿ ਹੇ ਈਸ਼ਵਰ! ਤੁਸੀਂ ਸਾਨੂੰ ਸ਼ਕਤੀ ਦਿਓ। ਸਾਨੂੰ ਪਾਵਰ ਦਿਓ। ਅਸੀਂ ਐਕਟਿਵ ਹੋਈਏ। ਜੋ ਵੀ ਆਲਸੀ ਪੁਣਾ ਹੈ, ਉਸ ਨੂੰ ਜੜ੍ਹ ਤੋਂ ਪੁੱਟ ਕੇ ਅੱਗ ਵਿੱਚ ਸਾੜ੍ਹ ਦੇਈਏ। ਕਿਉਂਕਿ ਖੇਤੀ ਦੇ ਨਾਲ-ਨਾਲ ਕੋਈ ਵੀ ਕੰਮ ਧੰਦਾ ਅਸੀਂ ਕਰਨਾ ਹੈ, ਉਹਦੇ ਵਿੱਚ ਆਲਸ, ਸੁਸਤੀ, ਵਿਹਲੇ ਰਹਿਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਜਦੋਂ ਕਿਸੇ ਔਰਤ ਦਾ ਨਵਾਂ ਵਿਆਹ ਹੋਇਆ ਹੁੰਦਾ ਤਾਂ ਸਭ ਤੋਂ ਪਹਿਲਾਂ ਉਸ ਤੋਂ ਲੋਹੜੀ ਦੀ ਸ਼ੁਰੂਆਤ ਕਰਵਾਈ ਜਾਂਦੀ ਸੀ। ਅਰਥਾਤ ਉਹ ਧੂਣੀ ਨੂੰ ਬਾਲ ?ਦੀ ਸੀ। ਤਦ ਇਹ ਗੀਤ ਗਾਇਆ ਜਾਂਦਾ ਸੀ –

**ਕੀਹਨੇ ਨੀਂ ਲੋਹੜੀ ਉੱਖਣੀ,**
**ਕੀਹਦੀ ਬੰਨ੍ਹੋਂ ਨੇ ਭਰਿਆ ਥਾਲ ਵੇ, ਚੰਬੇ ਦਾ ਡਾਲ,**
**ਤੂੰ ਮੱਚ ਧਰਮੀਂ ਲੋਹੜੀਏ।**
**ਰਵਿੰਦਰ ਲੋਹੜੀ ਉੱਖਣੀ,**
**ਉਹਦੀ ਬੰਨ੍ਹੋਂ ਨੇ ਭਰਿਆ ਥਾਲ, ਚੰਬੇ ਦਾ ਡਾਲ,**
**ਤੂੰ ਮੱਚ ਧਰਮੀਂ ਲੋਹੜੀਏ!**

ਨਵੀਂ ਵਿਆਹੁਲੀ ਤੋਂ ਲੋਹੜੀ ਦੀ ਸ਼ੁਰੂਆਤ ਕਰਵਾਉਣ ਦਾ ਇੱਕੋ ਇੱਕ ਉਦੇਸ਼ ਇਹ ਹੁੰਦਾ ਸੀ ਕਿ ਅਗਲੀ ਲੋਹੜੀ ਤੋਂ ਪਹਿਲਾਂ- ਪਹਿਲਾਂ ਉਹ ਪੁੱਤਰ ਨੂੰ ਜਨਮ ਦੇਵੇਗੀ। ਉਦੋਂ ਖੇਤੀਬਾੜੀ ਹੀ ਮੁੱਖ ਧੰਦਾ ਹੋਣ ਕਾਰਨ ਪੁੱਤਰਾਂ ਨੂੰ ਧੀਆਂ ਨਾਲੋਂ ਕਿਤੇ ਵੱਧ ਤਰਜੀਹ ਦਿੱਤੀ ਜਾਂਦੀ ਸੀ।

ਲੋਹੜੀ ਤੋਂ ਅਗਲੇ ਦਿਨ ਮੂੰਹ ਹਨ੍ਹੇਰੇ ਜਦੋਂ ਲੋਹੜੀ ਨੂੰ ਇਕੱਠਾ ਕੀਤਾ ਜਾਂਦਾ ਸੀ। ਅਰਥਾਤ ਧੂਣੀ ਦੀ ਸੁਆਹ ਨੂੰ ਇਕੱਠਾ ਕਰਨਾ ਹੁੰਦਾ ਸੀ ਤਾਂ ਆਮ ਤੌਰ 'ਤੇ ਉਹ ਵਿਆਹੁਤਾ ਔਰਤ ਇਹ ਜ਼ਿੰਮੇਵਾਰੀ ਨਿਭਾਉਂਦੀ ਸੀ, ਜਿਸ ਦੇ ਵਿਆਹ ਨੂੰ ਕਾਫ਼ੀ ਸਾਲ ਹੋ ਚੁੱਕੇ ਹੋਣ ਦੇ ਬਾਵਜੂਦ ਵੀ ਉਹ ਬੇਔਲਾਦ ਹੁੰਦੀ ਸੀ। ਉਸ ਸਮੇਂ ਹੇਠ ਲਿਖਿਆ ਗੀਤ ਛੋਹ ਲਿਆ ਜਾਂਦਾ ਸੀ –

**ਸੁਖਦੀਪ ਕੁੜੀਏ!**
**ਤੂੰ ਕਿਉਂ ਹੋਈਓਂ ਦਿਲਗੀਰ।**
**ਬੱਚਾ ਦੇਊ ਜੋਗੀਪੀਰ।**
**ਤੇਰੀ ਜੱਗ ਵਿੱਚ ਰਲ ਜੂ ਸੀਰ।**
**ਲੋਹੜੀ ਥਾਪ ਦਿਓ ਨੀਂ।**
**ਵੱਢੋ ਜੰਡ ਤੇ ਕਰੀਰ। ਲੋਹੜੀ ਥਾਪ ਦਿਓ ਨੀਂ।**

ਅਸੀਂ ਜਾਣਦੇ ਹਾਂ ਕਿ ਜੰਡ ਅਤੇ ਕਰੀਰ ਉਜਾੜ, ਰੋਹੀ ਬੀਆਬਾਨ ਵਿੱਚ ਹੁੰਦੇ ਹਨ। ਹਰੀਆਂ ਭਰੀਆਂ ਫ਼ਸਲਾਂ ਉਪਜਾਊ ਅਤੇ ਪੱਧਰੀ ਧਰਤੀ ਉੱਤੇ ਉਗਾਈਆਂ ਜਾਂਦੀਆਂ ਹਨ। ਇਸ ਪ੍ਰਕਾਰ ਅਸੀਂ ਜੰਡ ਅਤੇ ਕਰੀਰ ਨੂੰ ਵੱਢਣਾ ਚਾਹੁੰਦੇ ਹਾਂ ਤਾਂ ਜੋ ਹਰੀਆਂ ਭਰੀਆਂ ਫ਼ਸਲਾਂ ਦੀ ਕਾਸ਼ਤ ਵਿੱਚ ਵਾਧਾ ਹੋਵੇ।

ਜਿੱਥੇ ਪਹਿਲਾਂ ਲੋਹੜੀ ਦੇ ਤਿਉਹਾਰ ਨੂੰ ਵਿਸ਼ੇਸ਼ ਤੌਰ 'ਤੇ ਪੁੱਤਰ ਦੀ ਆਮਦ ਉੱਤੇ ਜਾਂ ਨਵਾਂ ਵਿਆਹ ਹੋਣ ਦੀ ਖ਼ੁਸ਼ੀ ਵਿੱਚ ਹੀ ਵਧੇਰੇ ਚਾਹ, ਉਤਸ਼ਾਹ ਅਤੇ ਉਮਾਹ ਸਹਿਤ ਮਨਾਇਆ ਜਾਂਦਾ ਸੀ। ਜਿਉਂ-ਜਿਉਂ ਸਾਡੀ ਜੀਵਨ ਜਾਚ ਵਿੱਚ ਤਬਦੀਲੀ ਆਈ ਹੈ। ਲੋਕਾਂ ਦੇ ਕੰਮ ਕਰਨ ਦੇ ਤੌਰ ਤਰੀਕੇ ਬਦਲੇ ਹਨ। ਹੁਣ ਸਮੇਂ ਦੇ ਬਦਲਣ ਨਾਲ ਮੁੰਡਿਆਂ ਦੇ ਨਾਲ-ਨਾਲ ਕੁੜੀਆਂ ਦੀ ਪੜ੍ਹਾਈ ਨੂੰ ਵੀ ਬਰਾਬਰ ਤਰਜੀਹ ਦਿੱਤੀ ਜਾਣ ਲੱਗ ਪਈ ਹੈ। ਹੁਣ ਜਦੋਂ ਕੁੜੀਆਂ ਦੀ ਪੜ੍ਹਾਈ ਨੂੰ ਬਰਾਬਰ ਅਹਿਮੀਅਤ ਦਿੱਤੀ ਗਈ ਹੈ ਤਾਂ ਕੁਦਰਤੀ ਤੌਰ 'ਤੇ ਉਹ ਸਮਾਜ ਦੇ ਵੱਖ-ਵੱਖ ਕੰਮਾਂ ਵਿੱਚ ਮੁੰਡਿਆਂ ਦੇ ਬਰਾਬਰ ਆ ਖੜ੍ਹੀਆਂ ਹਨ। ਉਹ ਹੁਣ ਸਮਾਜ ਦੇ ਹਰੇਕ ਖੇਤਰ ਵਿੱਚ ਮੁੰਡਿਆਂ ਦੇ ਬਰਾਬਰ ਕੰਮ ਕਰਨ ਲੱਗ ਪਈਆਂ ਹਨ। ਮੈਰਿਟ ਸੂਚੀ ਵਿੱਚ ਤਾਂ ਉਹ ਮੁੰਡਿਆਂ ਨਾਲੋਂ ਵੀ ਅੱਗੇ ਲੰਘ ਚੁੱਕੀਆਂ ਹਨ। ਇੱਥੇ ਪ੍ਰਸਿੱਧ ਸ਼ਾਇਰ ਸੁਰਿੰਦਰ ਭੁਪਾਲ ਦੇ ਲਿਖੇ ਗੀਤ ਦੀਆਂ ਕੁਝ ਸਤਰਾਂ ਬਹੁਤ ਢੁੱਕਵੀਆਂ, ਜੱਚਵੀਆਂ, ਫੱਬਵੀਆਂ, ਲੱਗਦੀਆਂ ਹਨ –

**ਆਉ ਧੀਆਂ ਦੀ ਲੋਹੜੀ ਪਾਈਏ,**
**ਕੱਠੇ ਹੋਈਏ ਕਸਮਾਂ ਖਾਈਏ।**
**ਇਕ ਸਹੁੰ ਮੇਰੀ ਅੰਮੜੀ ਖਾਵੇ,**
**ਆਪਣੀ ਕੁੱਖੋਂ ਧੀ ਬਚਾਵੇ,**
**ਸੱਧਰਾਂ ਨੂੰ ਨਾ ਲਾਂਬੂ ਲਾਵੇ।**
**ਕਿਉਂ ਧੀਆਂ ਦੀ ਬਲੀ ਚੜ੍ਹਾਈਏ?**
**ਆਉ ਧੀਆਂ ਦੀ ਲੋਹੜੀ ਪਾਈਏ।**
**ਇਕ ਸਹੁੰ ਮੇਰਾ ਬਾਬਲ ਖਾਵੇ,**
**ਵਾਰੇ ਵਾਰੇ ਧੀ ਤੋਂ ਜਾਵੇ,**
**ਪੁੱਤਾਂ ਵਾਂਗੂੰ ਧੀ ਪੜ੍ਹਾਵੇ।**
**ਧੀ ਹੋਣ ਦਾ ਮਾਣ ਵਧਾਈਏ।**
**ਆਉ ਧੀਆਂ ਦੀ ਲੋਹੜੀ ਪਾਈਏ।**
**ਇਕ ਸਹੁੰ ਮੇਰਾ ਵੀਰਾ ਖਾਵੇ,**
**ਵਧੀਆ ਇੱਕ ਸਮਾਜ ਬਣਾਵੇ।**
**ਦਾਜ ਦਹੇਜ ਨਜ਼ਰ ਨਾ ਆਵੇ।**
**ਜੜ੍ਹੋਂ ਬਿਮਾਰੀ ਨੂੰ ਹਟਾਈਏ।**
**ਆਉ ਧੀਆਂ ਦੀ ਲੋਹੜੀ ਪਾਈਏ।**
**ਇਕ ਸਹੁੰ ਮੇਰੀ ਦਾਦੀ ਖਾਵੇ,**
**ਧੀ ਦੀ ਲੋਰੀ ਉੱਚੀ ਗਾਵੇ।**
**ਗੋਦੀ ਲੈ ਕੋਈ ਪਾਠ ਸੁਣਾਵੇ।**
**ਘਰ ਘਰ ਇਸ ਦੀ ਖ਼ੁਸ਼ੀ ਮਨਾਈਏ,**
**ਆਉ ਧੀਆਂ ਦੀ ਲੋਹੜੀ ਪਾਈਏ।**
**ਇਕ ਸਹੁੰ ਧੀਆਂ ਆਪ ਵੀ ਖਾਵਣ,**
**ਪੱਗ ਬਾਪੂ ਦੀ ਦਾਗ਼ ਨਾ ਲਾਵਣ,**
**ਕਲਪਨਾ ਵਾਂਗੂੰ ਨਾਂ ਚਮਕਾਵਣ।**
**ਦੇਵੀ ਸ਼ਕਤੀ ਨੂੰ ਵਿਖਾਈਏ,**
**ਆਉ ਧੀਆਂ ਦੀ ਲੋਹੜੀ ਪਾਈਏ।**

ਹੁਣ ਇਸ ਬਦਲਦੇ ਮਾਹੌਲ ਵਿੱਚ ਧੀਆਂ ਦੀ ਲੋਹੜੀ ਵੀ ਉੰਨੇ ਹੀ ਉਤਸ਼ਾਹ ਨਾਲ ਮਨਾਈ ਜਾਣੀ ਆਰੰਭ ਹੋਈ ਹੈ, ਜਿੰਨੀ ਕਿ ਮੁੰਡਿਆਂ ਦੀ ਲੋਹੜੀ ਮਨਾਈ ਜਾਂਦੀ ਹੈ। ਚੰਗੇ ਸਮਾਜ ਦੀ ਉਸਾਰੀ ਲਈ ਇਸ ਤਬਦੀਲੀ ਨੂੰ ਸ਼ੁਭ ਸ਼ਗਨ ਹੀ ਕਹਿਣਾ ਬਣਦਾ ਹੈ। ਇਸ ਪ੍ਰਕਾਰ ਬਦਲਦੇ ਸਮੇਂ ਵਿੱਚ ਲੋਹੜੀ ਦੇ ਤਿਉਹਾਰ ਨੂੰ ਮਨਾਉਣ ਵਿੱਚ ਵੀ ਤਬਦੀਲੀ ਆਉਣ ਨਾਲ ਇਸ ਤਿਉਹਾਰ ਦੀ ਸਾਰਥਕਤਾ ਬਣੀ ਹੋਈ ਹੈ।

ਜੇਕਰ ਸਾਡੇ ਤਿਉਹਾਰ ਪੁਰਾਤਨਤਾ ਨਾਲ ਹੀ ਜੁੜੇ ਰਹਿਣਗੇ ਤਾਂ ਇਨ੍ਹਾਂ ਵਿੱਚੋਂ ਰਸ, ਖਿੱਚ, ਰੌਚਕਤਾ, ਆਕਰਸ਼ਣ ਹੌਲੀ ਹੌਲੀ ਘੱਟਦਾ ਜਾਵੇਗਾ। ਅੰਤ ਵਿੱਚ ਬਿਲਕੁਲ ਖ਼ਤਮ ਹੋ ਜਾਵੇਗਾ।

ਹੁਣ ਕੁੜੀਆਂ ਵੱਖ-ਵੱਖ ਵਿਭਾਗਾਂ, ਅਦਾਰਿਆਂ ਵਿੱਚ ਨੌਕਰੀ ਕਰਨ ਤੋਂ ਇਲਾਵਾ ਉਹ ਖੇਤੀਬਾੜੀ ਵੀ ਕਰਦੀਆਂ ਹਨ। ਉਹ ਟਰੈਕਟਰ ਚਲਾਉਂਦੀਆਂ ਹਨ। ਕੰਬਾਈਨ ਚਲਾਉਣ ਲੱਗ ਪਈਆਂ ਹਨ। ਕਹੀ ਚਲਾਉਂਦੀਆਂ ਹਨ। ਉਹ ਖੇਤਾਂ ਨੂੰ ਪਾਣੀ ਲਾਉਂਦੀਆਂ ਹਨ। ਹੁਣ ਉਹ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਨਾਲੋਂ ਪਿੱਛੇ ਨਹੀਂ ਹਨ।

ਜਿੱਥੇ ਪਹਿਲਾਂ ਲੋਹੜੀ ਦੇ ਤਿਉਹਾਰ ਨੂੰ ਮੁੰਡੇ ਦੇ ਜਨਮ ਨਾਲ ਹੀ ਜੋੜਿਆ ਜਾਂਦਾ ਸੀ। ਉੱਥੇ ਹੁਣ ਇਹ ਤਿਉਹਾਰ ਬੱਚੇ ਦੇ ਜਨਮ ਨਾਲ? ਜੋੜਿਆ ਜਾਣ ਲੱਗਾ ਹੈ। ਇਸੇ ਲਈ ਕਿਹਾ ਜਾਂਦਾ ਹੈ –

**'ਨਾ ਪੁੱਤ ਦੀ, ਨਾ ਧੀ ਦੀ।**
**ਲੋਹੜੀ ਹਰ ਨਵੇਂ ਜੀਅ ਦੀ।'**

ਹੁਣ ਧੀਆਂ ਦੀ ਲੋਹੜੀ ਮਨਾਉਣ ਦੇ ਪ੍ਰਚੱਲਿਤ ਹੋ ਰਹੇ ਰਿਵਾਜ ਨੂੰ ਸਹੀ ਰੂਪ ਵਿੱਚ ਲਾਗੂ ਕਰਨ ਲਈ ਸਾਡੇ ਮਨਾਂ ਵਿਚਲੀ ਸੋਚ ਵਿੱਚ ਤਬਦੀਲੀ ਆਉਣੀ ਬਹੁਤ ਜ਼ਰੂਰੀ ਹੈ। ਕੇਵਲ ਲੋਹੜੀ ਮਨਾ ਲੈਣ ਨਾਲ ਸਾਡੀਆਂ ਬੇਟੀਆਂ ਭੈਣਾਂ ਦਾ ਕੁਝ ਸੰਵਰਨ ਵਾਲਾ ਨਹੀਂ ਹੈ। ਸਾਨੂੰ ਸਾਰਿਆਂ ਨੂੰ ਆਪਣੀ ਸਦੀਆਂ ਪੁਰਾਣੀ ਮਰਦ ਪ੍ਰਧਾਨ ਸਮਾਜ ਵਾਲੀ ਹਉਂ ਦਾ ਤਿਆਗ ਕਰਕੇ ਧੀਆਂ ਨੂੰ ਧੁਰ ਅੰਦਰੋਂ ਪੁੱਤਾਂ ਬਰਾਬਰ ਸਮਾਨਤਾ ਦਾ ਦਰਜਾ ਦੇਣ ਦੀ ਲੋੜ ਹੈ, ਜੋ ਅਜੇ ਦੂਰ ਦੀ ਗੱਲ ਲੱਗਦੀ ਹੈ। ਸਾਨੂੰ ਸਾਰਿਆਂ ਨੂੰ ਆਪਣੀਆਂ ਧੀਆਂ, ਭੈਣਾਂ, ਮਾਂਵਾਂ, ਨਾਰਾਂ ਲਈ ਸਮਾਜ ਵਿੱਚ ਸੁਰੱਖਿਅਤ ਮਾਹੌਲ ਸਿਰਜਣ ਦੀ ਲੋੜ ਹੈ ਤਾਂ ਜੋ ਉਹ ਰਾਤ ਬਰਾਤੇ ਇਕੱਲੀਆਂ ਚੱਲਦੀਆਂ ਹੋਈਆਂ ਆਪਣੇ ਆਪ ਨੂੰ ਸੁਰੱਖਿਅਤ ਅਤੇ ਭੈਅ ਮੁਕਤ ਮਹਿਸੂਸ ਕਰਨ।

ਸੱਚ ਤਾਂ ਇਹ ਹੈ ਕਿ ਲੋਹੜੀ ਚਾਵਾਂ ਮਲ੍ਹਾਰਾਂ ਅਤੇ ਰੀਝਾਂ ਖ਼ੁਸ਼ੀਆਂ ਖੇੜੇ ਦਾ ਤਿਉਹਾਰ ਹੈ। ਅੱਜ ਲੋੜ ਹੈ ਕਿ ਇਸ ਤਿਉਹਾਰ ਨੂੰ ਅਸੀਂ ਲਿੰਗ ਵਿਤਕਰੇ ਨਾਲ ਨਾ ਜੋੜੀਏ। ਕਿਉਂਕਿ ਲਿੰਗ ਵਿਤਕਰੇ ਦੇ ਭਿੰਨ ਭੇਦ ਕਾਰਨ ਸਾਡੇ ਤਿਉਹਾਰ ਨਹੀਂ ਚੱਲਣੇ। ਸਾਡੀ ਜੀਵਨ ਜਾਚ ਦਾ ਹਿੱਸਾ ਸਾਂਝ ਵਾਲਾ ਹੋਵੇ। ਅਗਾਂਹ ਵਧੂ ਸੋਚ ਵਾਲਾ ਸਮਾਜ ਹੋਵੇ। ਅਸੀਂ ਲੜਕੇ ਦੇ ਜਨਮ ਨੂੰ ਵੀ ਲੋਹੜੀ ਦੀਆਂ ਖ਼ੁਸ਼ੀਆਂ ਨਾਲ ਮਨਾਈਏ। ਲੜਕੀ ਦੇ ਜਨਮ ਨੂੰ ਵੀ ਉੰਨੀਆਂ ਹੀ ਖ਼ੁਸ਼ੀਆਂ ਨਾਲ ਮਨਾਈਏ। ਆਮੀਨ।

8427685020.



### ਭਾਈ ਗੁਰਦੇਵ ਸਿੰਘ ਕਾਉਂਕੇ ਦੀ ਪਤਨੀ ਦੇ ਭਾਵੁਕ ਬੋਲ

# ਇਨਸਾਫ਼ ਦੀਆਂ ਗੱਲਾਂ ਤਾਂ ਬਹੁਤ ਕਰਦੇ ਸੀ ਪਰ ਸਾਥ ਨਹੀਂ ਦਿੱਤਾ : ਬੀਬੀ ਗੁਰਮੇਲ ਕੌਰ

## ਸਕੂਲ 'ਚ ਪੜ੍ਹਦੇ ਪੁੱਤ ਨੂੰ ਘਰੋਂ ਚੁੱਕ ਕੇ ਪੁਲਿਸ ਨੇ ਲਾਇਆ ਸੀ ਕਰੰਟ

ਜਗਰਾਉਂ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਬਾਰੇ ਪੰਜਾਬ ਪੁਲਿਸ ਦੇ ਸਾਬਕਾ ਵਧੀਕ ਡੀ.ਜੀ.ਪੀ. ਬੀ.ਪੀ. ਤਿਵਾੜੀ ਦੀ ਜਾਂਚ ਰਿਪੋਰਟ 25 ਸਾਲ ਮਗਰੋਂ ਜਨਤਕ ਹੋਣ ਤੋਂ ਬਾਅਦ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ। ਕਰੀਬ 32 ਸਾਲ ਤੋਂ ਜਿਥੇ ਭਾਈ ਕਾਉਂਕੇ ਦਾ ਪ੍ਰਵਾਰ ਇਨਸਾਫ਼ ਦੀ ਗੁਹਾਰ ਲਗਾ ਰਿਹਾ ਹੈ, ਉਥੇ ਹੀ ਸਿੱਖ ਕੌਮ ਲਈ ਇਹ ਵੱਡੀ ਤ੍ਰਾਸਦੀ ਹੈ ਕਿ ਕੌਮ ਅਪਣੇ ਜਥੇਦਾਰ ਨੂੰ ਇਨਸਾਫ਼ ਨਹੀਂ ਦਿਵਾ ਸਕੀ।

ਭਾਈ ਕਾਉਂਕੇ ਦੇ ਪਤਨੀ ਬੀਬੀ ਗੁਰਮੇਲ ਕੌਰ ਨੇ ਕਿਹਾ ਕਿ ਭਾਈ ਕਾਉਂਕੇ ਦੀ ਸ਼ਹਾਦਤ ਮਗਰੋਂ ਆਗੂ ਇਨਸਾਫ਼ ਦੀਆਂ ਗੱਲਾਂ ਤਾਂ ਬਹੁਤ ਕਰਦੇ ਸੀ ਪਰ ਕਿਸੇ ਨੇ ਸਾਥ ਨਹੀਂ ਦਿਤਾ। ਉਨ੍ਹਾਂ ਦਿਨਾਂ ਬਾਰੇ ਬਾਰੇ ਗੱਲ ਕਰਦਿਆਂ ਗੁਰਮੇਲ ਕੌਰ ਨੇ ਦੱਸਿਆ, "20 ਦਸੰਬਰ ਨੂੰ ਮੇਰਾ ਦੋਹਤਾ ਗੁਜ਼ਰ ਗਿਆ ਸੀ ਤੇ ਉਸੇ ਦਿਨ ਪੁਲਿਸ ਮੇਰੇ ਪਤੀ ਨੂੰ ਫੜ ਕੇ ਲੈ ਗਈ। ਪਹਿਲਾਂ ਪੁਲਿਸ ਕਹਿ ਰਹੀ ਸੀ ਕਿ ਸ਼ਾਮ ਤੱਕ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ ਪਰ ਭਾਈ ਕਾਉਂਕੇ ਕਹਿ ਗਏ ਸਨ ਕਿ ਲਾਸ਼ ਨਾ ਖਰਾਬ ਕਰਿਉ, ਤੁਸੀਂ ਸਸਕਾਰ ਕਰ ਦਿਉ, ਹਾਲਾਂਕਿ ਸ਼ਾਮ ਨੂੰ ਉਨ੍ਹਾਂ ਨੂੰ ਛੱਡ ਦਿੱਤਾ ਗਿਆ।"

ਗੁਰਮੇਲ ਕੌਰ ਨੇ ਦੱਸਿਆ, "25 ਦਸੰਬਰ ਨੂੰ ਪੁਲਿਸ ਫਿਰ ਉਨ੍ਹਾਂ ਨੂੰ ਲੈ ਗਈ, ਮੈਂ ਸ਼ਾਮ ਨੂੰ ਆਪਣੀ ਬੇਟੀ ਦੇ ਘਰੋਂ ਆਈ ਸੀ। ਮੈਨੂੰ ਬੱਚਿਆਂ ਨੇ ਦੱਸਿਆ ਕਿ ਬਾਪੂ ਜੀ ਨੂੰ ਲੈ ਗਏ। ਮੈਂ ਪ੍ਰਸ਼ਾਦਾ ਤਿਆਰ ਕਰ ਕੇ ਥਾਣੇ ਲੈ ਕੇ ਗਈ ਪਰ ਉਨ੍ਹਾਂ ਨੇ ਪ੍ਰਸ਼ਾਦਾ ਨਹੀਂ ਫੜਿਆ।" ਭਾਈ ਕਾਉਂਕੇ ਦੀ ਪਤਨੀ ਨੇ ਦੱਸਿਆ ਕਿ ਜਦੋਂ ਪੁਲਿਸ ਉਨ੍ਹਾਂ ਦੇ ਘਰ ਆਈ ਤਾਂ ਬੱਚਿਆਂ ਨੇ ਉਸ ਨੂੰ ਦੱਸਿਆ ਉਹ ਗੁਰਦੁਆਰਾ ਸਾਹਿਬ ਵਿਚ ਹਨ। ਗੁਰਦੁਆਰਾ ਸਾਹਿਬ ਜਦੋਂ ਪੁਲਿਸ ਪਹੁੰਚੀ ਤਾਂ ਭਾਈ ਕਾਉਂਕੇ ਨੇ ਕਿਹਾ ਕਿ ਉਹ ਘਰੋਂ ਚੱਲਣਗੇ। ਉਨ੍ਹਾਂ ਨੇ ਘਰ ਆ ਕੇ ਇਸ਼ਨਾਨ ਕੀਤਾ ਅਤੇ ਪ੍ਰਸ਼ਾਦਾ ਛੱਕਿਆ। ਇਸ ਤੋਂ ਬਾਅਦ ਉਨ੍ਹਾਂ ਨੇ ਸੰਗਤ ਨੂੰ ਫਤਹਿ ਬੁਲਾਈ। ਜਾਣ ਸਮੇਂ ਉਨ੍ਹਾਂ ਦੇ ਬੋਲ ਸਨ, "ਲੱਗਦੈ ਸਰਕਾਰ ਕੋਈ ਕਾਰਾ ਕਰੂਗੀ।"

ਉਹ ਦੱਸਦੇ ਹਨ, "ਮੈਂ ਜਥੇਦਾਰ ਜੀ ਲਈ ਥਾਣੇ ਰੋਟੀ ਲੈ ਕੇ ਜਾਂਦੀ ਸੀ ਅਤੇ ਪੁਲਿਸ ਵਾਲੇ ਰੋਟੀ ਵਾਲਾ ਡੱਬਾ ਖਾਲੀ ਕਰ ਕੇ ਮੋੜ ਦਿੰਦੇ ਸਨ। ਮੈਨੂੰ ਨਹੀਂ ਪਤਾ ਕਿ ਰੋਟੀ ਮੇਰੇ ਪਤੀ ਤੱਕ ਪਹੁੰਚਦੀ ਵੀ ਸੀ ਜਾਂ ਪੁਲਿਸ ਵਾਲੇ ਹੀ ਖਾ ਜਾਂਦੇ ਸਨ। ਮੈਂ ਪੁਲਿਸ ਵਾਲਿਆਂ ਨੂੰ ਬਹੁਤ ਕਹਿੰਦੀ ਸੀ ਕਿ ਮੈਨੂੰ ਮੇਰੇ ਪਤੀ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ ਪਰ ਕੋਈ ਵੀ ਮੇਰੀ ਗੱਲ ਨਾ ਸੁਣਦਾ। ਉਹ ਕਹਿੰਦੇ ਸਨ ਕਿ ਸਾਨੂੰ ਆਰਡਰ ਨਹੀਂ ਹੈ। ਮੈਂ 29 ਤਰੀਕ ਤੱਕ ਜਾਂਦੀ ਰਹੀ ਅਤੇ ਖਾਲੀ ਮੁੜਦੀ ਰਹੀ। ਉਦੋਂ ਸ਼ਾਇਦ ਬਹੁਤ ਕੁੱਟ ਮਾਰ ਕੀਤੀ ਗਈ ਸੀ।"

ਉਨ੍ਹਾਂ ਦੱਸਿਆ, "ਅਸੀਂ ਐਡਵੋਕੇਟ ਗੁਰਮੁੱਖ ਸਿੰਘ ਮਨੌਲੀ ਦੇ ਕੋਲ ਚੰਡੀਗੜ੍ਹ ਚਲੇ ਗਏ। ਐਡਵੋਕੇਟ ਮਨੌਲੀ ਵਲੋਂ ਕੀਤੀ ਕਾਨੂੰਨੀ ਚਾਰਾਜੋਈ ਮਗਰੋਂ ਅਦਾਲਤ ਨੇ ਵਾਰੰਟ ਅਫ਼ਸਰ ਭੇਜ ਦਿਤੇ। ਇਸ ਤੋਂ ਬਾਅਦ ਅਸੀਂ ਅਫ਼ਸਰ ਨਾਲ ਥਾਣੇ ਗਏ, ਉਨ੍ਹਾਂ ਕਿਹਾ ਕਿ ਭਾਈ ਕਾਉਂਕੇ ਸਾਡੇ ਕੋਲ ਨਹੀਂ ਹੈ। ਫਿਰ ਸਟਾਫ ਵਾਲਿਆਂ ਕੋਲ ਗਏ, ਉਹ ਵੀ ਕਹਿੰਦੇ ਸਾਡੇ ਕੋਲ ਨਹੀਂ ਹੈ। 1 ਜਨਵਰੀ ਦੀ ਸ਼ਾਮ ਵੇਲੇ ਜਦੋਂ ਛਾਪਾ ਮਾਰਿਆ ਗਿਆ ਤਾਂ ਅੰਦਰ ਕੋਈ ਨਹੀਂ ਸੀ। ਅਫ਼ਸਰ ਨੇ ਪੁੱਛਿਆ ਤਾਂ ਉਹ ਮੁਕਰ ਗਏ ਕਿ ਅਸੀਂ ਤਾਂ ਜਥੇਦਾਰ ਕਾਉਂਕੇ ਨੂੰ ਲੈ ਕੇ ਹੀ ਨਹੀਂ ਆਏ।"

ਗੁਰਮੇਲ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਪਿੰਡ ਕਲੇਰ ਦੀ ਇਕ ਔਰਤ ਨੇ ਦੱਸਿਆ ਸੀ ਕਿ ਜਥੇਦਾਰ ਦੀ ਹਾਲਤ ਠੀਕ ਨਹੀਂ ਹੈ। ਉਨ੍ਹਾਂ ਦੱਸਿਆ, "ਉਸ ਔਰਤ ਨੇ ਮੈਨੂੰ ਕਿਹਾ ਸੀ ਕਿ ਜਥੇਦਾਰ ਜੀ ਦੇ ਕਾਫ਼ੀ ਸੱਟਾਂ ਲੱਗੀਆਂ ਹੋਈਆਂ ਹਨ। ਉਨ੍ਹਾਂ ਨੂੰ ਭੁੰਜੇ ਸੁੱਟਿਆ ਹੋਇਆ ਹੈ ਤੇ ਉਨ੍ਹਾਂ ਨੂੰ ਇਕ ਗਦੈਲੇ ਦੀ ਲੋੜ ਹੈ। ਅਸੀਂ ਉਸੇ ਵੇਲੇ ਘਰ ਤੋਂ ਇਕ ਗਦੈਲਾ ਚਾਦਰ ਵਿਚ ਲਪੇਟ ਕੇ ਥਾਣੇ ਫੜਾ ਕੇ ਆਏ ਪਰ ਬਾਅਦ ਵਿਚ ਇਕ ਪੁਲਿਸ ਵਾਲੇ ਨੇ ਉਹੀ ਗਦੈਲਾ ਉਸੇ ਤਰ੍ਹਾਂ ਚਾਦਰ ਵਿਚ ਲਪੇਟਿਆ ਹੋਇਆ ਮੇਰੇ ਹੱਥਾਂ ਵਿਚ ਧਰ ਦਿੱਤਾ।"





ਭਾਈ ਕਾਉਂਕੇ ਨੂੰ ਜੇਲ ਵਿਚ ਦਵਾਈ ਦੇਣ ਵਾਲੇ ਡਾਕਟਰ ਨੇ ਵੀ ਦਸਿਆ ਸੀ ਕਿ ਉਨ੍ਹਾਂ ਦੇ ਹੱਥ-ਪੈਰ ਨੀਲੇ ਹੋਏ ਪਏ ਸਨ। ਉਹ ਤਾਂ ਬੈਠ ਵੀ ਨਹੀਂ ਸਕਦੇ ਸਨ।

ਬੀ.ਪੀ. ਤਿਵਾੜੀ ਦੀ ਜਾਂਚ ਦਾ ਜ਼ਿਕਰ ਕਰਦਿਆਂ ਬੀਬੀ ਗੁਰਮੇਲ ਕੌਰ ਨੇ ਦੱਸਿਆ ਕਿ ਉਹ ਬਿਆਨ ਦਰਜ ਕਰਨ ਉਨ੍ਹਾਂ ਦੇ ਘਰ ਆਏ ਸਨ। ਇਸ ਦੌਰਾਨ ਭਾਈ ਇਕੱਠ ਹੋਇਆ ਅਤੇ ਹਰ ਵਿਅਕਤੀ ਨੇ ਉਸ ਸਮੇਂ ਦੇ ਹਾਲਾਤ ਦਰਜ ਕਰਵਾਏ ਸਨ ਪਰ ਰੀਪੋਰਟ ਵਿਚ ਕੀ ਲਿਖਿਆ ਗਿਆ ਇਹ ਨਹੀਂ ਦੱਸਿਆ ਗਿਆ ਸੀ।

ਗੁਰਮੇਲ ਕੌਰ ਨੇ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਦੀ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਮੁਲਾਕਾਤ ਹੋਈ ਸੀ। ਉਨ੍ਹਾਂ ਨੇ ਬੀ.ਪੀ. ਤਿਵਾੜੀ ਦੀ ਜਾਂਚ ਲਈ ਡਿਊਟੀ ਲਗਾਈ ਸੀ ਪਰ ਰਿਪੋਰਟ ਦੱਬ ਕੇ ਰੱਖੀ ਗਈ। ਭਾਈ ਕਾਉਂਕੇ ਦੇ ਧਰਮ ਪਤਨੀ ਨੇ ਕਿਹਾ, "ਸਾਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਦੋਸ਼ੀ ਬੁੱਚੜਾਂ ਨੇ ਜੋ ਵੀ ਕੀਤਾ, ਉਹ ਪਤਾ ਲੱਗਣਾ ਚਾਹੀਦਾ ਹੈ।" ਉਨ੍ਹਾਂ ਦੱਸਿਆ ਕਿ ਸਾਡਾ ਕਿਸੇ ਨੇ ਸਾਥ ਨਹੀਂ ਦਿੱਤਾ, ਜਥੇਬੰਦੀਆਂ ਦੇ ਆਗੂ ਆਉਂਦੇ ਜਾਂਦੇ ਰਹੇ ਪਰ ਕੋਈ ਨਾਲ ਨਹੀਂ ਖੜ੍ਹਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹਿਲੀ ਵਾਰ ਭਾਈ ਕਾਉਂਕੇ ਬਰਸੀ ਮਨਾਏ ਜਾਣ 'ਤੇ ਉਨ੍ਹਾਂ ਕਿਹਾ ਕਿ ਅਸੀਂ ਹਰ ਸਾਲ ਘਰ ਵਿਚ ਬਰਸੀ ਮਨਾਉਂਦੇ ਹਾਂ।

ਗੁਰਮੇਲ ਕੌਰ ਦਾ ਕਹਿਣਾ ਹੈ, "ਜੇ ਪਹਿਲੀਆਂ ਸਰਕਾਰਾਂ ਨੇ ਇਨਸਾਫ਼ ਨਹੀਂ ਕੀਤਾ ਤਾਂ ਮੌਜੂਦਾ ਸਰਕਾਰ ਇਨਸਾਫ਼ ਕਾਰਵਾਈ ਕਰੇ। ਕੇਸ ਖੁੱਲ੍ਹਣਾ ਚਾਹੀਦਾ ਹੈ, ਸਾਰਿਆਂ ਨੂੰ ਇਕੱਠੇ ਹੋ ਕੇ ਲੜਾਈ ਲੜਨੀ ਚਾਹੀਦੀ ਹੈ। ਤਸੀਹੇ ਦੇਣ ਵਾਲਿਆਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ, ਡੀ.ਐਸ.ਪੀ. ਗੁਰਮੀਤ ਸਿੰਘ, ਸਵਰਨ ਸਿੰਘ ਘੋਟਣਾ ਸਭ ਸ਼ਾਮਲ ਸਨ।" ਜ਼ਿਕਰਯੋਗ ਹੈ ਕਿ ਸਵਰਨ ਸਿੰਘ 1992 ਵਿਚ ਪੁਲਿਸ ਜ਼ਿਲਾ ਜਗਰਾਉਂ ਦੇ ਐੱਸ.ਐੱਸ.ਪੀ. ਸਨ।

ਗੁਰਮੇਲ ਕੌਰ ਨੇ ਦੱਸਿਆ, "ਜਦੋਂ 4 ਤਰੀਕ ਨੂੰ ਅਖ਼ਬਾਰ ਵਿਚ ਖ਼ਬਰ ਦਿੱਤੀ ਗਈ ਕਿ ਜਥੇਦਾਰ ਕਾਉਂਕੇ ਭਗੌੜੇ ਹੋ ਗਏ ਤਾਂ ਅਸੀਂ ਸਮਝ ਗਏ ਕਿ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਉਹ ਕੌਮ ਦੇ ਜਥੇਦਾਰ ਸਨ ਨਾ ਕਿ ਭੱਜਣ ਵਾਲਾ ਕੋਈ ਭਗੌੜਾ। ਉਹ ਗੁਰੂ ਦੇ ਆਸ਼ੇ ਮੁਤਾਬਕ ਸਿੱਖ ਹਿੱਤਾਂ ਲਈ ਲੜ ਰਹੇ ਸਨ। ਪੁਲਿਸ ਨੇ ਉਨ੍ਹਾਂ ਨੂੰ ਪਹਿਲਾਂ ਕੋਹ-ਕੋਹ ਕੇ ਮਾਰਿਆ ਅਤੇ ਬਾਅਦ ਵਿਚ ਉਨ੍ਹਾਂ ਦੇ ਭਗੌੜੇ ਹੋਣ ਦਾ ਡਰਾਮਾ ਰਚ ਦਿੱਤਾ।" ਭਾਈ ਕਾਉਂਕੇ ਦੀ ਧਰਮ ਪਤਨੀ ਨੇ ਦੱਸਿਆ ਕਿ ਪਿੰਡ ਵਾਸੀਆਂ ਅਤੇ ਸੰਗਤ ਨੇ ਉਨ੍ਹਾਂ ਦਾ ਬਹੁਤ ਸਾਥ ਦਿਤਾ।

**ਭਾਈ ਕਾਉਂਕੇ ਦੇ ਬੇਟੇ ਨੂੰ ਵੀ ਲਗਾਇਆ ਸੀ ਕਰੰਟ** : ਗੁਰਮੇਲ ਕੌਰ ਨੇ ਦੱਸਿਆ ਕਿ ਇਸ ਤੋਂ 3-4 ਸਾਲ ਬਾਅਦ ਉਨ੍ਹਾਂ ਦੇ ਬੱਚਿਆਂ ਨੂੰ ਫੜ ਕੇ ਲੈ ਗਏ। ਪੁਲਿਸ ਕੰਧਾਂ ਟੱਪ ਕੇ ਘਰ ਵਿਚ ਦਾਖਲ ਹੋਈ। 2 ਦਿਨ ਤੱਕ ਪਤਾ ਹੀ ਨਹੀਂ ਲੱਗਿਆ ਕਿ ਉਨ੍ਹਾਂ ਨੂੰ ਕਿਥੇ ਲੈ ਕੇ ਗਏ। ਇਸ ਦੌਰਾਨ ਹਰੀ ਸਿੰਘ ਉਤੇ ਕਰੰਟ ਲਗਾ ਕੇ ਤਸ਼ੱਦਦ ਕੀਤਾ ਗਿਆ। ਉਸ ਸਮੇਂ ਉਹ 10ਵੀਂ ਜਮਾਤ ਵਿਚ ਪੜ੍ਹਦਾ ਸੀ। ਉਸ ਤੋਂ ਲੁਧਿਆਣਾ ਵਿਚ ਬੰਬ ਧਮਾਕੇ ਬਾਰੇ ਪੁੱਛ-ਪੜਤਾਲ ਕੀਤੀ ਗਈ ਪਰ ਉਸ ਦਿਨ ਉਹ ਸਕੂਲ ਵਿਚ ਹਾਜ਼ਰ ਸੀ। ਪੁਲਿਸ ਨੂੰ ਡਰ ਸੀ ਕਿ ਇਹ ਕੇਸ ਲੜਨ ਲਈ ਅੱਗੇ ਵਧਣਗੇ। ਬੀਬੀ ਗੁਰਮੇਲ ਕੌਰ ਨੇ ਕੌਮ ਨੂੰ ਸੁਨੇਹਾ ਦਿੱਤਾ ਕਿ ਸਾਰਿਆਂ ਨੂੰ ਇਕਜੁੱਟ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਹੀ ਕੌਮ ਨੂੰ ਆਪਣੇ ਜਥੇਦਾਰ ਦਾ ਇਨਸਾਫ਼ ਮਿਲੇਗਾ।

**ਇਨਸਾਫ਼ ਸਾਨੂੰ ਨਹੀਂ, ਸਗੋਂ ਕੌਮ ਨੂੰ ਚਾਹੀਦਾ ਹੈ: ਹਰੀ ਸਿੰਘ**

ਹਰੀ ਸਿੰਘ ਦਾ ਕਹਿਣਾ ਹੈ, "ਮੇਰੇ ਤਾਂ ਉਹ ਪਿਤਾ ਸਨ ਪਰ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਹ ਸਿੱਖ ਕੌਮ ਦੇ ਜਥੇਦਾਰ ਸਨ। ਇਸ ਲਈ ਇਨਸਾਫ਼ ਸਾਨੂੰ ਨਹੀਂ, ਸਗੋਂ ਕੌਮ ਨੂੰ ਚਾਹੀਦਾ ਹੈ। ਜਦੋਂ ਮੈਂ ਤੇ ਮੇਰੇ ਭਰਾ ਨੇ ਆਪਣੀ ਮਾਤਾ ਨਾਲ ਮਿਲ ਕੇ ਇਨਸਾਫ ਲੈਣ ਲਈ ਆਪਣੇ ਕਦਮ ਅੱਗੇ ਵਧਾਏ ਤਾਂ ਪੁਲਿਸ ਨੇ ਫੜ ਲਿਆ। ਬਾਅਦ ਵਿਚ ਮੇਰੇ ਭਰਾ ਨੂੰ ਤਾਂ ਛੱਡ ਦਿੱਤਾ ਗਿਆ ਪਰ ਮੇਰੇ ਉਪਰ ਬੰਬ ਧਮਾਕਾ ਕਰਨ ਦਾ ਕੇਸ ਮੜ੍ਹ ਦਿੱਤਾ ਗਿਆ।" ਉਨ੍ਹਾਂ ਇਲਜ਼ਾਮ ਲਗਾਇਆ, "ਇਸ ਦਾ ਕਾਰਨ ਇਹ ਸੀ ਕਿ ਅਸੀਂ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਲਈ ਕੋਈ ਕਾਨੂੰਨੀ ਲੜਾਈ ਨਾ ਲੜ ਸਕੀਏ। ਇਹ ਵੱਖਰੀ ਗੱਲ ਹੈ ਕਿ ਬੰਬ ਧਮਾਕੇ ਦੇ ਕੇਸ ਵਿਚ ਮੈਨੂੰ ਬਰੀ ਕਰ ਦਿੱਤਾ ਗਿਆ ਸੀ।"

# ਅਦਾਲਤ ਨੇ ਆਪ ਸੰਸਦ ਮੈਂਬਰ ਸੰਜੇ ਸਿੰਘ ਦੀ ਜ਼ਮਾਨਤ ਪਟੀਸ਼ਨ ਤੇ ED ਤੋਂ ਮੰਗਿਆ ਜਵਾਬ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਸੰਜੇ ਸਿੰਘ ਦੀ ਜ਼ਮਾਨਤ ਪਟੀਸ਼ਨ 'ਤੇ ਸੋਮਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੋਂ ਜਵਾਬ ਮੰਗਿਆ। ਜੱਜ ਸਵਰਨ ਕਾਂਤ ਸ਼ਰਮਾ ਨੇ ਜਾਂਚ ਏਜੰਸੀ ਨੂੰ ਨੋਟਿਸ ਜਾਰੀ ਕੀਤਾ ਅਤੇ ਮਾਮਲੇ 'ਚ ਅਗਲੀ ਸੁਣਵਾਈ ਲਈ 29 ਜਨਵਰੀ ਦੀ ਤਾਰੀਖ਼ ਤੈਅ ਕੀਤੀ। ਪਿਛਲੇ ਸਾਲ 4 ਅਕਤੂਬਰ ਨੂੰ ਈ.ਡੀ. ਵਲੋਂ ਗ੍ਰਿਫ਼ਤਾਰ ਕੀਤੇ ਗਏ ਰਾਜ ਸਭਾ ਮੈਂਬਰ ਨੇ ਮਨੀ ਲਾਂਡਰਿੰਗ ਮਾਮਲੇ 'ਚ ਆਪਣੀ ਜ਼ਮਾਨਤ ਪਟੀਸ਼ਨ ਖਾਰਜ ਕਰਨ ਦੇ ਹੇਠਲੀ ਅਦਾਲਤ ਦੇ 22 ਦਸੰਬਰ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਹੈ। ਸਿੰਘ ਵਲੋਂ ਪੇਸ਼ ਸੀਨੀਅਰ ਵਕੀਲ ਮੋਹਿਤ ਮਾਥੁਰ ਨੇ ਕਿਹਾ ਕਿ ਸੀਨੀਅਰ 'ਆਪ' ਨੇਤਾ ਪਿਛਲੇ 3 ਮਹੀਨਿਆਂ ਤੋਂ ਹਿਰਾਸਤ 'ਚ ਹੈ ਅਤੇ ਇਸ ਅਪਰਾਧ 'ਚ ਉਨ੍ਹਾਂ ਦੀ ਕੋਈ ਭੂਮਿਕਾ ਸਾਹਮਣੇ ਨਹੀਂ ਆਈ ਹੈ। ਉਨ੍ਹਾਂ ਕਿਹਾ ਕਿ ਈ.ਡੀ. ਦੇ 'ਸਟਾਰ ਗਵਾਹ' ਦੇ ਬਿਆਨ ਤੋਂ ਬਾਅਦ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਈ.ਡੀ. ਨੇ ਦੋਸ਼ ਲਗਾਇਆ ਹੈ ਕਿ ਸਿੰਘ ਨੇ ਹੁਣ ਖ਼ਤਮ ਹੋ ਚੁੱਕੀ ਆਬਕਾਰੀ ਨੀਤੀ ਦੇ ਨਿਰਮਾਣ ਅਤੇ ਲਾਗੂ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਨਾਲ ਕੁਝ ਸ਼ਰਾਬ ਨਿਰਮਾਤਾਵਾਂ, ਥੋਕ ਵਿਕਰੇਤਾਵਾਂ ਅਤੇ ਪਰਚੂਨ ਵਿਕਰੇਤਾਵਾਂ ਨੂੰ ਧਨ ਲਾਭ ਹੋਇਆ। ਹੇਠਲੀ



ਅਦਾਲਤ ਨੇ ਕਿਹਾ ਸੀ ਉਹ 'ਅਪਰਾਧ ਤੋਂ 2 ਕਰੋੜ ਰੁਪਏ ਤੱਕ ਦੀ ਕਮਾਈ ਆਮਦਨ' ਦੇ ਮਾਮਲੇ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਖ਼ ?ਲਾਫ਼ ਮਾਮਲਾ 'ਸਹੀ' ਸੀ। ਇਹ ਮਾਮਲਾ 2021-22 ਲਈ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ ਦੇ ਨਿਰਮਾਣ ਅਤੇ ਇਸ ਨੂੰ ਲਾਗੂ ਕਰਨ 'ਚ ਭ੍ਰਿਸ਼ਟਾਚਾਰ ਨਾਲ ਸੰਬੰਧਤ ਹੈ, ਜਿਸ ਨੂੰ ਬਾਅਦ 'ਚ ਰੱਦ ਕਰ ਦਿੱਤਾ ਗਿਆ ਸੀ। ਉੱਪ ਰਾਜਪਾਲ ਵੀ.ਕੇ. ਸਕਸੈਨਾ ਦੀ ਸਿਫ਼ਾਰਿਸ਼ ਤੋਂ ਬਾਅਦ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਭ੍ਰਿਸ਼ਟਾਚਾਰ ਨੂੰ ਲੈ ਕੇ ਐੱਫ.ਆਈ.ਆਰ. ਦਰਜ ਕੀਤੀ। ਹੇਠਲੀ ਅਦਾਲਤ ਨੇ ਕਿਹਾ ਸੀ ਈ.ਡੀ. ਦੇ ਮੂਲ ਮਾਮਲੇ ਨੂੰ ਸੁਪਰੀਮ ਕੋਰਟ ਨੇ ਮਨਜ਼ੂਰੀ ਦਿੱਤੀ ਸੀ, ਜਿਸ ਨੇ ਇਸ ਗੱਲ ਦਾ ਵੀ ਸਮਰਥਨ ਕੀਤਾ ਸੀ ਕਿ 2021-22 ਦੇ ਦਿੱਲੀ ਸਰਕਾਰੀ ਦੀ ਆਬਕਾਰੀ ਨੀਤੀ ਦੇ ਨਿਰਮਾਣ ਲਈ ਰਿਸ਼ਵਤ ਦਾ ਭੁਗਤਾਨ ਕੀਤਾ ਗਿਆ ਸੀ। ਅਦਾਲਤ ਨੇ ਸਿੰਘ ਦੀਆਂ ਦਲੀਲਾਂ ਖਾਰਜ ਕਰ ਦਿੱਤੀਆਂ ਸਨ ਕਿ ਉਨ੍ਹਾਂ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਦੋਸ਼ੀ ਨਹੀਂ ਬਣਾਇਆ ਜਾ ਸਕਦਾ, ਕਿਉਂਕਿ ਸੀ.ਬੀ.ਆਈ. ਵਲੋਂ ਮੁੱਖ ਐੱਫ.ਆਈ.ਆਰ. 'ਚ ਉਨ੍ਹਾਂ ਦਾ ਨਾਂ ਨਹੀਂ ਹੈ।

# ਪੰਜਾਬ ਸਰਕਾਰ ਫ਼ਰਵਰੀ 'ਚ ਚਾਰ 'ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਸਮਾਗਮ ਕਰਵਾਏਗੀ: ਕੁਲਦੀਪ ਸਿੰਘ ਧਾਲੀਵਾਲ

### ਪਠਾਨਕੋਟ, ਐਸ.ਬੀ.ਐਸ ਨਗਰ (ਨਵਾਂ ਸ਼ਹਿਰ), ਸੰਗਰੂਰ ਅਤੇ ਫਿਰੋਜ਼ਪੁਰ ਵਿਖੇ ਕ੍ਰਮਵਾਰ 3, 9, 16 ਅਤੇ 22 ਫ਼ਰਵਰੀ ਨੂੰ ਹੋਣਗੇ ਮਿਲਣੀ ਸਮਾਗਮ

ਚੰਡੀਗੜ੍ਹ : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ ਅਤੇ ਸ਼ਿਕਾਇਤਾਂ ਨੂੰ ਛੇਤੀ ਅਤੇ ਤਸੱਲੀਬਖ਼ਸ਼ ਢੰਗ ਨਾਲ ਨਜਿੱਠਣ ਲਈ 'ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਨਾਮਕ ਚਾਰ ਪ੍ਰੋਗਰਾਮਾਂ ਦਾ ਆਯੋਜਨ ਕਰੇਗੀ।

ਇਹ ਜਾਣਕਰੀ ਦਿੰਦਿਆਂ ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ 'ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਸਮਾਗਮਾਂ ਦੀ ਸ਼ੁਰੂਆਤ 3 ਫ਼ਰਵਰੀ ਨੂੰ ਪਠਾਨਕੋਟ ਤੋਂ ਹੋਵੇਗੀ, ਜਿੱਥੇ ਪਠਾਨਕੋਟ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਪੁਰ ਆਦਿ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀਆਂ ਦੇ ਮਸਲੇ ਤੇ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸੇ ਤਰਾਂ ਹੀ 9 ਫ਼ਰਵਰੀ ਨੂੰ ਐਸ.ਬੀ.ਐਸ ਨਗਰ (ਨਵਾਂ ਸ਼ਹਿਰ) ਵਿਖੇ ਐਸ.ਬੀ.ਐਸ ਨਗਰ, ਰੂਪਨਗਰ, ਜਲੰਧਰ, ਕਪੂਰਥਲਾ ਅਤੇ ਐਸ.ਏ.ਐਸ ਨਗਰ (ਮੁਹਾਲੀ) ਆਦਿ ਜ਼ਿਲ੍ਹਿਆਂ ਜਦਕਿ 16 ਫ਼ਰਵਰੀ ਨੂੰ ਸੰਗਰੂਰ ਵਿਖੇ ਸੰਗਰੂਰ, ਪਟਿਆਲਾ, ਬਰਨਾਲਾ, ਫਤਿਹਗੜ੍ਹ ਸਾਹਿਬ,



ਮਲੇਰਕੋਟਲਾ, ਬਠਿੰਡਾ, ਲੁਧਿਆਣਾ ਅਤੇ ਮਾਨਸਾ ਆਦਿ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 22 ਫ਼ਰਵਰੀ ਨੂੰ ਫਿਰੋਜ਼ਪੁਰ ਵਿਖੇ ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਤਰਨ ਤਾਰਨ, ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਆਦਿ ਜ਼ਿਲ੍ਹਿਆਂ ਨੂੰ ਕਵਰ ਕੀਤਾ ਜਾਵੇਗਾ।

ਸ. ਧਾਲੀਵਾਲ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀ 11 ਜਨਵਰੀ ਤੋਂ 30 ਜਨਵਰੀ, 2024 ਤੱਕ ਵਿਭਾਗ ਦੀ ਵੈਬਸਾਈਟ: nri.punjab.gov.in ਅਤੇ ਵੱਟਸਅੱਪ ਨੰਬਰ 9056009884 'ਤੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ।

ਪ੍ਰਵਾਸੀ ਪੰਜਾਬੀਆਂ ਨੂੰ ਇਨ੍ਹਾਂ ਮਿਲਣੀ ਸਮਾਗਮਾਂ ਵਿੱਚ ਵਧ-ਚੜ੍ਹ ਕੇ ਪਹੁੰਚਣ ਦੀ ਅਪੀਲ ਕਰਦਿਆਂ ਸ. ਧਾਲੀਵਾਲ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਪਿਛਲੇ ਸਾਲ ਦਸੰਬਰ, 2022 ਵਿੱਚ ਵੀ 5 ਸਫ਼ਲ ਮਿਲਣੀ ਪ੍ਰੋਗਰਾਮ ਕਰਵਾਏ ਸਨ, ਜਿਸ ਦੌਰਾਨ ਪ੍ਰਵਾਸੀ ਪੰਜਾਬੀਆਂ ਨੇ 605 ਵੱਖ-ਵੱਖ ਸ਼ਿਕਾਇਤਾਂ ਦਰਜ ਕਰਵਾਈਆਂ ਸਨ, ਜਿਨ੍ਹਾਂ ਦਾ ਹੱਲ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵੀ ਐਨ.ਆਰ.ਆਈ. ਪੁਲੀਸ ਵਿੰਗ ਕੋਲ ਲਗਾਤਾਰ ਆਨਲਾਈਨ ਸ਼ਿਕਾਇਤਾਂ ਆ ਰਹੀਆਂ ਹਨ, ਜਿਨ੍ਹਾਂ ਦਾ 15 ਐਨ.ਆਰ.ਆਈ. ਪੁਲੀਸ ਥਾਣਿਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੂਬਾ ਪੱਧਰ 'ਤੇ ਸਮਾਂਬੱਧ ਢੰਗ ਨਾਲ ਤਸੱਲੀਬਖ਼ਸ਼ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਪ੍ਰਮੁੱਖ ਸਕੱਤਰ ਐਨ.ਆਰ.ਆਈ. ਮਾਮਲੇ ਵਿਭਾਗ ਸ੍ਰੀ ਦਿਲੀਪ ਕੁਮਾਰ, ਏ.ਡੀ.ਜੀ.ਪੀ. ਸ੍ਰੀ ਪ੍ਰਵੀਨ ਕੁਮਾਰ ਸਿਨਹਾ, ਵਿਸ਼ੇਸ਼ ਸਕੱਤਰ ਐਨ.ਆਰ.ਆਈ. ਮਾਮਲੇ ਵਿਭਾਗ ਸ੍ਰੀਮਤੀ ਕੰਵਲਪ੍ਰੀਤ ਬਰਾੜ ਅਤੇ ਸ੍ਰੀ ਪਰਮਜੀਤ ਸਿੰਘ ਤੋਂ ਇਲਾਵਾ ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।




ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ – ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ – ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

ਸੰਸਾਰ ਅੰਦਰ ਕਿੰਨੇ ਵੀ ਮਹਾਨ ਇਨਸਾਨ ਜਨਮ ਧਾਰ ਕੇ ਇਸ ਧਰਤੀ 'ਤੇ ਆਏ ਹੋਣਗੇ। ਉਨ੍ਹਾਂ ਦਾ ਆਗਮਨ ਸਮਜ ਅੰਦਰ ਜ਼ੁਲਮ-ਜ਼ਬਰ, ਅਨਿਆਂ, ਅਗਿਆਨਤ, ਵਿਤਕਰਿਆਂ ਕਾਰਨ ਪਸਰੇ ਧੁੰਦ ਗ਼ੁਬਾਰ ਵਿਚ ਹੀ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਕਿਸੇ ਮਹਾਨ ਹਸਤੀ ਦੇ ਆਉਣ ਨਾਲ ਹਨ੍ਹੇਰਾ ਛੱਡਣਾ ਸ਼ੁਰੂ ਹੋ ਜਾਂਦਾ ਹੈ। ਵੀਹਵੀਂ ਸਦੀ ਵਿਚ ਸੰਸਾਰ ਅੰਦਰ ਚੋਟੀ ਦੇ ਵਿਦਵਾਨ ਦਾ ਨਾਮਣਾ ਖੱਟਿਆ ਜਿਸ ਦੇ ਬਰਾਬਰ ਦਾ ਪੜ੍ਹਿਆ ਲਿਖਿਆ ਇਨਸਾਨ ਭਾਰਤ ਵਿਚ ਵੀ ਅਤੇ ਅਮਰੀਕਾ ਤੇ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਦੇ ਤਿੰਨ ਸੌ ਸਾਲ ਦੇ ਇਤਿਹਾਸ ਅੰਦਰ ਨਜ਼ਰ ਨਹੀਂ ਆਉਂਦਾ ਜੋ ਸਾਰੀ ਦੁਨੀਆ ਅੰਦਰ ਰੁਸ਼ਨਾ ਗਿਆ ਹੈ। ਭਾਰਤ ਵਿਚੋਂ ਆਪਦੇ ਸਮੇਂ ਸੱਤ ਕਰੋੜ ਅਛੂਤਾਂ ਨੂੰ ਬ੍ਰਾਹਮਣਵਾਦ ਦੀ ਗ਼ੁਲਾਮੀ ਵਿਚੋਂ ਬਾਹਰ ਕੱਢ ਅੱਗੇ ਵਧਣ ਲਈ ਰਾਹ ਦਿਖਾ ਗਿਆ। ਭਾਰਤ ਅੰਦਰ ਇੰਗਲੈਂਡ ਦੀ ਹਕੂਮਤ ਸੀ। ਜਿਸ ਦੀ ਗ਼ੁਲਾਮੀ ਹਿੰਦੁਸਤਾਨੀਆਂ ਨੇ ਦੋ ਸੌ ਸਾਲ ਝੱਲੀ ਪਰ ਪੰਜਾਬ ਉਪਰ 1947 ਤੱਕ ਸੌ ਸਾਲ ਹੀ ਰਾਜ ਰਿਹਾ। ਬਰਤਾਨਵੀ ਹਕੂਮਤ ਅੰਦਰ ਪੜ੍ਹੇ ਲਿਖੇ ਇਨਸਾਨ ਇਥੇ ਭਾਰਤ ਵਿਚ ਉਚ ਅਹੁਦਿਆਂ 'ਤੇ ਸਨ ਤੇ ਇੰਗਲੈਂਡ ਅੰਦਰ ਅੰਗਰੇਜ਼ਗ ਸਮਾਜ ਵੀ ਪੜ੍ਹਿਆ ਲਿਖਿਆ ਸੀ। ਕਿਸੇ ਖਿੱਤੇ ਅੰਦਰ ਲੋਕ ਗ਼ੁਲਾਮ ਹੋਣ ਉਸ ਨੂੰ ਜਾਇਜ਼ ਠਹਿਰਾਇਆ ਨਹੀਂ ਜਾ ਸਕਦਾ। ਹਿੰਦੁਸਤਾਨੀ ਸਮਾਜ ਸਦੀਆਂ ਤੋਂ ਮਨੂੰ ਸਿਮ੍ਰਿਤੀ ਨੂੰ ਮੰਨਣ ਵਾਲਿਆਂ ਦਾ ਗੁਲਾਮ ਰਿਹਾ ਹੈ। ਉਪਰੋਂ ਬਰਤਾਨਵੀ ਹਕੂਮਤ ਦੀ ਗ਼ੁਲਾਮੀ ਆ ਪਈ। ਸਵਰਨ ਜਾਤੀਆਂ ਦੀ ਤਾਂ ਇਸ ਹਕੂਮਤ ਨਾਲ ਮਿਲੀਭੁਗਤ ਸੀ। ਅੰਗਰੇਜ਼ਾਂ ਨੂੰ ਸੱਦ ਕੇ ਭਾਰਤ ਅੰਦਰ ਲਿਆਉਣ ਵਾਲੇ ਇਹੀ ਉਚ ਜਾਤੀਆਂ ਸਨ ਜੋ ਇਸ ਦੇਸ ਅੰਦਰ ਅਛੂਤਾਂ ਨੂੰ ਆਪਣੇ ਜਾਤ-ਪਾਤ ਸਿਸਟਮ ਅਧੀਨ ਗ਼ੁਲਾਮ ਰੱਖ ਜ਼ੁਲਮ ਜਬਰ ਅਨਿਆਂ ਹੇਠ ਕਰਾਉਂਦੇ ਸਦੀਆਂ ਤੋਂ ਆ ਰਹੇ ਸਨ। ਇਸ ਤਰ੍ਹ ਅਛੂਤਾਂ ਅਤੇ ਧਾਰਮਿਕ ਘਟ ਗਿਣਤੀਆਂ ਮੁਸਲਮਾਨਾਂ ਤੇ ਸਿੱਖਾਂ ਸਿਰ ਦੋਹਰੀ ਗ਼ੁਲਾਮੀ ਆ ਪਈ ਸੀ ਕਿਉਂਕਿ ਸਿੱਖ ਰਾਜ 1849 ਤੱਕ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾਸੀ। ਅੰਗਰੇਜ਼ ਕੌਮ ਅਗਿਆਨਤਾ ਦੀ ਹਾਮੀ ਨਹੀਂ ਸੀ। ਉਨ੍ਹਾਂ ਨੇ ਸਕੂਲ ਕਾਲਜ ਖੋਲ੍ਹੇ, ਹਸਪਤਾਲ ਵੀ ਖੋਲ੍ਹੇ। ਜਦੋਂ ਅਛੂਤਾਂ ਦੀ ਗ਼ੁਲਾਮੀ ਤੇ ਦੁਰਦਸ਼ਾ ਦਾ ਸ਼ੀਸ਼ਾ ਉਨ੍ਹਾਂ ਨੂੰ ਦਿਖਾਇਆ ਗਿਆ ਤਾਂ ਦੇਖ ਲਿਆ ਅਛੂਤਾਂ ਦੀ ਗ਼ੁਲਾਮੀ ਟੁੱਟਣ ਲਈ ਰਾਹ ਖੁੱਲ੍ਹ ਗਿਆ ਜਿਸ ਨੂੰ ਇਥੋਂ ਦੇ ਮਨੂੰਵਾਦ ਦੇ ਪੁਜਾਰੀ ਆਪਣੇ ਗੁਲਾਮ ਬਣਾ ਰੱਖ ਰਹੇ ਸਨ।

“ਸੂਬੇਦਾਰ ਰਾਮ ਜੀ ਦੇ ਇਕ ਚਾਚਾ ਜੋ ਸੰਨਿਆਸੀ ਹੋ ਗਏ ਸਨ ਆਪਣੇ ਬੁੱਢੀ ਉਮਰੇ ਕੁਝ ਹੋਰ ਸਾਧੂਆਂ ਨਾਲ ਮੱਧ ਭਾਰਤ ਦੇ ਮਹੂ ਕਸਬੇ ਵਿਚ ਆਏ ਸਨ, ਜਿਥੇ ਕਿ ਰਾਮ ਜੀ ਸਕਪਾਲ ਆਪਣੇ ਟੱਬਰ ਨਾਲ ਰਹਿੰਦੇ ਸਨ। ਇਸ ਪਰਿਵਾਰ ਦੀ ਇਕ ਔਰਤ ਜੋ ਦਰਿਆ ਉਤੇ ਕੱਪੜੇ ਧੋਣ ਜ ਰਹੀ ਸੀ; ਸਾਧੂਆਂ ਦੇ ਉਸ ਟੋਲੇ ਕੋਲੋਂ ਲੰਘੀ ਜਿਸਵਿਚ ਕਿ ਉਨ੍ਹਾਂ ਦਾ ਰਿਸ਼ਤੇਦਾਰ ਸਾਧੂ ਸੀ। ਔਰਤ ਨੇ ਝੱਟ ਉਸ ਨੂੰ ਪਛਾਣ ਲਿਆ। ਰਾਮ ਜੀ ਉਸ ਪਾਸ ਭੱਜੇ ਆਏ ਅਤੇ ਘਰ ਚਰਨ ਪਾਉਣ ਨੂੰ ਕਿਹਾ। ਉਸ ਸੰਨਿਆਸੀ ਤਾਂ ਦੁਨੀਆ ਤਿਆਗ ਚੁੱਕਾ ਸੀ। ਇਸ ਕਰਕੇ ਉਹ ਆਇਆ ਨਾ। ਫਿਰ ਵੀ ਉਸ ਨੇ ਰਾਮ ਜੀ ਨੂੰ ਵਰ ਦਿੱਤਾ ਕਿ ਉਹਦੇ ਘਰ ਇਕ ਪੁੱਤਰ ਜੰਮੇਗਾ ਜੋ ਇਤਿਹਾਸ ਵਿਚ ਆਪਣੇ ਪਦ ਚਿੰਨ੍ਹ ਛੱਡੇਗਾ। ਇਸ ਵਿਸ਼ਵਾਸ ਨੂੰ ਲੈ ਕੇ ਰਾਮ ਜੀ ਅਤੇ ਉਸ ਦੀ ਪਤਨੀ ਨੇ ਧਰਮ ਕਰਮ ਵੱਲ ਹੋਰ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਸ ਵਰ ਦੀ ਪ੍ਰਾਪਤੀ 14 ਅਪ੍ਰੈਲ 1891 ਨੂੰ ਮਹੂ ਵਿਖੇ ਹੋਈ ਤੇ ਇਕ ਬਾਲਕ ਨੇ ਜਨਮ ਲਿਆ। ਇਸ ਦਾ ਨਾਮ ਭੀਮ ਰੱਖਿਆ ਗਿਆ।





ਭੀਮ ਦੀ ਮਾਂ ਭੀਮਾ ਬਾਈ ਇਕ ਅਛੂਤ ਪਰਿਵਾਰ ਮੁਰਬਾਦਕਰ ਵਿਚੋਂ ਸੀ। ਉਹ ਬੰਬਈ ਪ੍ਰਾਂਤ ਦੇ ਥਾਨਾ ਜ਼ਿਲ੍ਹੇ ਵਿਚਲੇ ਪਿੰਡ ਮੁਰਬਾਦ ਦਾ ਇਕ ਅਮੀਰ ਟੱਬਰ ਸੀ। ਰੰਗ ਦੀ ਸਾਫ਼, ਚੌੜੇ ਮੱਥੇ ਅਤੇ ਘੁੰਗਰਾਲੇ ਵਾਲਾ ਵਾਲੀ ਇਸ ਔਰਤ ਦੀਆਂ ਗੋਲ ਚਮਕਦਾਰ ਅੱਖ ਅਤੇ ਨੱਕ ਛੋਟਾ ਸੀ। ਉਸ ਦਾ ਪਿਉ ਅਤੇ ਉਸਦੇ ਛੇ ਚਾਚੇ-ਤਾਏ ਫੌਜ ਵਿਚ ਸੂਬੇਦਾਰ ਮੇਜਰ ਸਨ। ਉਹ ਵੀ ਕਬੀਰ ਪੰਥੀ ਸਨ ਅਤੇ ਬੜੀ ਸ਼ਿੱਦਤ ਨਾਲ ਕਬੀਰ ਜੀ ਦੇ ਫ਼ਲਸਫ਼ੇ ਅਤੇ ਨੈਤਿਕਤਾ ਦੇ ਵਿਸ਼ੇ ਉਤੇ ਬਹਿਸ ਕਰਿਆ ਕਰਦੇ ਸਨ। ਭੀਮ ਅਜੇ ਮਸਾਂ ਦੋ ਸਾਲ ਦਾ ਹੀ ਸੀ ਜਦ ਉਸ ਦਾ ਪਿਤਾ ਫੌਜੀ ਨੌਕਰੀ ਵਿਚੋਂ ਸੇਵਾ ਮੁਕਤ ਹੋ ਆਇਆ। ਉਹ ਮੱਧ ਭਾਰਤ ਵਿਚੋਂ ਉੱਠ ਕੇ ਕੁਣ-ਕੁਣ ਇਲਾਕੇ ਵਿਚ ਦਾਪੋਲੀ ਵਿਖੇ ਆ ਗਿਆ। ਪੰਜ ਸਾਲ ਦਾ ਹੋਣ 'ਤੇ ਭੀਮ ਨੂੰ ਦਾਪੋਲੀ ਦੇ ਸਕੂਲ ਵਿਚ ਪੜ੍ਹਨ ਪਾ ਦਿੱਤਾ ਗਿਆ। ਇਥੇ ਆਪਣੇ ਵੱਡੇ ਭਰਾ ਨਾਲ ਉਸ ਨੇ ਮੁਢਲੀ ਪੜ੍ਹਾਈ ਆਰੰਭ ਕੀਤੀ। ਸੂਬੇਦਾਰ ਰਾਮ ਜੀ ਸਕਪਾਲ ਦਾਪੋਲੀ ਵਿਚ ਬਹੁਤੀ ਦੇਰ ਨਾ ਟਿਕ ਸਕੇ। ਉਹ ਬੰਬਈ ਚਲੇ ਗਏ ਅਤੇ ਸਤਾਰਾ ਵਿਖੇ ਫੌਜੀ ਕੁਆਰਟਰਾਂ ਵਿਚ ਇਕ ਨੌਕਰੀ ਕਰ ਲਈ।

ਸਤਾਰੇ ਆਉਣ ਤੋਂ ਝੱਟ ਪਿਛੋਂ ਹੀ ਪਰਿਵਾਰ ਤੇ ਇਕ ਮੁਸੀਬਤ ਆ ਪਈ। ਸਵੈਮਾਣ 'ਤੇ ਭਰੋਸੇ ਵਾਲੀ ਭੀਮਾ ਬਈ ਇਸ ਸੰਸਾਰ ਤੋਂ ਚਲੇ ਗਏ। ਭੀਮਾ ਬਾਈ ਦੀ ਸਮਾਧ ਸਤਾਰਾ ਵਿਚ ਹੀ ਹੈ। ਮਾਂ ਦੇ ਮਰਨ ਵੇਲੇ ਭੀਮ 6 ਕੁ ਸਾਲ ਦਾ ਸੀ। 14 ਭੈਣ ਰਾਵਾਂ ਵਿਚੋਂ ਹੁਣ ਉਹ ਤਿੰਨ ਭਰਾ ਅਤੇ ਦੋ ਭੈਣਾਂ ਹੀ ਰਹਿ ਗਏ ਸਨ। ਬਾਲਾ ਰਾਮ ਸਭ ਤੋਂ ਵੱਡਾ ਸੀ। ਅਨੰਦ ਰਾਓ ਦੂਜੀ ਥਾਂ ਸੀ, ਉਸ ਪਿਛੋਂ ਮੰਜੁਲਾ ਅਤੇ ਤੁਲਸੀ ਦੋ ਕੁੜੀਆਂ ਸਨ ਅਤੇ ਸਭ ਤੋਂ ਛੋਟਾ ਇਹ ਭੀਮਾ ਹੀ ਸੀ।

(ਚਲਦਾ)

# ਅਮਰੀਕਾ ਦੇ ਵੱਡੇ ਮੀਡੀਆ ਵਲੋਂ ਸਿੱਖ ਰੈਫਰੈਂਡਮ ਨੂੰ ਅਜ਼ਾਦੀ ਲਈ ਲੜ ਰਹੀਆ ਕੌਮਾਂ ਲਈ ਸ਼ਾਂਤੀਪੂਰਵਕ ਨਿਵੇਕਲਾ ਰਾਹ ਦੱਸਿਆ

ਕੈਨੇਡਾ ਵਿੱਚ ਸਿੱਖਾਂ ਦੇ ਕਤਲੇਆਮ ਦਾ ਇਨਸਾਫ ਲੈਣ ਲਈ ਅਤੇ ਸਿੱਖਾਂ ਦੀ ਅਜ਼ਾਦੀ ਲਈ ਲੜ ਰਹੇ ਸਿੱਖ ਕਾਰਕੁੰਨ ਸ. ਹਰਦੀਪ ਸਿੰਘ ਨਿਝੱਰ ਦੇ ਵਹਿਸ਼ੀਆਨਾ ਕਤਲ ਉਪ੍ਰੰਤ ਭਾਰਤੀ ਏਜੰਟ ਵਲੋਂ ਐਸ ਐਫ ਜੇ ਦੇ ਸ. ਗੁਰਪਤਵੰਤ ਸਿੰਘ ਪਨੂੰ ਦੇ ਕਤਲ ਦੀ ਸਾਜਿਸ਼ ਬੇਨਕਾਬ ਹੋਣ ਤੋਂ ਬਾਅਦ ਦੁਨੀਆ ਦੇ ਵੱਡੇ ਮੀਡੀਏ ਨੇ ਸਿੱਖਾਂ ਦੀ ਅਤੇ ਸਿੱਖਾਂ ਦੀ ਅਜ਼ਾਦੀ ਦੀ ਗੱਲ ਆਪਣੇ ਫਰੰਟ ਪੇਜ਼ਾਂ ਉਪਰ ਕਰਨੀ ਸ਼ੁਰੂ ਕਰ ਦਿੱਤੀ

ਜਿਨਾ ਜਿਨਾ ਵਿੱਚ New York Times, Washington Post, The Globe and Mail, Los Angeles Times, CNN. ALJAZEERA ਅਤੇ ਭਾਰਤ ਸਮੇਤ ਦੂਨੀਆ ਦੇ ਹੋਰ ਅਨੇਕਾ ਅਖਬਾਰ ਅਤੇ ਇਲੈਕਟਰੋਨਿਕ ਮੀਡੀਆ ਸ਼ਾਮਲ ਹੈ ਇਸ ਸਦੰਰਬ ਵਿੱਚ ਕੈਲੀਫੋਰਨੀਆ ਤੋਂ ਵੱਡੀ ਅਖਬਾਰ Fresno Bee ਨੇ ਆਪਣੇ ਉਪੀਅਨ ਚ ਇਹ ਲਿਖਕੇ ਕੀ ਸਿੱਖ ਰੈਫਰੈਂਡਮ ਅਜਾਦੀ ਲਈ ਲੜ ਰਹੀਆ ਕੌਮਾਂ ਲਈ ਸ਼ਾਤੀਪੂਰਵਕ ਨਿਵੇਕਲਾ ਰਾਹ ਦਸਕੇ ਸਿੱਖਾਂ ਵਲੋਂ ਲੜੀ ਜਾ ਰਹੀ ਲੜਾਈ ਨੂੰ ਇੱਕ ਇਤਹਾਸਕ ਤੌਰ ਉਪਰ ਨਵਾਂ ਰਾਹ ਦੇ ਦਿੱਤਾ ਹੈ

ਕੈਲੀਫੋਰਨੀਆ ਤੋਂ ਅਖਬਾਰ Fresno Bee ਲਿਖਦਾ ਹੈ ਕਿ 28 ਜਨਵਰੀ ਨੂੰ ਕੈਲੀਫੋਰਨੀਆ ਦੇ ਲੋਕ ਇੱਕ ਨਵਾਂ ਸੁਤੰਤਰ ਦੇਸ਼ ਬਣਾਉਣ ਲਈ ਇਤਿਹਾਸਕ ਵੋਟ ਪਾਉਣਗੇ। ਬਹੁਤ ਲੋਕ ਅਮਰੀਕਾ 'ਚ ਇਹ ਪਹਿਲੀ ਵਾਰ ਸੁਣ ਰਹੇ ਹਨ ਕਿ ਵੋਟਾਂ ਨਾਲ ਭਾਰਤ 'ਚ ਇਕ ਨਵਾਂ ਦੇਸ਼ ਬਣੇਗਾ ਕਿਉਂਕਿ 28 ਜਨਵਰੀ ਨੂੰ ਸਨਫਰਾਂਸਿਸਕੋ 'ਚ ਹੋ ਰਹੀਆਂ ਵੋਟਾਂ 'ਚ ਸਿਰਫ਼ ਸਿੱਖ ਹੀ ਵੋਟ ਪਾਉਣਗੇ। ਇਹ ਵੋਟਾਂ ਦੁਨੀਆਂ ਦਾ ਧਿਆਨ ਆਪਣੇ ਵੱਲ ਖਿਚਦੀਆਂ ਹਨ ਕਿਉਂਕਿ ਸਿੱਖ ਇਕ ਸ਼ਾਂਤੀਪੂਰਵਕ ਦੁਨੀਆ ਨੂੰ ਆਪਣਾ ਦੇਸ਼ ਲੈਣ ਦਾ ਨਵਾਂ ਰਸਤਾ ਦਿਖਾ ਰਹੇ ਹਨ। ਬਿਨਾ ਕਿਸੇ ਖੂਨ ਖਰਾਬੇ ਦੇ 28 ਜਨਵਰੀ ਨੂੰ ਹੋ ਰਹੀਆਂ ਸਨਫਰਾਂਸਿਸਕੋ 'ਚ ਵੋਟਾਂ ਤੋਂ ਪਹਿਲਾਂ ਲੰਡਨ, ਜਿਨੀਵਾ, ਰੋਮ, ਟੋਰਾਂਟੋ ਅਤੇ ਵੈਨਕੁਵਰ 'ਚ ਵੱਡੀ ਤਾਦਾਦ 'ਚ ਵੋਟਾਂ ਪੈ ਚੁੱਕੀਆਂ ਹਨ ਅਤੇ ਵੱਡੀ ਗਿਣਤੀ 'ਚ ਸਿੱਖਾਂ ਨੇ ਇਨ੍ਹਾਂ 'ਚ ਭਾਗ ਲਿਆ ਹੈ। ਅਖ਼ਬਾਰ ਅੱਗੇ ਲਿਖਦਾ ਹੈ ਕਿ ਅਮਰੀਕਾ ਬੇਸ ਜਥੇਬੰਦੀ SFJ ਵਲੋਂ ਇਹ ਕੰਪੇਨ ਆਰੰਭੀ ਗਈ ਹੈ ਅਤੇ ਸਿੱਖ ਧਰਮ 500 ਸਾਲ ਪੁਰਾਣਾ ਧਰਮ ਹੈ ਅਤੇ ਸਾਰੀ ਦੁਨੀਆ 'ਚ 25 ਮਿਲੀਅਨ ਸਿੱਖ ਹਨ ਜਿਨ੍ਹਾਂ ਦਾ 80% ਪੰਜਾਬ 'ਚ ਰਹਿੰਦਾ ਹੈ ਅਤੇ ਕੈਲੀਫੋਰਨੀਆ 'ਚ ਤਕਰੀਬਨ 250000 ਸਿੱਖ ਹਨ। ਭਾਰਤ ਸਰਕਰ SFJ ਨੂੰ ਭਾਰਤ 'ਚ ਬੈਨ ਕੀਤਾ ਹੋਇਆ ਹੈ। SFJ ਦਾ ਕਹਿਣਾ ਹੈ ਕਿ ਵੋਟਾਂ ਇਕ ਸ਼ਾਂਤੀਪੂਰਵਕ ਬਿਨਾ ਖੂਨ ਖਰਾਬੇ ਦੇ UNO ਦੇ ਚਾਰਟਰ ਹੇਠ ਜਮਹੂਰੀਅਤ ਤਰੀਕਾ ਹੈ ਇਸ ਵਾਸਤੇ SFJ ਦੁਨੀਆ ਦੇ ਅਜ਼ਾਦ ਨਿਰਪੱਖ ਲੋਕਾਂ ਦੀ ਮਦਦ ਨਾਲ ਵੋਟਾਂ ਪਵਾਉਂਦਾ ਹੈ ਜੋ ਵੋਟ ਵੇਲੇ ਵੈਲਿਡ ਆਈਡੀ ਦੇਖ ਕੇ ਵੋਟ ਪਵਾਈ ਜਾਂਦੀ ਹੈ। ਸਾਰੀ ਦੁਨੀਆ 'ਚ ਸਿੱਖਾਂ ਦੀਆਂ ਵੋਟਾਂ ਤੋਂ ਬਾਅਦ ਭਾਰਤ ਉਪਰ ਦਬਾਉ ਬਣਾਇਆ ਜਾਵੇਗਾ ਕੀ ਭਾਰਤ 'ਚ ਸਿੱਖਾਂ ਨੂੰ ਆਤਮ ਨਿਰਣੇ ਦਾ ਹੱਕ ਦਿੱਤਾ ਜਾਵੇ।

ਕੈਨੈਡਾ ਦੇ ਪ੍ਰਧਾਨ ਮੰਤਰੀ ਮੁਤਾਬਕ ਭਾਰਤੀ ਏਜੰਟਾਂ ਵਲੋਂ ਸ੍ਰ. ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਭਾਰਤ ਭਾਰਤ-ਕੈਨੇਡਾ ਦੇ ਸਬੰਧ ਕਾਫ਼ੀ ਵਿਗੜ ਗਏ ਹਨ ਅਤੇ ਕੈਨੇਡਾ 'ਚ ਵੋਟਾਂ ਵੀ ਸ਼ਹੀਦ ਹਰਦੀਪ ਸਿੰਘ ਨਿੱਝਰ ਦੇ ਨਾਮ ਹੇਠ ਕਰਾਈਆਂ ਗਈਆਂ ਹਨ ਜਿਸ ਨੂੰ ਕੈਨੇਡਾ ਦੇ ਨਿਰਪੱਖ ਚੋਣਾਂ ਕਰਾਉਣ ਵਾਲੇ ਲੋਕਾਂ ਨੇ ਆਪਣੀ ਨਿਗਰਾਨੀ ਹੇਠ ਕਰਾਇਆ। ਅਖਬਾਰ ਅੱਗੇ ਲਿਖਦਾ ਹੈ ਕਿ ਸਿੱਖਾਂ ਵਲੋਂ ਆਪਣੇ ਵੱਖਰੇ ਦੇਸ਼ ਲਈ ਇਹ ਚੋਣਾਂ ਦਾ ਸ਼ਾਂਤੀਪੂਰਵਕ ਤਰੀਕਾ ਆਪਣੇ ਦੇਸ਼ਾਂ ਲਈ ਲੜ ਰਹੀਆਂ ਕੌਮਾਂ ਨੂੰ ਵੱਖਰਾ ਰਾਹ ਵਿਖਾਏਗਾ।



ਫੋਟੋ ਧੰਨਵਾਦ ਸਾਹਿਤ : ਸੋਸ਼ਲ ਮੀਡੀਆ

# ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਾਰੇ ਇਕ ਅਹਿਮ ਪੰਥਕ ਦਸਤਾਵੇਜ਼


ਸ੍ਰ. ਗੁਰਚਰਨਜੀਤ ਸਿੰਘ ਲਾਂਬਾ




੭

# ਸੱਸੀ-ਪੁੰਨੂੰ, ਭਾਈ ਗੁਰਦਾਸ ਜੀ ਦੀਆਂ ਵਾਰਾਂ ਬਾਰੇ ਕੁੱਝ ਵੀਚਾਰ

ਸਾਲ 2023 ਦੇ ਦਸੰਬਰ ਦੇ ਪਿਛਲੇ ਅੱਧ ਵਿਚ ਸਾਬਕਾ ਹੈਡ ਗ੍ਰੰਥੀ ਜਗਤਾਰ ਸਿੰਘ ਜਾਚਕ ਵੱਲੋਂ ਛੱਡਿਆ ਇਕ ਸ਼ੋਸ਼ਾ ਸੁਣਨ, ਪੜ੍ਹਨ ਨੂੰ ਮਿਲਿਆ, ਤੇ ਗਿਆਨੀ ਜਗਤਾਰ ਸਿੰਘ ਹੋਰਾਂ ਦੀ ਜ਼ਬਾਨੀ ਸੱਸੀ-ਪੁੰਨੂੰ ਦੀ ਕਹਾਣੀ ਤਾਂ ਗੁਰੂ ਗੋਬਿੰਦ ਸਿੰਘ ਜੀ ਤੋਂ 24 ਸਾਲ ਬਾਅਦ ਤੇ ਭਾਈ ਗੁਰਦਾਸ ਜੀ ਤੋਂ 95-96 ਸਾਲ ਬਾਅਦ ਹੋਂਦ ਵਿਚ ਆਈ। ਇਸ ਸ਼ੋਸ਼ੇ ਨੇ ਮੇਰੇ ਮਨ ਵਿਚ ਕੁੱਝ ਹਲ-ਚੱਲ ਜਿਹੀ ਪੈਦਾ ਕੀਤੀ ਤੇ ਮੈਂ ਨਿਰਖ-ਭਾਲ ਤੇ ਪੜਚੋਲ ਕਰਨੀ ਸ਼ੁਰੂ ਕੀਤੀ। ਪੰਜਾਬ ਯੂਨੀਵਰਸਿਟੀ ਲਹੌਰ ਨੂੰ ਸੰਪਰਕ ਕਰਨ ਤੇ ਜਵਾਬ ਮਿਲਿਆ ਕਿ ਕਾਦਰ ਯਾਰ, ਜਿਹੜਾ ਗੁਜ਼ਰਾਂਵਾਲੇ 1802ਈ: 'ਚ ਪੈਦਾ ਹੋਇਆ ਅਤੇ 1892 'ਚ ਉਹ ਚਲਾਣਾ ਕਰ ਗਿਆ, ਜਿਸਨੇ ਕਿੱਸਾ 'ਪੂਰਨ ਭਗਤ' ਵੀ ਲਿਖਿਆ, ਨੇ ਹੀ ਸੱਸੀ-ਪੁੰਨੂੰ ਦਾ ਕਿੱਸਾ ਵੀ ਪਹਿਲੀ ਵਾਰ ਕਲਮ ਬੱਧ ਕੀਤਾ। ਪਰ ਇਸ ਜਵਾਬ ਨਾਲ ਮੇਰੀ ਤਸੱਲੀ ਨਾ ਹੋਈ। ਜਦੋਂ ਹੋਰ ਪੁੱਛ ਪੜਤਾਲ ਕੀਤੀ ਤਾਂ ਪਤਾ ਚੱਲਿਆ ਕਿ ਕੋਈ ਸ਼ਾਹ ਅਬਦੁਲ ਭਿੱਟਾ ਹੋਇਆ ਹੈ, ਉਸ ਬਾਰੇ ਪੜ੍ਹੋ। ਜਦੋਂ ਤੁਰਕੀ (Turkish Studies Journal) ਦੇ ਵੇਰਵੇ ਨਾਲ ਪਤਾ ਕੀਤਾ ਤਾਂ ਪਤਾ ਚੱਲਿਆ ਕਿ ਕੋਈ ਸੂਫੀ ਕਵੀ ਸ਼ਾਹ ਅਬਦੁਲ ਭਿੱਟਾ ਵੀ ਸਿੰਧ ਵਿਚ ਈ, 1689ਈ: ਤੋਂ 1752ਈ: 'ਚ ਹੋਇਆ ਹੈ ਜਿਸ ਨੇ ਸੱਸੀ-ਪੁੰਨੂੰ ਦਾ ਕਿੱਸਾ ਪਹਿਲੀ ਵਾਰ ਕਲਮ ਬੱਧ ਕੀਤਾ ਸੀ। ਗਿਆਨੀ ਜਗਤਾਰ ਸਿੰਘ ਜਾਚਕ ਜੀ ਦੇ ਛੱਡੇ ਸ਼ੋਸੇ ਵਿਚ ਕੁੱਝ ਅਸਲੀਅਤ ਦਿੱਸਦੀ ਨਜ਼ਰ ਆਈ, ਪਰ ਸੌ ਪ੍ਰਤੀਸ਼ਤ ਨਹੀਂ ਕਿਉਂਕਿ ਜੋ ਕਹਾਣੀਆਂ ਲਿਖਤ ਵਿਚ ਆਉਂਦੀਆਂ ਹਨ ਉਹ ਕਈ ਵਾਰ ਇਕ ਇਕ ਸਦੀ ਤੋਂ ਵੀ ਜ਼ਿਆਦਾ ਪਹਿਲਾਂ ਲੋਕਾਂ ਦੇ ਜ਼ਬਾਨੀ ਕਲਾਮੀ ਵਿਹਾਰ ਦਾ ਹਿੱਸਾ ਬਣ ਚੁੱਕੀਆਂ ਹੁੰਦੀਆਂ ਹਨ।

ਲਿਖਾਰੀ ਨੂੰ ਕੋਈ ਨਾ ਕੋਈ, ਕਿਧਰੋਂ ਨਾ ਕਿਧਰੋਂ, ਕੁੱਝ ਨਾ ਕੁੱਝ ਸੁਣਨ ਨੂੰ ਮਿਲਦਾ ਹੈ ਤਾਹੀ ਤਾਂ ਉਹ ਉਸ ਨੂੰ ਕਲਮ ਬੱਧ ਕਰਨ ਬੈਠਦਾ ਹੈ, ਆਪਣੇ ਤੌਰ-ਤਰੀਕੇ ਕੁੱਝ ਵਧਾ-ਘਟਾ ਕੇ, ਕੁੱਝ ਖਿਆਲੀ ਪੁਲਾਓ ਪਕਾ ਕੇ, ਕੁੱਝ ਖੰਭਾਂ ਦੀਆਂ ਡਾਰਾਂ ਬਣਾ ਕੇ। ਇਸ ਤਰ੍ਹਾਂ ਕਰਦੇ ਕਰਦੇ ਕਈ ਵਾਰੀ ਲਿਖਾਰੀ ਆਪਣੀਆਂ ਕਿੜ੍ਹਾਂ ਤੇ ਦੁਸ਼ਮਣੀਆਂ ਵੀ ਟੇਡੇ ਮੇਡੇ ਢੰਗ ਨਾਲ ਕਿੱਸੇ ਵਿਚ ਦਰਜ਼ ਕਰਨੋਂ ਨਹੀਂ ਟਲਦਾ। ਜੇਕਰ ਸ਼ਾਹ ਅਬਦੁਲ ਭਿੱਟਾ ਨੇ 25-30 ਸਾਲਾਂ ਦੀ ਉਮਰੇ ਇਹ ਕਿੱਸਾ ਕਲਮ ਬੱਧ ਕੀਤਾ ਹੋਵੇ ਤਾਂ ਗਿਆਨੀ ਜਗਤਾਰ ਸਿੰਘ ਜਾਚਕ ਦਾ ਸ਼ੋਸ਼ਾ ਠੀਕ ਟਿਕਾਣੇ ਤੇ ਵੱਜਿਆ ਤੀਰ ਜਾਪਦਾ ਹੈ। ਪਰ ਹੁਣ ਇਨ੍ਹਾਂ ਕਿੱਸਿਆਂ ਦੇ ਜ਼ਬਾਨੀ ਕਲਾਮੀ ਤੇ ਸੁਣਤੋ ਸੁਣਤ ਤੁਰੀਆਂ ਆਉਂਦੀ ਕਹਾਣੀਆਂ, ਜਿਹੜੀਆਂ ਪੀਹੜੀ ਦਰ ਪੀਹੜੀ ਦਾਦੇ ਦਾਦੀਆਂ ਤੇ ਨਾਨੇ ਨਾਨੀਆਂ ਆਪਣੇ ਪੋਤੇ ਪੋਤੀਆਂ ਤੇ ਦੋਹਤੇ ਦੋਹਤੀਆਂ ਨੂੰ ਸੁਣਾਉਂਦੇ ਰਹੇ ਸਨ, ਵਾਲੇ ਸਮੇਂ ਨੂੰ ਕਿਵੇਂ ਨੀਯਤ ਕੀਤਾ ਜਾਵੇ? ਇਕ ਵਾਰ ਗੂਗਲ ਤੇ ਖੋਜ਼ ਕੀਤੀ ਤਾਂ ਪਤਾ ਚੱਲਿਆ ਕਿ ਇਹ ਕਹਾਣੀ ਬਾਰਵੀਂ ਸਦੀ ਤੋਂ ਤੁਰੀ ਆ ਰਹੀ ਹੈ ਪਰ ਉਸ ਮਾਂ ਦੇ ਪੁੱਤ ਨੇ ਇਸ ਤੋਂ ਵੱਧ ਹੋਰ ਕੋਈ ਸਬੂਤ ਦੇਣਾ ਯਾ ਚਾਨਣਾ ਪਾਉਣ ਦੀ ਕੋਈ ਵੀ ਕੋਸ਼ਿਸ਼ ਨਹੀਂ ਕੀਤੀ। ਪਰ ਇਹ ਤਾਂ ਸਾਨੂੰ ਮੰਨਣਾ ਹੀ ਪਵੇਗਾ ਕਿ ਹਰ ਕਿੱਸਾ ਕਹਾਣੀ ਪਹਿਲੇ ਪਹਿਲ ਜ਼ਬਾਨੀ ਕਲਾਮੀ ਹੀ ਚੱਲਦੀ ਹੈ ਜਿਵੇਂ ਜੱਗਾ ਡਾਕੂ, ਸੁੱਚਾ ਸੂਰਮਾ, ਪਹਿਲਵਾਨ ਕਿੱਕਰ ਸਿੰਘ। ਹਾਲੇ ਕੱਲ੍ਹ ਦੀ ਹੀ ਤਾਂ ਗੱਲ ਹੈ ਮਹਾਂਰਾਜਾ ਰਣਜੀਤ ਸਿੰਘ ਜੋ 1839 ਵਿਚ



ਚੜ੍ਹਾਈ ਕਰਦਾ ਹੈ ਤੇ ਅਗਲੇ ਦਸ ਸਾਲ ਉਸ ਦੀ ਅੰਸ-ਬੰਸ ਦੇ ਬੰਦੇ ਰਾਜੇ ਬਣੇ, ਰਾਜੇ ਮਾਰੇ ਗਏ ਅਤੇ ਅੰਤ ਨੂੰ ਖਾਲਸਾ ਸਰਕਾਰ ਦਾ ਭੋਗ ਪਾ ਦਿੱਤਾ ਗਿਆ।


ਗੁਰਚਰਨ ਸਿੰਘ ਜਿਉਣ ਵਾਲਾ
+647 966 3132

ਮਹਾਂਰਾਜੇ ਦੇ ਜਿਉਂਦੇ ਜੀਅ ਕਿਸੇ ਅੰਗਰੇਜ਼ ਨੇ ਉਸ ਦੀ ਸ਼ਖਸ਼ੀਅਤ ਨੂੰ ਨਹੀਂ ਨਿੰਦਿਆ ਪਰ ਜਿਉਂ ਹੀ ਓਹ ਅੱਖਾਂ ਮੀਚ ਗਿਆ ਤਾਂ ਉਹ ਸ਼ਰਾਬੀ ਕਵਾਬੀ ਵੀ ਬਣਾ ਧਰਿਆ। ਏਥੋਂ ਤਕ ਕਿ ਜਿਹੜੇ ਕਦੇ ਰਾਜ ਮਹਿਲ ਵਿਚ ਵੜੇ ਵੀ ਨਹੀਂ ਸਨ ਉਹ ਮਹਾਂਰਾਜੇ ਦੇ ਸੌਣ ਵਾਲੇ ਪਲੰਘ ਦੀਆਂ ਗੱਲਾਂ ਵੀ ਲਿਖਣ ਲੱਗ ਪਏ। ਏਥੇ ਹੀ ਬੱਸ ਨਹੀਂ ਮੋਗੇ ਵਾਲੇ ਬਲਦੇਵ ਸਿੰਘ 'ਸੜਕਨਾਮੇ' ਨੇ ਤਾਂ 'ਸੂਰਜ ਦੀ ਅੱਖ' ਕਿਤਾਬ ਲਿਖ ਕੇ ਰਾਜੇ ਰਣਜੀਤ ਸਿੰਘ ਦੇ 6-7 ਮੁਲਮਾਨ ਔਰਤਾਂ ਨਾਲ ਵਿਆਹ ਵੀ ਕਰਵਾ ਦਿੱਤੇ, ਜਿਸ ਦੇ ਬਦਲੇ ਉਸ ਨੂੰ ਵੈਨਕੂਵਰ ਤੋਂ ਕਰਿਸਚੀਅਨ ਬਣੇ ਇਕ ਸਿੱਖ ਨੇ 25,000.00 (ਪੱਚੀ ਹਜ਼ਾਰ ਕਨੇਡੀਅਨ ਡਾਲਰ) ਦਾ ਇਨਾਮ ਵੀ ਦੁਆਇਆ ਜਾਂ ਦਿੱਤਾ। ਜਦੋਂ ਮੈਂ ਉਸ ਨੂੰ ਮੋਗੇ ਫੂੰਨ ਕਰਕੇ ਪੁੱਛਿਆ ਕਿ ਜਿਤਨਾ ਚਿਰ ਰਣਜੀਤ ਸਿੰਘ ਆਪਣਾ ਧਰਮ ਤਬਦੀਲ ਨਹੀਂ ਕਰਦਾ ਉਤਨਾ ਚਿਰ ਮੌਲਵੀ ਉਸਦਾ ਨਿਕਾਹ ਨਹੀਂ ਪੜ੍ਹ ਸਕਦਾ। ਕ੍ਰਿਪਾ ਕਰਕੇ ਰਾਜੇ ਰਣਜੀਤ ਸਿੰਘ ਦਾ ਮੁਸਲਮਾਨੀ ਨਾਮ ਤਾਂ ਦੱਸੋ? ਕਹਿੰਦਾ, ਸਮਾਂ ਆਉਣ ਤੇ ਦੱਸਾਂਗਾ। ਸੱਤ ਸਾਲ ਹੋ ਗਏ ਹਾਲੇ ਤਕ ਤਾਂ ਸਮਾ ਨਹੀਂ ਆਇਆ। ਸ਼ਾਇਦ ਬਲਦੇਵ ਸਿੰਘ 'ਸੜਕ ਨਾਮਾ' ਆਪ ਚੜ੍ਹਾਈ ਕਰਕੇ, ਰਣਜੀਤ ਸਿੰਘ ਨੂੰ ਮਿਲ ਕੇ ਆ ਕੇ ਦੱਸੇ ਕਿ ਰਾਜੇ ਨੇ ਮੈਨੂੰ ਆਪਣਾ ਮੁਸਲਮਾਨੀ ਨਾਮ ਆਹ ਦੱਸਿਆ? ਚਲੋ ਖੈਰ ਇਹ ਸਵਾਲ ਖੜਾ ਰਹੇਗਾ ਕੋਈ ਗੱਲ ਨਹੀਂ। ਰਣਜੀਤ ਸਿੰਘ ਬਾਰੇ **ਵਿਧਾਤ ਸਿੰਘ ਤੀਰ ਦੇ ਕੁੱਝ ਲਫਜ਼:**

**ਉਸ ਬੁੱਢੜੇ ਮੋਚੀ ਦਾ, ਦਿਲ ਡਾਢਾ ਭਰ ਆਇਆ।**
**ਉਸ ਪਿਆਰੇ ਪਾਂਡੀ ਦੀ, ਉਸ ਸੋਹਣੇ ਪਾਂਡੀ ਦੀ,**
**ਉਸ ਕੰਨੀ ਪਕੜ ਲਈ, ਮਨਮੋਹਣੇ ਪਾਂਡੀ ਦੀ,**
**ਦਿਲਦਾਰੀ ਇਉਂ ਕੀਤੀ, ਦਿਲ-ਖੋਹਣੇ ਪਾਂਡੀ ਦੀ।**
**ਸਰਦਾਰਾ! ਜੀਉਂਦਾ ਰਹੁ, ਕੀ ਨਾਂ ਹੈ ਦੱਸ ਤੇਰਾ,**
**ਤੂੰ ਮੁੱਲ ਲੈ ਲੀਤਾ ਏ, ਇਸ ਬੁੱਢੜੇ ਮੋਚੀ ਨੂੰ,**
**ਕਬਰਾਂ ਵਿੱਚ ਪੈ ਕੇ ਵੀ, ਗਾਵੇਗਾ ਜੱਸ ਤੇਰਾ।**
**ਉਸ ਹੀਰੇ ਪਾਂਡੀ ਨੇ, ਝਟ ਚਾਦਰ ਲਾਹ ਦਿੱਤੀ,**
**ਬਰਦੀ ਵੀ ਸ਼ਾਹੀ ਏ, ਸਿਰ 'ਤੇ ਵੀ ਕਲਗੀ ਏ,**
**ਬੁੱਢੜੇ ਦੇ ਦਿਲ ਅੰਦਰ, ਇਕ ਹਲਚਲ ਪਾ ਦਿੱਤੀ।**
**ਬਾਬਾ ਮੈਂ ਰਾਜਾ ਹਾਂ, ਨਾਂ ਹੈ ਰਣਜੀਤ ਮੇਰਾ,**
**ਨੇਕੀ ਹੈ ਕਾਰ ਮੇਰੀ, ਸਾਂਝਾ ਹੈ ਧਰਮ ਮੇਰਾ,**
**ਪਰਜਾ ਲਈ ਜਾਨ ਦਿਆਂ, ਪੇਸ਼ਾ ਹੈ ਪ੍ਰੀਤ ਮੇਰਾ।**
**ਕਾਬਲ ਦੀਆਂ ਕੰਧਾਂ ਤਕ, ਮੈਂ ਪਾਉਂਦਾ ਘੂਕਰ ਹਾਂ,**
**ਪਰ ਪਿਆਰੇ ਬਾਬਾ ਜੀ, ਪਰਜਾ ਦਾ ਕੂਕਰ ਹਾਂ।**
**— ਵਿਧਾਤਾ ਸਿੰਘ ਤੀਰ**

ਜੇਕਰ ਸ਼ਾਹ ਅਬਦੁਲ ਭਿੱਟਾ ਦੇ ਕਲਮ ਬੱਧ ਕੀਤੇ 'ਸੱਸੀ-ਪੁੰਨੂੰ' ਕਿੱਸੇ ਨੂੰ ਅਧਾਰ ਬਣਾ ਕੇ ਚੱਲੀਏ ਤਾਂ ਵੀ ਸਾਨੂੰ ਇਹ ਮੰਨਣਾ ਹੀ ਪਵੇਗਾ ਕਿ ਪੰਜਾਬੀਆਂ ਦੀਆਂ ਕਹਾਣੀਆਂ, ਜੋ ਓਸ ਵੇਲੇ ਮਨ ਪ੍ਰਚਾਵੇ ਦਾ ਸਾਧਨ ਹੁੰਦੀਆਂ ਸਨ, ਲਿਖਤੀ ਖਰੜਿਆਂ ਤੋਂ ਬਹੁਤ ਪੁਰਾਣੀਆਂ ਹਨ। ਮੈਂ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਾਵਟ ਨਹੀਂ ਕੀਤੀ ਗਈ। ਭਾਈ ਵੀਰ ਸਿੰਘ ਹੋਰਾਂ ਵੀ ਇਹ ਲਿਖਿਆ ਹੈ ਕਿ "ਜਦੋਂ ਤੋਂ ਹੀ ਭਾਈ ਗੁਰਦਾਸ ਦੀਆਂ ਵਾਰਾਂ ਲੋਕਾਂ ਪੜ੍ਹਨੀਆਂ ਸ਼ੁਰੂ ਕੀਤੀਆਂ ਹਨ ਤਾਂ ਕੁੱਝ ਸਿਆਣਿਆਂ ਨੇ ਇਤਰਾਜ ਕਰਨੇ ਸ਼ੁਰੂ ਕੀਤੇ ਹਨ ਅਤੇ ਖਾਸ ਕਰਕੇ ਪਹਿਲੀ ਵਾਰ ਦੀ ਅਖੀਰਲੀ ਪਉੜੀ ਤੇ" ਮਤਲਬ ਜਿਸ ਵਿਚ "ਵਾਹਿ ਗੁਰੂ ਗੁਰ ਮੰਤਰ ਹੈ" ਲਿਖਿਆ ਹੈ। ਜੇ ਕਿਸੇ ਮਿੱਤਰ ਪਿਆਰੇ ਨੇ, ਇਸ ਵਿਸ਼ੇ ਤੇ ਕੁੱਝ ਹੋਰ ਖੋਜ ਕੀਤੀ ਹੋਵੇ ਤਾਂ ਜ਼ਰੂਰ ਸਾਂਝੀ ਕਰਨ ਦੀ ਕੋਸ਼ਿਸ਼ ਕਰੇ। ਧੰਨਵਾਦ ਜੀ।


ਅਯੁੱਧਿਆ ਵਿਚ 500 ਸਾਲ ਬਾਅਦ ਬਣ ਰਹੇ
ਰਾਮ ਲੱਲਾ ਦੇ ਮੰਦਰ
ਦੀਆਂ ਪੂਰੀ ਦੁਨੀਆ ਵਿਚ ਵਸਦੇ ਭਾਰਤੀਆਂ ਨੂੰ
ਵਧਾਈਆਂ
ਜਿੰਨੀ ਵੀ ਮਨਾਈਏ ਖੁਸ਼ੀ ਉਨੀ ਅੱਜ ਥੋੜ੍ਹੀ ਏ, ਲੋਹੜੀ ਦਾ ਤਿਉਹਾਰ ਯਾਰੋ ਲੋਹੜੀ ਅੱਜ ਲੋਹੜੀ ਏ
ਲੋਹੜੀ
ਦੀਆਂ ਲੱਖ-ਲੱਖ
ਵਧਾਈਆਂ
ਅਮਰੀਕਾ ਦੇ ਉਘੇ ਪੰਜਾਬੀ ਨਿਧੜਕ ਆਗੂ, ਕਮਿਊਨਟੀ ਦੇ
ਹਰ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ
ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਅਤੇ
ਸਭਿਆਚਾਰ ਦੇ ਸੇਵਾਦਾਰ ਅਤੇ
ਹਿੰਦੂ ਟੈਂਪਲ ਸਨੀਵੇਲ ਕੈਲੀਫੋਰਨੀਆ ਦੇ
ਸਾਬਕਾ ਪ੍ਰਧਾਨ
LOHRI
ਸ੍ਰੀ ਰਾਜ ਭਨੋਟ
ਅਤੇ ਸਮੂਹ ਭਨੋਟ ਪਰਿਵਾਰ

### 11 ਜਨਵਰੀ : ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਕੈਨੇਡਾ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਮਹਾਨ ਯੋਧੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

ਡਾ. ਗੁਰਵਿੰਦਰ ਸਿੰਘ

ਕੈਨੇਡਾ ਦੇ ਮੋਢੀ ਜੁਝਾਰੂ ਸਿੱਖਾਂ 'ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਲੋਪੋਕੇ ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ "ਚਿੱਟੀ ਚਮੜੀ ਵਾਲਿਆਂ ਦਾ ਦੇਸ਼' ਸਾਬਤ ਕਰਨ ਦੀ ਕੋਸ਼ਿਸ਼ 'ਚ ਲੱਗੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਸੀ। ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ, ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੱਝਿਆ ਸੀ। ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ 'ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ। ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ। ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ,1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ।

21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼', ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ।



ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ। ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ। ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ।

ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਗੁਲਾਮ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦੇ ਏਜੰਟ ਐਂਗਲੋ -ਇੰਡੀਅਨ ਵਿਲੀਅਮ ਹਾਪਕਿਨਸਨ ਨੇ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਇਆ ਸੀ। ਇਸ ਸਮੇਂ ਚੱਲ ਰਹੀ ਕਸ਼ਮਕਸ਼ ਦੇ ਦੌਰ ਵਿੱਚ ਇੱਕ ਗੱਲ ਸਪੱਸ਼ਟ ਹੈ ਕਿ 110 ਸਾਲ ਪਹਿਲਾਂ ਭਾਰਤੀ ਬ੍ਰਿਟਿਸ਼ ਏਜੰਟਾਂ ਨੇ ਕੈਨੇਡਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੂੰ ਹਕੂਮਤੀ ਸ਼ਹਿ 'ਤੇ ਸ਼ਹੀਦ ਕਰਵਾਇਆ ਸੀ ਅਤੇ ਹੁਣ ਫੇਰ ਇਹ ਇਤਿਹਾਸ ਦੁਹਰਾਇਆ ਗਿਆ ਹੈ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। ਵਿਲੀਅਮ ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 1880 ਵਿੱਚ ਹੋਇਆ ਸੀ।

ਵਿਲੀਅਮ ਹਾਪਕਿਨਸਨ ਦਾ ਬਾਪ ਅੰਗਰੇਜ਼ ਅਤੇ ਮਾਂ ਭਾਰਤੀ ਹਿੰਦੂ ਸੀ, ਇਸੇ ਕਾਰਨ ਉਸ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਚਾਰਲਸ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ ਲੰਡਨ' ਦੇ ਇੱਕ ਪੱਤਰਕਾਰ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇਕ ਰਿਪੋਰਟ ਲਈ ਵੱਧ ਤੋਂ ਵੱਧ ਖੁਫੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਬ੍ਰਿਟਿਸ਼ ਹੌਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ।

ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਵਿੱਚ ਘੁਸਪੈਠ ਕਰ ਲਿਆ। ਉਸਨੇ ਬੇਲਾ ਜਿਆਣ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭਰਿਸ਼ਟਾਚਾਰੂ ਕਾਰਵਾਈਆਂ ਜਾਹਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਸੂਹੀਏ ਦਾ ਹਰ ਤਰ੍ਹਾਂ ਬਚਾਓ ਕੀਤਾ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਹੌਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖਿਲਾਫ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ। ਉਸ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਸਿੱਖਾਂ ਨੂੰ ਸ਼ਹੀਦ ਕਰਵਾਉਣ ਦੀ ਸੀ।

ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਮੁੱਖ ਦੋਸ਼ੀ ਸੀ, ਜਿਨ੍ਹਾਂ ਹਾਪਕਿਨਸਨ ਨੂੰ ਸੋਧਣ ਦੀ ਸਹੁੰ ਖਾਈ। ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ 21 ਅਕਤੂਬਰ 1914 ਨੂੰ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ। ਦੂਜੇ ਪਾਸੇ 30 ਅਕਤੂਬਰ ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਭਾਈ ਸਾਹਿਬ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ।

ਅਦਾਲਤ ਵਿਚ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ "ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰੁਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।

"ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਓ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ,





PROCLAMATION
CITY OF NEW WESTMINSTER

**Bhai Mewa Singh Day**
**January 11, 2020**

WHEREAS the Sikhs have contributed to the growth and development of Canada, and

WHEREAS Bhai Mewa Singh was a highly respected leader of the Sikh community, and died fighting against racism and for the dignity of the Sikhs and all South Asian immigrants, and

WHEREAS Bhai Mewa Singh was a humanitarian and a strong advocate for the rights of the Sikh community and other South Asian immigrants, and

WHEREAS January 11 is a historically important date recognized by the Sikhs and South Asians all across Canada each year in commemoration of his death in 1915, and

WHEREAS Bhai Mewa Singh was executed in New Westminster, and

WHEREAS the City of New Westminster honours the Sikh history and culture, Bhai Mewa Singh's place in South Asian history, and our valued relationship with the Sikh community.

NOW THEREFORE I, Jonathan Coté, Mayor of the City of New Westminster do hereby proclaim January 11, 2020 as

**Bhai Mewa Singh Day**

In the City of New Westminster, Province of British Columbia.

Jonathan Coté
MAYOR

ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।" ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

ਨਸਲਵਾਦੀ ਚਿਟ ਚਮੜੀਆਂ ਵਿਲੀਅਮ ਹੌਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ "ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ" ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਕੈਨੇਡਾ ਦੇ ਇਤਿਹਾਸ ਵਿੱਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਇਹ ਗੌਰਵਮਈ ਗਾਥਾ ਸਾਡਾ ਸ਼ਾਨਾਮੱਤਾ ਇਤਿਹਾਸ ਹੈ। ਇਸ ਦਿਨ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦੇ ਮੁੱਢ ਬੱਝਣ ਬੰਨ੍ਹਣ ਵਜੋਂ ਚੇਤੇ ਕਰਨਾ ਚਾਹੀਦਾ ਹੈ।

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿਚ 2020 ਨੂੰ ਮਤਾ ਲਿਆਂਦਾ ਅਤੇ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰਨ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਵਿਚ ਮਲਟੀ-ਕਲਚਰਲਿਜ਼ਮ ਸਥਾਪਤ ਕਰਨ ਵਾਲੀ ਸ਼ਖ਼ਸੀਅਤ ਵਜੋਂ ਸਨਮਾਨ ਦਿੱਤਾ ਜਾਏ। ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਸ਼ਹੀਦ ਮੇਵਾ ਸਿੰਘ ਦੇ ਨਕਸ਼ੇ-ਕਦਮਾਂ ਤੇ ਪਹਿਰਾ ਦੇਣ। ਅੱਜ ਲੋੜ ਅਜਿਹੇ ਪ੍ਰਬੰਧਕਾਂ ਤੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਖ਼ ?ਲਾਫ਼ ਡਟਣ। ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਦੀ ਮਿਸਾਲ ਤਾਜ਼ਾ ਘਟਨਾਵਾਂ ਵਿੱਚ, ਸਰੀ ਦੇ ਗੁਰਦੁਆਰਾ ਸਾਹਿਬ ਵਿਖੇ ਪਹਿਲੀ ਤਰਜ਼ 'ਤੇ ਹੀ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਸ਼ਹੀਦ ਕਰਨ ਤੋਂ ਪ੍ਰਤੱਖ ਰੂਪ ਵਿੱਚ ਮਿਲਦੀ ਹੈ। ਇਸ ਕਰਕੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ।

ਗੁਰਦੁਆਰਾ ਸੁਖ ਸਾਗਰ ਖਾਲਸਾ ਦੀਵਾਨ ਸੁਸਾਇਟੀ ਨਿਊ ਵੈਸਟ ਮਨਿਸਟਰ ਵੱਲੋਂ ਭਾਈ ਸਾਹਿਬ ਦਾ ਸ਼ਹੀਦੀ ਦਿਨ ਉਤਸ਼ਾਹ ਨਾਲ ਮਨਾਉਂਦਿਆਂ ਹੋਇਆਂ, 14 ਜਨਵਰੀ ਦਿਨ ਐਤਵਾਰ ਨੂੰ ਸਵੇਰ ਦੇ ਸਮਾਗਮ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਕੀਤੇ ਜਾ ਰਹੇ ਹਨ ਅਤੇ ਸੰਗਤਾਂ ਨੂੰ ਵੱਧ-ਚੜ ਕੇ ਪਹੁੰਚਣ ਲਈ ਸੱਦਾ ਦਿੱਤਾ ਗਿਆ ਹੈ। ਇਹ ਉਪਰਾਲਾ ਸ਼ਲਾਘਾਯੋਗ ਹੈ।

### *ਗੱਲ ਸਹੇ ਦੀ ਨਹੀਂ, ਗੱਲ ਪਹੇ ਦੀ ਹੈ*

# ਸਿੱਖੀ ਦੇ ਪ੍ਰਬੰਧ ਅਤੇ ਪ੍ਰਚਾਰ ਲਈ ਕਕਾਰ ਅਤੇ ਕਿਰਦਾਰ, ਦੋਵੇਂ ਜ਼ਰੂਰੀ



ਡਾ. ਗੁਰਵਿੰਦਰ ਸਿੰਘ

ਇਨੀਂ ਦਿਨੀਂ ਇੱਕ ਮਸਲਾ ਬੜਾ ਭਖਿਆ ਹੋਇਆ ਹੈ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿੱਚ ਸ਼ਰਾਬ ਦਾ ਸੇਵਨ ਕਰਨ ਵਾਲੇ ਜਾਂ ਸਿੱਖੀ ਸਰੂਪ ਤੋਂ ਮੁਨਕਰ ਵਿਅਕਤੀ ਪ੍ਰਬੰਧਕ ਹੋਣੇ ਚਾਹੀਦੇ ਹਨ। ਵੈਸੇ ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਗੱਲ ਕਰੀਏ ਤਾਂ ਇਹਨਾਂ ਸਵਾਲਾਂ ਦਾ ਸਪੱਸ਼ਟ ਉੱਤਰ 'ਨਹੀਂ' ਵਿੱਚ ਹੈ। ਦਰਅਸਲ ਇਹ ਮਸਲਾ ਕੋਈ ਨਵਾਂ ਨਹੀਂ ਹੈ। ਕੈਨੇਡਾ ਦੀ ਗੱਲ ਕਰੀਏ, ਤਾਂ ਕੈਨੇਡਾ ਵਿੱਚ ਗੁਰਦੁਆਰਿਆਂ ਦੇ ਪ੍ਰਬੰਧਕ ਨੰਗੇ ਸਿਰ ਵੀ ਵਿਚਰਦੇ ਰਹੇ ਹਨ। ਬੇਸ਼ੱਕ ਉਸ ਵੇਲੇ ਵੀ ਇਸ ਗੱਲ ਦਾ ਵਿਰੋਧ ਹੁੰਦਾ ਰਿਹਾ ਸੀ, ਪਰ ਕੁਝ 'ਅੜੀਅਲ ਕਿਸਮ ਦੇ ਕੱਟੜ ਵਿਅਕਤੀ' ਜ਼ਿਦ ਕਰਕੇ ਗੁਰਦੁਆਰੇ ਵਿੱਚ ਨੰਗੇ ਸਿਰ ਜਾਂਦੇ ਸਨ।

ਇਥੋਂ ਤੱਕ ਕਿ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਮਗਰੋਂ ਕੈਨੇਡਾ ਦੀ ਧਰਤੀ 'ਤੇ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਆਇਆ, ਤਾਂ ਉਸ ਵੇਲੇ ਉਹ ਵੀ ਨੰਗੇ ਸਿਰ ਗੁਰਦੁਆਰੇ ਵਿੱਚ ਦਾਖਲ ਹੋਇਆ। ਦੁਖਦਾਈ ਗੱਲ ਇਹ ਹੈ ਕਿ ਨਹਿਰੂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਨੰਗੇ ਸਿਰ ਲੈਕਚਰ ਦਿੱਤਾ, ਹਾਲਾਂ ਕਿ ਭਾਰਤ ਵਿੱਚ ਉਹ ਗੁਰਦੁਆਰੇ ਦੀ ਮਰਿਆਦਾ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ ਕਿ ਗੁਰਦੁਆਰੇ ਵਿੱਚ ਸਿਰ ਢੱਕ ਕੇ ਜਾਈਦਾ ਹੈ, ਨੰਗੇ ਸਿਰ ਨਹੀਂ। ਇਸ ਘਟਨਾ ਕਰਮ ਲਈ ਨਹਿਰੂ ਪੱਖੀ ਸਰਕਾਰਪ੍ਰਸਤ ਪ੍ਰਬੰਧਕ ਮੁੱਖ ਦੋਸ਼ੀ ਕਹੇ ਜਾ ਸਕਦੇ ਹਨ।

ਉਸ ਤੋਂ ਬਾਅਦ ਜਦੋਂ 70ਵਿਆਂ ਵਿੱਚ ਕੈਨੇਡਾ, ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਆਈ, ਉਹ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵੈਨਕੂਵਰ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋਈ, ਤਾਂ ਤਸਵੀਰਾਂ ਵਿੱਚ ਉਸ ਦੇ ਨਾਲ ਦੇ ਨੰਗੇ ਸਿਰ ਨਜ਼ਰ ਆ ਰਹੇ ਸਨ, ਹਾਲਾਂ ਕਿ ਉਸਨੇ ਸਿਰ ਢਕਿਆ ਹੋਇਆ ਸੀ। ਇਸ ਘਟਨਾਕਰਮ ਲਈ ਇੰਦਰਾ ਪੱਖੀ ਕਾਂਗਰਸੀ ਤੇ ਮੌਕਾਪ੍ਰਸਤ ਪ੍ਰਬੰਧਕ ਮੁੱਖ ਦੋਸ਼ੀ ਸਨ। ਉਸ ਤੋਂ ਬਾਅਦ ਦਾ ਸਮਾਂ ਆਇਆ, ਜਦੋਂ ਲੋਅਰ ਮੇਨ ਲੈਂਡ ਸਮੇਤ ਕਈ ਗੁਰਦੁਆਰਿਆਂ ਦੇ ਪ੍ਰਬੰਧਕ ਸ਼ਰਾਬ ਪੀਣ ਵਾਲੇ ਅਤੇ ਸਿੱਖੀ ਸਰੂਪ ਤੋਂ ਮੁਨਕਰ, ਕਾਬਜ਼ ਰਹੇ, ਜੋ ਕਿ ਅੱਜ ਵੀ ਸ਼ਰਾਬੀ ਅਤੇ ਕੁਰਹਤੀਏ ਪ੍ਰਬੰਧਕਾਂ ਦੇ ਹਮਾਇਤੀ ਹਨ। ਹੌਲੀ-ਹੌਲੀ ਸਿੱਖੀ ਪ੍ਰਚਾਰ ਦਾ ਵਧਦਾ ਪ੍ਰਭਾਵ ਅਤੇ ਪੰਜਾਬ ਤੋਂ ਆ ਰਹੇ ਇਮੀਗਰੈਂਟਸ ਸਿੱਖ ਪਰਿਵਾਰਾਂ ਦਾ ਫੈਲਾਅ ਅਜਿਹਾ ਬਣਿਆ ਕਿ ਸਿੱਖੀ ਸਰੂਪ ਵਾਲੇ ਅਤੇ ਮੁਕੰਮਲ ਕਕਾਰਾਂ ਵਾਲੇ ਸਿੱਖ ਇਸ ਪ੍ਰਬੰਧ ਵਿੱਚ ਆਏ। ਕਈ ਪੁਰਾਣਿਆਂ ਨੇ ਉਨਾਂ ਵਿਰੁੱਧ ਇਹ ਭੰਡੀ ਪ੍ਰਚਾਰ ਕੀਤਾ ਕਿ ਗੁਰਦੁਆਰਿਆਂ 'ਤੇ ਖਾਲਿਸਤਾਨੀ ਕਾਬਜ਼ ਹੋ ਗਏ ਤੇ ਇਹ ਕੱਟੜਵਾਦੀ ਹਨ। ਇਉਂ 'ਅਖੌਤੀ ਅਗਾਂਹ ਵਧੂ ਨੰਗੇ ਸਿਰ ਵਾਲਿਆਂ' ਨੇ ਸਿੱਖੀ ਸਿਧਾਂਤਾਂ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਆਖਰਕਰ ਮਜਬੂਰ ਹੋ ਕੇ, ਸਿਰ ਢੱਕ ਕੇ ਹੀ ਗੁਰਦੁਆਰਾ ਸਾਹਿਬ ਆਉਣ ਦਾ ਸਿੱਖੀ ਸਿਧਾਂਤ, ਵਿਰੋਧੀ ਸੋਚ ਵਾਲਿਆਂ ਨੂੰ ਵੀ ਕਬੂਲਣਾ ਹੀ ਪਿਆ।

ਦੂਜੇ ਪਾਸੇ ਕਕਾਰ ਪਹਿਨਣ ਦੇ ਬਾਵਜੂਦ, ਸਿੱਖੀ ਸਿਧਾਂਤਾਂ ਨੂੰ ਸੱਟ ਮਾਰਨ ਵਾਲੇ ਧੜੇ ਦੀ ਗੱਲ ਕਰੀਏ, ਤਾਂ ਇਹ ਪ੍ਰਤੱਖ ਨਜ਼ਰ ਆ ਰਿਹਾ ਹੈ ਕਿ ਕੁਝ ਅਖੌਤੀ ਡੇਰੇਦਾਰ ਅਤੇ ਪ੍ਰਚਾਰਕਾਂ ਦੀਆਂ ਪਿਛਲੇ ਸਮੇਂ ਤੇ ਹੁਣ ਵੀ, 'ਅਖੌਤੀ ਭਗਵਿਆਂ ਨਾਗਪੁਰੀਏ ਪਖੰਡੀਆਂ' ਦੇ ਪੈਰਾਂ ਚ ਡਿੱਗ ਰਹਿਆਂ ਦੀਆਂ ਤਸਵੀਰਾਂ ਅਤੇ ਵੀਡੀਓ ਮਿਲ ਰਹੀਆਂ ਹਨ, ਜਿਨਾਂ ਦੇ ਕਕਾਰ ਤਾਂ ਪਹਿਨੇ ਹੋਏ ਹਨ, ਪਰ ਕਿਰਦਾਰ ਪੱਖੋਂ ਸ਼ਰਮਨਾਕ ਕਰਤੂਤਾਂ ਹਨ, ਜੋ ਕਿ ਅਤ ਨਿੰਦਣ ਯੋਗ ਹੈ। ਸਭ ਤੋਂ ਵੱਡੀ ਦੁਖਦਾਈ ਗੱਲ ਇਹ ਹੈ ਕਿ ਇਹਨਾਂ ਬਹੁਰੂਪੀਆਂ ਆੜ ਵਿੱਚ, ਸ਼ਰਾਬ ਦਾ ਸੇਵਨ ਕਰਨ ਜਾਂ ਸਿੱਖੀ ਸਰੂਪ ਤੋਂ ਮੁਨਕਰ ਲੋਕਾਂ ਨੂੰ ਪ੍ਰਬੰਧ ਵਿੱਚ ਲਿਆਉਣ ਵਾਲੇ, ਸਿੱਖੀ ਦੇ ਦੁਸ਼ਮਣ ਇਹ ਦਾਅਵਾ ਕਰਦੇ ਹਨ ਕਿ ਜੇ ਇਹੋ-ਜਿਹੇ ਹੀ ਕਕਾਰਾਂ ਵਾਲੇ ਹਨ, ਤਾਂ ਇਹਨਾਂ ਨਾਲੋਂ ਚੰਗਾ ਕਿ ਬਿਨਾਂ ਕਕਾਰਾਂ ਵਾਲੇ ਹੀ ਪ੍ਰਬੰਧ ਵਿੱਚ ਆ ਜਾਣ।



ਪੰਡਿਤ ਜਵਾਹਰ ਲਾਲ ਨਹਿਰੂ ਵੈਨਕੂਵਰ ਗੁਰਦੁਆਰਾ ਸਾਹਿਬ ਦੇ ਅੰਦਰ ਨੰਗੇ ਸਿਰ ਸੰਬੋਧਨ ਕਰਦਾ ਹੋਇਆ।

ਗੱਲ ਸਹੇ ਦੀ ਨਹੀਂ, ਗੱਲ ਪਹੇ ਦੀ ਹੈ। ਸਿੱਖੀ ਸਿਧਾਂਤ ਦਾ ਧਾਰਨੀ ਪ੍ਰਬੰਧਕ ਅਤੇ ਪ੍ਰਚਾਰਕ ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਨ ਲਈ ਲਾਇਕ ਹੈ, ਜਿਸ ਦਾ ਜੀਵਨ ਕਿਰਦਾਰ ਪੱਖੋਂ ਤਾਂ ਮਹਾਨ ਅਤੇ ਉੱਚਾ ਹੋਵੇ ਹੀ, ਪਰ ਨਾਲੋ-ਨਾਲ ਉਹ ਕਕਾਰਾਂ ਦਾ ਧਾਰਨੀ ਵੀ ਹੋਵੇ। ਉਸਦੇ ਹਿਰਦੇ ਵਿੱਚ ਬਾਣੀ ਹੋਵੇ ਅਤੇ ਉਹ ਬਾਣੇ ਵਿੱਚ ਵੀ ਸੰਪੂਰਨ ਹੋਵੇ। ਸਵਾਲ ਇਹ ਉਠਦਾ ਹੈ ਕਿ ਜੇਕਰ ਗੁਰਦੁਆਰੇ ਦਾ ਪ੍ਰਬੰਧਕ ਖੁਦ ਸ਼ਰਾਬੀ ਹੈ ਜਾਂ ਸਿੱਖੀ ਸਰੂਪ ਤੋਂ ਮੁਨਕਰ ਹੈ, ਕੀ ਉਹ ਅੰਮ੍ਰਿਤ ਸੰਚਾਰ ਦੀ ਅਤੇ ਸਿੱਖੀ ਪ੍ਰਚਾਰ ਦੀ ਗੱਲ ਕਰ ਸਕੇਗਾ? ਹਰਗਿਜ਼ ਨਹੀਂ। ਜਿਹੜੀਆਂ ਤਾਕਤਾਂ ਗੁਰਦੁਆਰਿਆਂ ਵਿੱਚ ਮੁੜ ਸ਼ਰਾਬੀ-ਕਬਾਬੀ ਅਤੇ ਸਿੱਖੀ ਸਰੂਪ ਤੋਂ ਮੁਨਕਰ ਤਾਕਤਾਂ ਨੂੰ ਕਾਬਜ਼ ਕਰਨਾ ਚਾਹੁੰਦੀਆਂ ਹਨ, ਉਹਨਾਂ ਨੂੰ ਅਸਫਲ ਕਰਨ ਦਾ ਇੱਕੋ ਹੀ ਤਰੀਕਾ ਹੈ ਕਿ ਕਕਾਰ ਸਜਾਉਣ ਵਾਲੇ ਲੋਕਾਂ ਦਾ ਕਿਰਦਾਰ ਹੀ ਇਨਾ ਉੱਚਾ ਹੋਵੇ ਕਿ ਉਹਨਾਂ 'ਤੇ ਸਵਾਲ ਨਾ ਉੱਠ ਸਕੇ। ਕੋਈ ਦਸਮੇਸ਼ ਪਿਤਾ ਦੇ ਬਖਸ਼ੇ ਹੋਏ ਕਕਾਰ ਪਹਿਨ ਕੇ ਕਿਸੇ ਭਗਵੇਂ ਦੇ ਪੈਰਾਂ 'ਚ ਨਾ ਡਿੱਗੇ। ਗੁਰੂ ਗ੍ਰੰਥ ਸਾਹਿਬ ਦੇ ਨਾਲੋਂ ਤੋੜ ਕੇ, ਕਿਸੇ ਹੋਰ ਮਨਮੱਤ ਨਾਲ ਨਾ ਜੋੜੇ।

**ਸਿੱਖ ਦਾ ਇੱਕੋ ਹੀ ਜੁਗੋ ਜੁਗ ਅਟੱਲ ਗੁਰੂ ਹੈ :** ਗੁਰੂ ਗ੍ਰੰਥ ਸਾਹਿਬ। ਜੋ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਕੇ ਕਿਸੇ ਹੋਰ ਨਾਲ ਜੋੜਦਾ ਹੈ ਜਾਂ ਕਕਾਰ ਪਹਿਨ ਕੇ ਕਿਸੇ ਅਖੌਤੀ ਦੇਹਧਾਰੀ ਦੇ ਪੈਰਾਂ 'ਚ ਡਿੱਗਦਾ ਹੈ, ਉਹ ਸਿੱਖੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਸ ਕਰਕੇ ਅੰਦਰਲੀਆਂ ਤੇ ਬਾਹਰਲੀਆਂ ਚਾਲਾਂ ਤੋਂ ਸੁਚੇਤ ਰਹੀਏ। ਸਿੱਖੀ ਸੰਪੂਰਨ ਰੂਪ ਵਿੱਚ "ਕਕਾਰ ਅਤੇ ਕਿਰਦਾਰ" ਦੋਹਾਂ ਦੀ ਸਾਂਝੀ ਹੈ ਤੇ ਜੇਕਰ ਦੋਹਾਂ ਨੂੰ ਕੋਈ ਵੱਖ ਕਰਕੇ ਦੇਖਦਾ ਹੈ, ਤਾਂ ਉਹ ਸਿੱਖੀ ਦਾ ਸਭ ਤੋਂ ਵੱਡਾ ਵਿਰੋਧੀ ਹੈ।

# ਚਿੱਟੀ ਵੇਈਂ ਵਿੱਚ ਸਾਫ ਪਾਣੀ ਦੇ ਵਗਣ ਦੇ ਸੁਫਨਾ ਦੇਖ ਰਹੇ ਦੁਆਬੇ ਦੇ ਲੋਕ



'ਈਕੋ ਸਿੱਖ ਸੰਸਥਾ' ਦੁਆਰਾ ਪਿੰਡ ਧਾਲੀਵਾਲ (ਨਕੋਦਰ) ਵਿਖੇ ਗੁਰੂ ਨਾਨਕ ਪਵਿੱਤਰ ਜੰਗਲ ਲਾਇਆ ਗਿਆ।


ਦੁਆਬੇ ਦੀ ਸਾਹ ਰਗ ਅਖਵਾਉਂਦੀ ਚਿੱਟੀ ਵੇਈਂ ਵਿੱਚ ਸਾਫ ਪਾਣੀ ਦੇ ਵਗਣ ਦੇ ਸੁਫਨਾ ਦੇਖ ਰਹੇ ਦੁਆਬੇ ਦੇ ਲੋਕਾਂ ਦਾ ਸੁਫਨਾ ਸਕਾਰ ਹੋਣ ਦੇ ਕਰੀਬ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਿੰਬਲੀ ਵਿਖੇ ਬਿਸਤ ਦੋਆਬ ਨਹਿਰ ਵਿੱਚੋਂ 200 ਕਿਊਸਿਕ ਪਾਣੀ ਚਿੱਟੀ ਵੇਈਂ ਵਿੱਚ ਛੱਡਣ ਲਈ ਰੈਗੂਲੇਟਰ ਬਣਕੇ ਤਿਆਰ ਹੈ। ਜਿਸਦਾ ਅੱਜ ਦੌਰਾ ਕੀਤਾ ਗਿਆ ਤੇ ਹੁਣ ਜਲਦ ਹੀ ਇਸਦਾ ਉਦਘਾਟਨ ਕੀਤਾ ਜਾਵੇਗਾ।

ਪੰਜਾਬ ਵਿੱਚ ਤੇਜ਼ੀ ਨਾਲ ਡੂੰਘੇ ਹੋ ਰਹੇ ਧਰਤੀ ਹੇਠਲਾ ਪਾਣੀ ਦੇ ਪੱਧਰ ਨੂੰ ਉਚਾ ਚੁੱਕਣ ਦੀ ਇਹ ਸਾਰਥਿਕ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਨਾਲ ਜਿੱਥੇ ਧਰਤੀ ਹੇਠਲੇ ਪਾਣੀ ਵਿੱਚ ਵੱਡਾ ਸੁਧਾਰ ਆਵੇਗਾ ਉੱਥੇ ਹੀ ਇਲਾਕੇ ਦੇ ਲੋਕਾਂ ਨੂੰ ਵੀ ਵੱਡੀ ਰਾਹਤ ਮਿਲੇਗੀ। ਇਸਤੋਂ ਪਹਿਲਾਂ ਇਸੇ ਤਰ੍ਹਾਂ ਨਾਲ ਪਵਿੱਤਰ ਕਾਲੀ ਵੇਈਂ ਵਿੱਚ ਵੀ ਸਾਫ ਪਾਣੀ ਵਗਦਾ ਹੋਣ ਨਾਲ ਇਸਦੇ ਨਾਲ ਲੱਗਦੇ ਇਲਾਕਿਆਂ ਵਿੱਚ ਪਾਣੀ ਉਪਰ ਆ ਰਿਹਾ ਹੈ। ਜਦਕਿ ਪੂਰੇ ਪੰਜਾਬ ਦੇ ਜ਼ਿਲ੍ਹੇ ਡਾਰਕ ਜ਼ੋਨ ਵਿੱਚ ਜਾ ਰਹੇ ਹਨ। - ਸੰਤ ਬਲਬੀਰ ਸਿੰਘ ਸੀਚੇਵਾਲ









# ਸ਼ਹੀਦ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ

## ਮੱਸਾ ਰੰਘੜ, ਦਾ ਅਸਲੀ ਨਾਂ ਮੀਰ ਮਸਾਲ ਉਲਦੀਨ ਸੀ

ਅੰਮ੍ਰਿਤਸਰ ਤੋਂ 8 ਕਿ.ਮੀ ਦੱਖਣ ਵੱਲ ਮੰਡਿਆਲਾ ਪਿੰਡ ਦਾ ਨਿਵਾਸੀ ਸੀ। ਇਹ ਜਾਤ ਪੱਖੋਂ ਰਾਜਪੂਤ ਸੀ ਜਿਸ ਇਸਲਾਮ ਸਵੀਕਾਰ ਕਰ ਲਿਆ ਸੀ।

ਇਸਦੇ ਚਿਹਰੇ ਉੱਤੇ ਇੱਕ ਮੱਸਾ ਸੀ ਅਤੇ ਇਸਦੀ ਜਾਤੀ ਰੰਘੜ ਸੀ ਅਤੇ ਲੋਕ ਇਸਨੂੰ ਇਸਦੇ ਅਸਲੀ ਨਾਮ ਵਲੋਂ ਨਹੀਂ ਪੁਕਾਰ ਕੇ ਉਪ ਨਾਮ ਵਲੋਂ ਬੁਲਾਉਂਦੇ ਸਨ- ਚੌਧਰੀ 'ਮੱਸਾ ਰੰਘੜ'।

1740 ਵਿੱਚ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਕਾਜ਼ੀ ਅਬਦੁਲ ਰਹਿਮਾਨ ਦੇ ਮਾਰੇ ਜਾਣ ਤੋਂ ਬਾਅਦ ਅੰਮ੍ਰਿਤਸਰ ਦਾ ਕੋਤਵਾਲ ਨਿਯੁਕਤ ਕੀਤਾ ਸੀ ।

ਜ਼ਕਰੀਆ ਖਾਨ ਨੂੰ ਕਿਸੇ ਵੇਲੇ ਨਾਦਰ ਨੇ ਕਿਹਾ ਸੀ ਕਿ 'ਸਿੱਖਾਂ ਕੋਲੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ, ਐਸੀ ਕੌਮ ਨੂੰ ਜਿੱਤਣਾ ਵੀ ਮੁਸ਼ਕਿਲ ਹੈ, ਜਿਸਨੂੰ ਅਲਾਹ ਦੀ ਟੇਕ ਹੈ: ਜ਼ਕਰੀਆਂ ਖਾਨ ਦੇ ਦਿਮਾਗ ਵਿੱਚ ਇਹ ਸ਼ਬਦ ਕਿਸੇ ਹਥੌੜੇ ਵਾਂਗ ਵਾਰ ਕਰ ਰਹੇ ਸਨ।

ਉਹ ਰਾਤ ਦਿਨ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਬਾਰੇ ਸੋਚਾਂ ਸੋਚਦਾ ਰਹਿੰਦਾ ਸੀ। ਜ਼ਕਰੀਆਂ ਖਾਨ ਨੂੰ ਇਹ ਡਰ ਲਗਾਤਾਰ ਸਤਾ ਰਿਹਾ ਸੀ ਕਿ ਜੇ ਉਸਦੇ ਰਾਜ਼ ਨੂੰ ਕੋਈ ਖਤਰਾ ਹੈ ਤਾਂ ਉਹ ਸਿੱਖਾਂ ਕੋਲੋਂ ਹੈ। ਜ਼ਕਰੀਆਂ ਖਾਨ ਨੇ ਆਪਣੇ ਸਾਰੇ ਚੌਧਰੀਆਂ, ਸੂਬੇਦਾਰਾਂ ਤੇ ਫੌਜਦਾਰਾਂ ਨੂੰ ਸੁਨੇਹੇ ਭੇਜੇ ਕਿ ਸਿੱਖਾਂ ਨੂੰ ਹਰ ਹਾਲਤ ਵਿੱਚ ਖਤਮ ਕਰ ਦਿਉ। ਤਹਿਮਸ ਤਸਕੀਨ ਲਿਖਦਾ ਹੈ ਕਿ 'ਸਿੱਖਾਂ ਦੇ ਸਿਰਾਂ ਦੇ ਮੁੱਲ ਵਧਾ ਦਿੱਤੇ ਗਏ ਚਾਲੀ ਰੁਪਏ ਤੋਂ ਅੱਸੀ ਰੁਪਏ ਤੱਕ ਜਾ ਪੁੱਜੇ।

ਜ਼ਕਰੀਆਂ ਖਾਨ ਨੇ ਇਹ ਫ਼ੁਰਮਾਨ ਵੀ ਜਾਰੀ ਕਰ ਦਿੱਤਾ ਕਿ ਸਿੱਖਾਂ ਕੋਲੋਂ ਲੁੱਟਿਆ ਹੋਇਆ ਮਾਲ ਲੁੱਟਣ ਵਾਲੇ ਦਾ ਹੀ ਹੋਵੇਗਾ। ਸਿੱਖਾਂ ਨੂੰ ਮਾਰਨਾ ਉਸਨੇ ਆਪਣੇ ਕਾਨੂੰਨ ਵਿੱਚ ਸ਼ਾਮਿਲ ਕਰ ਲਿਆ ਸੀ। ਸਿੰਘਾਂ ਨੂੰ ਦੂਰ ਦੁਰਾਡੇ ਜਾ ਕੇ ਲੁਕਣਾ ਪਿਆ।

ਪ੍ਰਾਚੀਨ ਪੰਥ ਪ੍ਰਕਾਸ਼ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ:

ਜੋ ਸਿੰਘਨ ਕੋ ਦਸੈ ਗ੍ਰਾਮ।
ਤਾਂਕੋ ਦੇਵੇ ਬਹੁਤ ਇਨਾਮ।
ਸਿੰਘਨ ਖੂਨ ਮਾਫ ਹਮ ਕੀਨੇ।
ਜਿਤ ਲਭੈ ਤਿਤ ਮਾਰਹੁ ਚੀਨੈ।
ਲੂਟ ਕੂਟ ਉਸ ਮਾਫ ਹਮ ਕਰੀ।
ਹਮਰੀ ਲਿਖਤ ਏ ਜਾਨੋ ਖਰੀ।

ਅੰਮ੍ਰਿਤ ਸਰੋਵਰ ਨੂੰ ਪੂਰਨ ਦਾ ਫੁਰਮਾਨ ਜਾਰੀ ਕੀਤਾ ਗਿਆ। ਅੰਮ੍ਰਿਤਸਰ ਜਿਲ੍ਹੇ ਦੇ ਮੰਡਿਆਲੇ ਪਿੰਡ ਦੇ ਚੌਧਰੀ ਮਸਾਲ-ਉਲ-ਦੀਨ (ਮੱਸਾ ਰੰਗੜ) ਨੂੰ ਇਹ ਹੁਕਮ ਕੀਤਾ ਗਿਆ ਕਿ ਸਿੱਖਾਂ ਦੇ ਹਰਮਿੰਦਰ ਦੀ ਉਹ ਰੱਜ ਕੇ ਬੇਅਦਬੀ ਕਰੇ।

ਉਸ ਪਾਪੀ ਨੇ ਹਰਿਮੰਦਰ ਸਾਹਿਬ ਅੰਦਰ ਸ਼ਰਾਬ ਤੇ ਹੁੱਕੇ ਦੇ ਦੌਰ ਚਲਾ ਦਿੱਤੇ। ਦਰਬਾਰ ਵਿੱਚ ਕੰਜ਼ਰੀਆ ਵੇਸਵਾਵਾਂ ਦੇ ਨਾਚ ਕਰਾਉਣੇ ਸ਼ੁਰੂ ਕਰ ਦਿੱਤੇ।

ਪਿੰ: ਸਤਿਬੀਰ ਸਿੰਘ ਲਿੱਖਦੇ ਹਨ ਕਿ ਗੁਰਦੁਆਰੇ ਸਿੱਖੀ ਦਾ ਸੋਮਾ ਹਨ। ਹਰਿਮੰਦਰ ਸਾਹਿਬ ਸੋਮਿਆਂ ਦਾ ਸੋਮਾ ਹੈ।

ਗੁਰੂ ਸਹਿਬਾਨ ਦੇ ਵੇਲਿਆਂ ਤੋਂ ਹੀ ਇਸ ਸੋਮੇ ਨੂੰ ਬੰਦ ਕਰਨ ਦੀਆ ਵਿਉਂਤਾਂ ਹੋਣ ਲੱਗੀਆ ਸਨ।

ਸੁਲਹੀ ਖਾਨ, ਸੁਲਭੀ ਖਾਨ, ਬੀਰਬਲ ਤੇ ਫਿਰ ਆਪ ਜਹਾਂਗੀਰ ਨੇ ਵੀ ਯਤਨ ਕੀਤੇ। ਜ਼ਕਰੀਆਂ ਖਾਨ ਨੇ ਇਸ ਸੋਮੇ ਨੂੰ ਬੰਦ ਕਰਨ ਦੀ ਠਾਣ ਲਈ ਸੀ। ਉਸਨੇ ਕਈ ਹੁਕਮ ਚਾੜ੍ਹੇ।

ਭਾਈ ਰਤਨ ਸਿੰਘ ਭੰਗੂ ਜਿੰਨ੍ਹਾਂ ਨੇ ਪ੍ਰਾਚੀਨ ਪੰਥ ਪ੍ਰਕਾਸ ਵਰਗੀ ਮਹਾਨ ਪੁਸਤਕ ਲਿਖੀ। ਉਹ ਭਾਈ ਮਹਿਤਾਬ ਸਿੰਘ ਜੀ ਦੇ ਪੋਤਰੇ ਸਨ। ਭਾਈ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ ਕਿ ਜ਼ਕਰੀਆਂ ਖਾਨ ਨੇ ਹੁਕਮ ਚਾੜ੍ਹ ਦਿੱਤਾ ਕਿ ਦਰਬਾਰ ਸਾਹਿਬ ਸਰੋਵਰ ਨੂੰ ਪੂਰ ਦਿੱਤਾ ਜਾਏ।

ਸਿੱਖਾਂ ਨੂੰ ਲੱਭ-ਲੱਭ ਕੇ ਸ਼ਹੀਦ ਕੀਤਾ ਜਾਣ ਲੱਗਾ। ਇਸ ਬੇਅਦਬੀ ਦੀ ਖਬਰ ਭਾਈ ਬੁਲਾਕਾ ਸਿੰਘ ਨਾਂਅ ਦੇ ਇਕ ਸਿੰਘ ਨੇ ਜੈਪੁਰ ਪਹੁੰਚ ਕੇ ਜਥੇਦਾਰ ਬੁੱਢਾ ਸਿੰਘ ਜੀ ਦੇ ਜਥੇ ਕੋਲ ਪਹੁੰਚਾਈ।

(ਕਈ ਵਿਦਵਾਨਾਂ ਨੇ ਜੈਪੁਰ ਲਿਖਿਆ ਹੈ ਤੇ ਕਈਆਂ ਨੇ ਬੀਕਾਨੇਰ ਲਿਖਿਆ ਹੈ) ਪੰਜਾਬ ਤੋਂ ਆਇਆ ਜਾਣ ਕੇ ਜਥੇਦਾਰ ਬੁੱਢਾ ਸਿੰਘ ਨੇ ਹਰਿਮੰਦਰ ਸਾਹਿਬ ਦਾ ਹਾਲ-ਚਾਲ ਪੁੱਛਿਆ।

ਭਾਈ ਬੁਲਾਕਾ ਸਿੰਘ ਦੀਆਂ ਅੱਖਾਂ ਭਰ ਆਈਆਂ, ਪਰ ਫਿਰ ਜਿਗਰਾ ਤਕੜਾ ਕਰਕੇ ਹਰਿਮੰਦਰ ਸਾਹਿਬ ਦਾ ਸਾਰਾ ਹਾਲ ਸੁਣਾਇਆ ਕਿ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਮੱਸਾ ਰੰਗੜ ਪਲੰਘ ਉਪਰ ਬੈਠ ਕੇ, ਜੁੱਤੀਆਂ, ਹੁੱਕਿਆਂ ਸਮੇਤ ਮਜਲਸ ਲਗਾ ਕੇ ਕੰਜ਼ਰੀ ਦਾ ਨਾਚ ਦੇਖਦਾ ਹੈ, ਜਿਹੜੇ ਕੰਮ ਨਹੀ ਕਰਨੇ ਸੋ ਕਰਦਾ ਹੈ।

ਇੰਨ੍ਹੀ ਗੱਲ ਸੁਣਦੇ ਸਾਰ ਹੀ ਭਾਈ ਮਹਿਤਾਬ ਸਿੰਘ ਭੰਗੂ ਬੋਲਿਆ ਕਿ 'ਤੂੰ ਉਸਦਾ ਸਿਰ ਕਿਉਂ ਨਾ ਵੱਢ ਲਿਆਇਆ?

ਦਰਬਾਰ ਦੀ ਐਡੀ ਵੱਡੀ ਬੇਅਦਬੀ ਦੇਖ ਕੇ ਤੂੰ ਜਿਊਂਦਾ ਕਿਵੇਂ ਚੱਲਿਆਂ ਆਇਆ।'

ਭਾਈ ਬੁਲਾਕਾ ਸਿੰਘ ਨੇ ਆਖਿਆ ਕਿ ਜੇ ਮੈ ਉਥੇ ਸ਼ਹੀਦ ਹੋ ਜਾਂਦਾ ਤੁਹਾਡੇ ਤਕ ਖਬਰ ਕਿਸ ਨੇ ਪਹੁੰਚਾਉਣੀ ਸੀ। ਇਹ ਸੁਣ ਕੇ ਜਥੇਦਾਰ ਬੁੱਢਾ ਸਿੰਘ ਨੇ ਤਲਵਾਰ ਸਭਾ ਵਿੱਚ ਰੱਖ ਦਿੱਤੀ ਤੇ ਆਖਿਆ ਕਿ 'ਹੈ ਕੋਈ ਐਸਾ ਸਿੰਘ, ਜੋ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਵੇ।'

ਇੰਨਾਂ ਸੁਣ ਕੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਦੋਵੇਂ ਉਠ ਖੜੇ ਹੋਏ, ਤਲਵਾਰਾਂ ਚੁੱਕ ਕੇ ਅਕਾਲ-ਅਕਾਲ ਦੇ ਜੈਕਾਰੇ ਗਜਾਏ।

ਕਹਿੰਦੇ ਹਨ ਕਿ ਜੇ ਅਣਖ ਨੂੰ ਵੰਗਾਰ ਪੈ ਜਾਏ ਤਾਂ ਸਿੱਖ ਨਹੀ ਟਿਕਦਾ।

ਦੋਵੇਂ ਸਿੱਖ ਸ਼ਸਤਰਾਂ ਨਾਲ ਲੈਸ ਹੋ ਕੇ ਅਰਦਾਸਾ ਸੋਧ ਕੇ, ਫਤਿਹ ਬੁਲਾ ਕੇ ਤੇ ਜਥੇਦਾਰ ਕੋਲੋਂ ਆਗਿਆ ਲੈ ਕੇ ਪਾਪੀ ਦਾ ਅੰਤ ਕਰਨ ਲਈ ਤੁਰ ਪਏ।

ਤਰਨਤਾਰਨ ਸਾਹਿਬ ਪਹੁੰਚ ਕੇ ਉਹਨਾਂ ਨੇ ਵਿਉਂਤ ਬਣਾਈ। ਠੀਕਰੀਆਂ ਦੀਆਂ ਦੋ ਵੱਡੀਆਂ ਥੈਲੀਆਂ ਭਰ ਲਈਆਂ।

ਆਪਣੇ ਮੂੰਹ ਕੱਪੜੇ ਨਾਲ ਢੱਕ ਲਏ। ਇੰਝ ਲੱਗੇ ਕਿ ਕਿਸੇ ਪਿੰਡ ਦੇ ਕੋਈ ਲੰਬਰਦਾਰ ਮਾਮਲਾ ਤਾਰਨ ਆਏ ਹਨ।

ਵਾਹੋ-ਦਾਹੀ ਘੋੜੇ ਭਜਾਉਂਦੇ ਹੋਏ, ਉਹ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਪੁੱਜ ਗਏ।

ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ 'ਹੇ! ਸੱਚੇ ਪਾਤਸ਼ਾਹ ਜੀ, ਨਿਮਾਣਿਆਂ ਦੀ ਲਾਜ ਰੱਖਣੀ ਤੇ ਹਿੰਮਤ ਬਖਸ਼ਣੀ ਕਿ ਇਸ ਪਾਪੀ ਮੱਸੇ ਰੰਗੜ ਦਾ ਸਿਰ ਕੱਟ ਕੇ ਵਾਪਸ ਜਾ ਸਕੀਏ।'

ਭਾਈ ਰਤਨ ਸਿੰਘ ਭੰਗੂ ਲਿਖਦੇ ਹਨ ਕਿ:

ਕ੍ਰਿਪਾ ਕਰੋ, ਕੋਈ ਸਤਿਗੁਰੂ! ਬਾਤ ਬਨਾਉ।
ਜਾਇ ਮਸੈ ਕੋ ਸਿਰ ਕਟੈ, ਨਹਿ ਰਸਤੇ ਹੁਇ ਅਟਕਾਉ।

ਘੋੜਿਆਂ ਤੋਂ ਉਤਰ ਕੇ ਲਾਚੀ ਬੇਰ ਨਾਲ ਬੰਨ੍ਹ ਦਿੱਤੇ ਤੇ ਆਪ ਮੂੰਹ ਢੱਕ ਕੇ ਦਰਸ਼ਨੀ ਡਿਊਢੀ ਕੋਲ ਨੇਜ਼ੇ ਰੱਖ ਕੇ ਰਵਾਂ-ਰਵੀਂ ਅੰਦਰ ਦਰਬਾਰ ਵਿੱਚ ਜਾ ਦਾਖਲ ਹੋਏ।

ਅੰਦਰ ਦਾ ਹਾਲ ਦੇਖ ਕੇ ਸਿੰਘ ਰੋਹ ਵਿੱਚ ਆ ਗਏ, ਪਰ ਚੁੱਪ ਰਹੇ। ਮੱਸੇ ਰੰਗੜ ਨੂੰ ਕਿਹਾ ਕਿ 'ਮਾਮਲਾ ਲੈ ਕੇ ਆਏ ਹਾਂ, ਕਿੱਥੇ ਰੱਖੀਏ? ਜਦ ਮੱਸਾ ਰੰਗੜ ਧੋਣ ਨੀਵੀਂ ਕਰਕੇ ਦੱਸਣ ਲੱਗਾ ਕਿ ਪਲੰਘ ਥੱਲੇ ਰੱਖ ਦਿਉਂ ਤਾਂ ਭਾਈ ਮਹਿਤਾਬ ਸਿੰਘ ਨੇ ਅੱਖ ਝਪਕਣ ਦੀ ਜਿੰਨੀਂ ਦੇਰੀ ਵਿੱਚ ਤਲਵਾਰ ਨਾਲ ਮੱਸੇ ਦਾ ਸਿਰ ਧੜ੍ਹ ਤੋਂ ਅਲੱਗ ਕਰ ਦਿੱਤਾ ਜਿਵੇਂ ਘੁਮਿਆਰ ਚੱਕ ਤੋਂ ਭਾਡਾਂ ਉਤਾਰ ਕੇ ਪਾਸੇ ਰੱਖ ਦਿੰਦਾ ਹੈ ਜਾਂ ਵੇਲ ਨਾਲੋਂ ਖਿੱਚ ਕੇ ਕੱਦੂ ਉਤਾਰ ਲਈਦਾ ਹੈ।

ਭਾਈ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਸ ਵੇਲੇ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

ਝੁਕ ਕਰ ਝਾਤ ਜਬ ਮਸੈ ਪਾਈ,
ਥੈਲੀ ਦਿਸ ਤਬਹੀ ਮਤਾਬ ਸਿੰਘ ਵਖਤ ਵਿਚਾਰਯੋ।
ਖੈਂਚ ਤਲਵਾਰ ਮਾਰ ਮਸੈ ਕਾ ਉਤਾਰ ਸਿਰ ਡਾਰਯੋ, ਘੁਮਯਾਰ ਜਿਮ ਬਧਨਾ ਉਤਾਰਯੋ।
ਮਸੈ ਕੋ ਇਸ ਸੀਸ ਉਤਾਰਯੋ,
ਜਨ ਕਰ ਬੇਲੋਂ ਕਦੂਯਾ ਟਾਰਯੋ।
ਨੇਜ਼ੇ ਤੇ ਸਿਰ ਟੰਗ ਕੇ ਸਿੰਘ ਜੀ ਉਹ ਗਏ,
ਉਹ ਗਏ।

ਵਾਟ ਕਰਕੇ ਜੈਪੁਰ ਪੁੱਜ ਕੇ ਜਥੇਦਾਰ ਮੂਹਰੇ ਪਾਪੀ ਦਾ ਕੱਟਿਆਂ ਹੋਇਆ ਸਿਰ ਰੱਖ ਦਿੱਤਾ। ਸਿੰਘਾਂ ਨੇ ਜੈਕਾਰੇ ਗਜਾਏ।

ਇਸ ਗੱਲ ਦਾ ਪਤਾ ਜਦ ਜ਼ਕਰੀਆਂ ਖਾਨ ਨੂੰ ਲੱਗਿਆ ਤਾਂ ਉਸਨੇ ਹੁਕਮ ਚਾੜ੍ਹ ਦਿੱਤੇ ਕਿ ਇਹ ਦੋਵੇਂ ਜਿੰਦਾ ਜਾਂ ਮੁਰਦਾ ਮੇਰੇ ਸਾਹਮਣੇ ਪੇਸ਼ ਕਰੋ।

ਹਰਿਭਗਤ ਜੰਡਿਆਲੇ ਵਾਲੇ ਨੇ ਭਾਈ ਮਹਿਤਾਬ ਸਿੰਘ ਦੇ ਮੀਰਾਂਕੋਟ ਜਾ ਘਰ ਨੂੰ ਘੇਰਾ ਪਾ ਲਿਆ।

ਭਾਈ ਸਾਹਬ ਦਾ ਬੇਟਾ ਜੋ ਅਜੇ ਛੋਟਾ ਸੀ, ਜਾਣ ਲੱਗਿਆਂ ਭਾਈ ਸਾਹਬ ਨੱਥੇ ਨੰਬਰਦਾਰ ਨੂੰ ਉਸਦੀ ਬਾਂਹ ਫੜਾ ਗਏ ਸਨ, ਕਿ ਇਸ ਦਾ ਖਿਆਲ ਰੱਖਣਾ।

ਨੱਥੇ ਨੰਬਰਦਾਰ ਨੇ ਬੋਲ ਪਗਾਉਣ ਖਾਤਿਰ ਘਰ ਦੇ ਪਿਛਲੇ ਦਰਵਾਜ਼ੇ ਰਾਹੀਂ ਉਸ ਬੱਚੇ ਸਮੇਤ ਪੰਜ ਜਣੇ ਭੱਜ ਨਿਕਲੇ।

ਪਰ ਫੌਜਾਂ ਪਿੱਛਾਂ ਕਰਦੀਆਂ ਹੋਈਆਂ ਮਗਰ ਲੱਗ ਤੁਰੀਆਂ।

ਥੋੜ੍ਹੀ ਦੂਰ ਜਾ ਕੇ ਲੜਾਈ ਸ਼ੁਰੂ ਹੋ ਗਈ।

ਭਾਈ ਸਾਹਬ ਦਾ ਛੋਟਾ ਬੱਚਾ ਭਾਈ ਰਾਇ ਸਿੰਘ ਜ਼ਖਮੀ ਹੋ ਕੇ ਬੇਹੋਸ਼ ਹੋ ਗਿਆ। ਨੱਥਾ ਨੰਬਰਦਾਰ ਤੇ ਸਾਥੀ ਵੀ ਲੜਦੇ ਹੋਏ ਸ਼ਹੀਦ ਹੋ ਗਏ।

ਇੰਨ੍ਹਾਂ ਸਾਰਿਆਂ ਨੂੰ ਮਰਿਆ ਸਮਝ ਕੇ ਉਥੇ ਛੱਡ ਫੌਜ ਚਲੀ ਗਈ। ਉਸ ਬੱਚੇ ਨੂੰ ਇੱਕ ਮਾਈ ਆਪਣੇ ਘਰ ਲੈ ਗਈ। ਇਲਾਜ ਕੀਤਾ ਤੇ ਉਹ ਬੱਚਾ ਠੀਕ ਹੋ ਗਿਆ।

ਉਹ ਬੱਚਾ ਰਤਨ ਸਿੰਘ ਭੰਗੂ ਦਾ ਪਿਤਾ ਰਾਇ ਸਿੰਘ ਸੀ।

ਭਾਈ ਮਹਿਤਾਬ ਸਿੰਘ ਜੀ ਦੀ ਸ਼ਹੀਦੀ ਬਾਰੇ ਗਿ. ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਵਿੱਚ ਲਿਖਦੇ ਹਨ ਕਿ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਜਿਸ ਨੇ ਮੱਸੇ ਰੰਗੜ ਨੂੰ ਮਾਰਿਆ ਸੀ,

ਜੰਡਿਆਲੇ ਵਾਲੇ ਚੁਗਲਾਂ ਦਾ ਫੜਾਇਆ ਹੋਇਆਂ, ਜਦ ਨਾਜ਼ਮ ਦੇ ਸਾਹਮਣੇ ਆਇਆ ਤਾਂ ਸਿੰਘ ਨੇ ਗੱਜ ਕੇ ਫਤਿਹ ਬੁਲਾਈ।

ਜਿਸ ਤੇ ਹਾਕਮ ਨੇ ਬਹੁਤ ਬੁਰਾ ਮੰਨਿਆ ਤੇ ਸੂਲੀ ਚਾੜ੍ਹ ਦਿੱਤਾ।

ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ ਕਿ ਸੰਮਤ 1802 ਵਿੱਚ ਲਾਹੌਰ ਦੇ ਹਾਕਿਮ ਨੇ ਇਸ ਸੂਰਮੇ ਨੂੰ ਚਰਖੜ੍ਹੀ ਤੇ ਚਾੜ੍ਹ ਕੇ ਸ਼ਹੀਦ ਕੀਤਾ ਸੀ।

ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਜ਼ਾਲਿਮ ਹਕੂਮਤ ਨਾਲ ਜੂਝਦੇ ਹੋਏ ਸੰਮਤ 1810 ਵਿੱਚ ਦੁਰਾਨੀਆਂ ਦੀ ਫੌਜ ਨਾਲ ਲੜ੍ਹ ਕੇ ਰਾਵੀ ਦੇ ਕਿਨਾਰੇ ਲਾਹੌਰ ਪਾਸ ਸ਼ਹੀਦ ਹੋ ਗਏ ਸਨ।

ਗੁਰੂ ਕਿਰਪਾ ਕਰੇ।

## 'ਚਾਂਦਨੀ ਚੌਕ ਦੇ ਸ਼ਹੀਦ' ਰਿਲੀਜ਼

ਮਹਾਨ ਸ਼ਹੀਦ ਭਾਈ ਮਤੀਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਵੰਸ਼ਜਾਂ ਦੀ ਹਾਜਰੀ ਵਿਚ ਉਨ੍ਹਾਂ ਵਲੋਂ ਦਿੱਤੀ ਪ੍ਰੇਰਨਾ ਨਾਲ ਸ. ਗੁਰਿੰਦਰਪਾਲ ਸਿੰਘ ਜੋਸਨ ਵਲੋਂ ਲਿਖੀ ਪੁਸਤਕ 'ਚਾਂਦਨੀ ਚੌਕ ਦੇ ਸ਼ਹੀਦ' ਰਿਲੀਜ ਕੀਤੀ ਗਈ। ਇਸ ਕਿਤਾਬ ਵਿਚ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਤੇ ਇਨ੍ਹਾਂ ਮਹਾਨ ਗੁਰਸਿੱਖਾਂ ਦੇ ਪਰਿਵਾਰਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।





# ਨਿਊਜ਼ਕਲਿੱਕ: ਅਮਿਤ ਚੱਕਰਵਰਤੀ ਨੂੰ ਵਾਅਦਾ ਮੁਆਫ਼ ਗਵਾਹ ਬਣਨ ਦੀ ਇਜਾਜ਼ਤ

ਨਵੀਂ ਦਿੱਲੀ : ਦਿੱਲੀ ਕੋਰਟ ਨੇ ਨਿਊਜ਼ਕਲਿੱਕ ਖਿਲਾਫ਼ ਗ਼ੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂਏਪੀਏ) ਤਹਿਤ ਦਰਜ ਕੇਸ ਵਿੱਚ ਨਿਊਜ਼ ਪੋਰਟਲ ਦੇ ਮਨੁੱਖੀ ਵਸੀਲਾ (ਐੱਚਆਰ) ਵਿਭਾਗ ਦੇ ਮੁਖੀ ਅਮਿਤ ਚੱਕਰਵਰਤੀ ਨੂੰ ਵਾਅਦਾ ਮੁਆਫ਼ ਗਵਾਹ ਬਣਨ ਦੀ ਖੁੱਲ੍ਹ ਦੇ ਦਿੱਤੀ ਹੈ। ਨਿਊਜ਼ਕਲਿੱਕ 'ਤੇ ਚੀਨ-ਪੱਖੀ ਪ੍ਰਾਪੇਗੰਡੇ ਦੇ ਪ੍ਰਚਾਰ ਪਾਸਾਰ ਲਈ ਮੋਟਾ ਪੈਸਾ ਲੈਣ ਦੇ ਦੋਸ਼ ਲੱਗੇ ਸਨ। ਚੱਕਰਵਰਤੀ ਨੇ ਵਿਸ਼ੇਸ਼ ਜੱਜ ਹਰਦੀਪ ਸਿੰਘ ਦੀ ਕੋਰਟ ਵਿੱਚ ਅਰਜ਼ੀ ਦਾਖ਼ਲ ਕਰਕੇ ਵਾਅਦਾ ਮੁਆਫ਼ ਬਣਨ ਦੀ ਇਜਾਜ਼ਤ ਮੰਗੀ ਸੀ। ਕੋਰਟ ਦੇ ਇਸ ਫੈਸਲੇ ਨਾਲ ਨਿਊਜ਼ ਪੋਰਟ ਦੇ ਮੁੱਖ ਸੰਪਾਦਕ ਤੇ ਬਾਨੀ ਪ੍ਰਬੀਰ ਪੁਰਕਾਇਸਥ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਚੱਕਰਵਰਤੀ ਨੇ ਪਟੀਸ਼ਨ ਵਿੱਚ ਦਾਅਵਾ ਕੀਤਾ ਸੀ ਕਿ ਉਸ ਕੋਲ ਕੇਸ ਬਾਰੇ 'ਅਹਿਮ ਜਾਣਕਾਰੀ' ਹੈ, ਜੋ ਉਹ ਦਿੱਲੀ ਪੁਲੀਸ ਨਾਲ ਸਾਂਝੀ ਕਰਨਾ ਚਾਹੁੰਦਾ ਹੈ। ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਨੇ ਪੁਰਕਾਇਸਥ ਤੇ ਚੱਕਰਵਰਤੀ ਨੂੰ 3 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਦੋਵੇਂ ਇਸ ਵੇਲੇ ਨਿਆਂਇਕ ਹਿਰਾਸਤ ਵਿਚ ਹਨ। ਐੱਫਆਈਆਰ ਮੁਤਾਬਕ 'ਭਾਰਤ ਦੀ ਪ੍ਰਭੂਸੱਤਾ ਨੂੰ ਢਾਹ ਲਾਉਣ' ਤੇ ਦੇਸ਼ ਖਿਲਾਫ਼ ਰਾਜਨੀਤਕ ਅਸੰਤੋਸ਼ ਪੈਦਾ ਕਰਨ ਲਈ ਨਿਊਜ਼ ਪੋਰਟਲ ਨੂੰ ਚੀਨ ਤੋਂ ਪੈਸਾ ਆਇਆ ਸੀ। ਐੱਫਆਈਆਰ 'ਚ ਕੀਤੇ ਦਾਅਵੇ ਮੁਤਾਬਕ ਪੁਰਕਾਇਸਥ ਨੇ ਪੀਪਲਜ਼ ਅਲਾਇੰਸ ਫਾਰ ਡੈਮੋਕਰੈਸੀ ਤੇ ਸੈਕੂਲਰਿਜ਼ਮ (ਪੀਏਡੀਐੱਸ) ਨਾਲ ਮਿਲ ਕੇ 2019 ਲੋਕ ਸਭਾ ਚੋਣਾਂ ਨੂੰ ਸਾਬੋਤਾਜ ਕਰਨ ਦੀ ਸਾਜ਼ਿਸ਼ ਘੜੀ ਸੀ।




# ਆਲ ਪੰਜਾਬ ਟਰੱਕ ਅਪਰੇਟਰਜ਼ ਯੂਨੀਅਨ ਦੇ ਮੈਂਬਰ ਹਾਲ ਹੀ ਵਿੱਚ ਬਣੇ 'ਹਿੱਟ ਐਂਡ ਰਨ' ਕਾਨੂੰਨ ਦਾ ਕੀਤਾ ਵਿਰੋਧ




ਆਲ ਪੰਜਾਬ ਟਰੱਕ ਅਪਰੇਟਰਜ਼ ਯੂਨੀਅਨ ਦੇ ਮੈਂਬਰਾਂ ਨੇ ਹਾਲ ਹੀ ਦੇ ਹਿੱਟ ਐਂਡ ਰਨ ਕਾਨੂੰਨ ਦੇ ਵਿਰੁਧ ਤਿੰਨ ਦਿਨਾਂ ਦੀ ਦੇਸ਼ ਵਿਆਪੀ ਹੜਤਾਲ ਦੇ ਪਹਿਲੇ ਦਿਨ ਮੰਗਲਵਾਰ ਨੂੰ ਪਟਿਆਲਾ ਵਿੱਚ ਪ੍ਰਦਰਸ਼ਨ ਕੀਤਾ।

## 1984 ਸਿੱਖ ਨਸਲਕੁਸ਼ੀ

# ਟਾਈਟਲਰ ਵਿਰੁੱਧ ਦੋਸ਼ ਤੈਅ ਕਰਨ ਲਈ ਪੁਖ਼ਤਾ ਸਬੂਤ : ਸੀ.ਬੀ.ਆਈ.

ਨਵੀਂ ਦਿੱਲੀ : ਸੀ.ਬੀ.ਆਈ. ਨੇ ਦਿੱਲੀ ਦੀ ਇਕ ਅਦਾਲਤ 'ਚ ਦਾਅਵਾ ਕੀਤਾ ਹੈ ਕਿ ਚਸ਼ਮਦੀਦ ਗਵਾਹਾਂ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਭੀੜ ਨੂੰ ਭੜਕਾਉਂਦੇ ਦੇਖਿਆ ਸੀ, ਜਿਸ ਕਾਰਨ ਰਾਸ਼ਟਰੀ ਰਾਜਧਾਨੀ ਦੇ ਪੁਲ ਬੰਗਸ਼ ਇਲਾਕੇ 'ਚ 3 ਲੋਕਾਂ ਦੀ ਮੌਤ ਹੋ ਗਈ ਸੀ। ਸੀ.ਬੀ.ਆਈ. ਨੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਅੱਗੇ ਇਹ ਦਾਅਵਾ ਕੀਤਾ ਤੇ ਅਦਾਲਤ ਨੂੰ ਇਸ ਮਾਮਲੇ 'ਚ ਸਾਬਕਾ ਕੇਂਦਰੀ ਮੰਤਰੀ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੀ ਅਪੀਲ ਕੀਤੀ। ਕੇਂਦਰੀ ਜਾਂਚ ਬਿਊਰੋ ਨੇ ਅਦਾਲਤ ਨੂੰ ਦੱਸਿਆ ਕਿ ਟਾਈਟਲਰ ਵਿਰੁੱਧ ਦੋਸ਼ ਤੈਅ ਕਰਨ ਲਈ ਪੁਖ਼ਤਾ ਸਬੂਤ ਹਨ। ਅਜਿਹੇ ਚਸ਼ਮਦੀਦ ਗਵਾਹ ਹਨ, ਜਿਨ੍ਹਾਂ ਉਸ ਨੂੰ 1984 ਦੇ ਦੰਗਿਆਂ ਦੌਰਾਨ ਭੀੜ ਨੂੰ ਭੜਕਾਉਂਦੇ ਦੇਖਿਆ ਸੀ। ਸੀ.ਬੀ.ਆਈ. ਨੇ ਟਾਈਟਲਰ ਖ਼ਿਲਾਫ਼ ਦੋਸ਼ ਤੈਅ ਕਰਨ 'ਤੇ ਆਪਣੀਆਂ ਦਲੀਲਾਂ ਖ਼ਤਮ ਕਰ ਦਿੱਤੀਆਂ ਹਨ। ਟਾਈਟਲਰ ਦੇ ਵਕੀਲ ਵਲੋਂ ਬਹਿਸ ਪੇਸ਼ ਕਰਨ ਲਈ ਸਮਾਂ ਮੰਗਣ ਤੋਂ ਬਾਅਦ ਜੱਜ ਨੇ ਮਾਮਲੇ ਦੀ ਅਗਲੀ ਸੁਣਵਾਈ 22 ਜਨਵਰੀ 'ਤੇ ਪਾ ਦਿੱਤੀ ਹੈ। ਇਕ ਮੈਜਿਸਟ੍ਰੇਟ ਅਦਾਲਤ ਨੇ 11 ਸਤੰਬਰ, 2023 ਨੂੰ ਕੇਸ ਅਗਲੀ ਕਾਰਵਾਈ ਲਈ ਜ਼ਿਲ੍ਹਾ ਜੱਜ ਕੋਲ ਭੇਜ ਦਿੱਤਾ ਸੀ। ਇਹ ਨੋਟ ਕਰਦਿਆਂ ਕਿ ਟਾਈਟਲਰ 'ਤੇ ਕਤਲ (ਆਈ.ਪੀ.ਸੀ. ਦੀ ਧਾਰਾ 302 ਅਧੀਨ ਸਜ਼ਾਯੋਗ) ਦਾ ਦੋਸ਼ ਹੈ, ਵਧੀਕ ਚੀਫ਼ ਮੈਟਰੋਪੋਲੀਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਕੇਸ ਨੂੰ ਜ਼ਿਲ੍ਹਾ ਜੱਜ ਕੋਲ ਭੇਜ ਦਿੱਤਾ, ਤਾਂ ਜੋ ਇਹ ਮਾਮਲਾ ਸੈਸ਼ਨ ਜੱਜ ਨੂੰ ਸੌਂਪਿਆ ਜਾ ਸਕੇ, ਜੋ ਕਿ ਸੈਸ਼ਨ ਅਦਾਲਤ ਵਲੋਂ ਨਿਵੇਕਲੇ ਤੌਰ 'ਤੇ ਮੁਕੱਦਮੇਯੋਗ ਅਪਰਾਧ ਹੈ। ਦੁਰਲੱਭ ਮਾਮਲਿਆਂ 'ਚ ਇਸ ਅਪਰਾਧ 'ਚ ਮੌਤ ਦੀ ਸਜ਼ਾ ਦੀ ਵੱਧ ਤੋਂ ਵੱਧ ਸਜ਼ਾ ਸ਼ਾਮਿਲ ਹੈ।






ਪੰਜਾਬ ਕਾਂਗਰਸ ਦੇ ਸਮਰਥਕਾਂ ਨੇ ਕਪੂਰਥਲਾ 'ਚ ਪੰਜਾਬ 'ਚ ਕਥਿਤ ਤੌਰ 'ਤੇ ਵਧ ਰਹੀ ਕਾਨੂੰਨ ਵਿਵਸਥਾ ਦੀਆਂ ਚੁਣੌਤੀਆਂ ਸਮੇਤ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਦਿੱਤੇ ਧਰਨੇ ਦੌਰਾਨ

# ਹਾਦਸੇ ਦੌਰਾਨ ਇੱਕੋ ਪਰਿਵਾਰ ਦੀਆਂ 3 ਨੂੰਹਾਂ ਅਤੇ 2 ਪੁੱਤਾਂ ਦੀ ਮੌਤ

ਸ੍ਰੀਗੰਗਾਨਗਰ : ਹਰਿਆਣਾ ਵਿੱਚ ਇੱਕ ਸੜਕ ਹਾਦਸੇ ਵਿੱਚ ਰਾਜਸਥਾਨ ਦੇ ਸ੍ਰੀਗੰਗਾਨਗਰ ਜ਼ਿਲ੍ਹੇ ਦੇ ਇੱਕ ਹੀ ਪਰਿਵਾਰ ਦੇ ਪੰਜ ਮੈਂਬਰਾਂ ਸਮੇਤ ਛੇ ਵਿਅਕਤੀਆਂ ਦੀ ਦਰਦਨਾਕ ਮੌਤ ਹੋ ਗਈ। ਇਨ੍ਹਾਂ ਵਿੱਚ ਪਰਿਵਾਰ ਦੀਆਂ ਤਿੰਨ ਨੂੰਹਾਂ ਅਤੇ ਦੋ ਪੁੱਤਰ ਸ਼ਾਮਲ ਹਨ। ਇਹ ਲੋਕ ਕਿਸੇ ਰਿਸ਼ਤੇਦਾਰ ਦੇ ਅੰਤਿਮ ਸੰਸਕਾਰ 'ਚ ਸ਼ਾਮਲ ਹੋਣ ਲਈ ਹਰਿਆਣਾ ਦੇ ਹਿਸਾਰ ਜਾ ਰਹੇ ਸਨ।



ਇਸ ਦੌਰਾਨ ਵੱਡਾ ਹਾਦਸਾ ਵਾਪਰ ਗਿਆ। ਪੁਲਿਸ ਨੇ ਲਾਸ਼ਾਂ ਨੂੰ ਹਰਿਆਣਾ ਦੇ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤਾ ਹੈ। ਹਾਦਸੇ ਤੋਂ ਬਾਅਦ ਮ੍ਰਿਤਕਾਂ ਦੇ ਪਰਿਵਾਰਾਂ 'ਚ ਮਾਤਮ ਦਾ ਮਾਹੌਲ ਹੈ।

ਪੁਲਿਸ ਮੁਤਾਬਕ ਇਹ ਹਾਦਸਾ ਹਰਿਆਣਾ ਦੇ ਚੌਟਾਲਾ ਰੋਡ 'ਤੇ ਪਿੰਡ ਸ਼ੇਰਗੜ੍ਹ ਨੇੜੇ ਵਾਪਰਿਆ। ਇਸ ਹਾਦਸੇ 'ਚ ਕਾਰ 'ਚ ਸਵਾਰ 6 ਲੋਕਾਂ, ਵਾਸੀ ਸ਼੍ਰੀਗੰਗਾਨਗਰ ਦੀ ਮੌਤ ਹੋ ਗਈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਸਬ-ਡਵੀਜ਼ਨਲ ਸਿਵਲ ਹਸਪਤਾਲ ਡੱਬਵਾਲੀ, ਹਰਿਆਣਾ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ।

ਮ੍ਰਿਤਕਾਂ ਦੀ ਪਛਾਣ ਬਨਵਾਰੀਲਾਲ ਵਾਸੀ ਸ੍ਰੀਗੰਗਾਨਗਰ, ਉਸ ਦੀ ਪਤਨੀ ਦਰਸ਼ਨਾ, ਵੱਡੇ ਭਰਾ ਕ੍ਰਿਸ਼ਨ ਕੁਮਾਰ, ਉਸ ਦੀ ਪਤਨੀ ਗੁੱਡੀ ਦੇਵੀ, ਦੂਜੇ ਭਰਾ ਓਮਪ੍ਰਕਾਸ਼ ਦੀ ਪਤਨੀ ਚੰਦਰਕਲਾ ਅਤੇ ਕਾਰ ਚਾਲਕ ਸੁਭਾਸ਼ ਚੰਦਰ ਵਾਸੀ ਪਿੰਡ ਸਰਦਾਰਪੁਰਾ ਬੀਕਾ ਦੇ ਵਾਰਡ ਨੰਬਰ ਪੰਜ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਦਰਸ਼ਨਾ ਦੇਵੀ ਦੇ ਪਿਤਾ ਦੀ ਮੌਤ ਹੋ ਗਈ ਸੀ। ਇਹ ਲੋਕ ਉਸ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਸ੍ਰੀਗੰਗਾਨਗਰ ਜ਼ਿਲ੍ਹੇ ਦੇ ਹਿਸਾਰ ਜਾ ਰਹੇ ਸਨ।

ਕਾਰ ਸੜਕ ਕਿਨਾਰੇ ਦਰੱਖਤ ਨਾਲ ਟਕਰਾ ਗਈ ਇਸੇ ਦੌਰਾਨ ਪਿੰਡ ਸ਼ੇਰਗੜ੍ਹ ਨੇੜੇ ਕਾਰ ਬੇਕਾਬੂ ਹੋ ਕੇ ਉਲਟ ਦਿਸ਼ਾ ਵੱਲ ਹੋ ਗਈ। ਇਸ ਤੋਂ ਬਾਅਦ ਸੜਕ ਕਿਨਾਰੇ ਦਰੱਖਤ ਨਾਲ ਜਾ ਟਕਰਾਈ। ਹਾਦਸਾ ਇੰਨਾ ਭਿਆਨਕ ਸੀ ਕਿ 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਪਹਾੜਾਂ ਦੀ ਠੰਢ ਮੈਦਾਨਾਂ 'ਚ ਉਤਰੀ

## ਪੰਜਾਬ ਦੇ ਸਾਰੇ ਸ਼ਹਿਰ ਦਿਨ ਸਮੇਂ ਸ਼ਿਮਲਾ ਨਾਲੋਂ ਵੀ ਠੰਢੇ

- ਦਿਸਣ ਹੱਦ ਘਟਣ ਕਰਕੇ ਉਡਾਣਾਂ 'ਚ ਦੇਰੀ
- ਰੇਲ ਤੇ ਸੜਕੀ ਆਵਾਜਾਈ 'ਤੇ ਵੀ ਪਿਆ ਅਸਰ





ਚੰਡੀਗੜ੍ਹ : ਪੰਜਾਬ, ਹਰਿਆਣਾ, ਚੰਡੀਗੜ੍ਹ ਸਣੇ ਉੱਤਰ ਭਾਰਤ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਕੜਾਕੇ ਦੀ ਠੰਢ ਨੇ ਅੱਜ ਵੀ ਸਾਰਾ ਦਿਨ ਲੋਕਾਂ ਨੂੰ ਕੰਬਣੀ ਛੇੜੀ ਰੱਖੀ। ਪੰਜਾਬ ਦਾ ਮੈਦਾਨੀ ਇਲਾਕਾ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਨਾਲੋਂ ਵੀ ਠੰਢਾ ਰਿਹਾ ਹੈ। ਦਿਨ ਸਮੇਂ ਪੰਜਾਬ ਦੇ ਸਾਰੇ ਸ਼ਹਿਰ ਸ਼ਿਮਲੇ ਨਾਲੋਂ ਵੀ ਠੰਢੇ ਰਹੇ, ਜਿੱਥੇ ਤਾਪਮਾਨ ਆਮ ਨਾਲੋਂ 11.2 ਡਿਗਰੀ ਸੈਲਸੀਅਸ ਤੱਕ ਘੱਟ ਦਰਜ ਕੀਤਾ ਗਿਆ ਹੈ। ਸ਼ਿਮਲੇ 'ਚ ਦਿਨ ਦਾ ਤਾਪਮਾਨ 12 ਡਿਗਰੀ ਸੈਲਸੀਅਸ ਰਿਹਾ। ਪਾਰਾ ਡਿੱਗਣ ਕਰਕੇ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਦਾ ਗੁਰਦਾਸਪੁਰ ਤੇ ਹਰਿਆਣਾ ਦਾ ਮਹਿੰਦਰਗੜ੍ਹ ਸ਼ਹਿਰ ਸਭ ਤੋਂ ਠੰਢੇ ਰਹੇ ਜਿੱਥੇ ਘੱਟੋ-ਘੱਟ ਤਾਪਮਾਨ 6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਸੰਘਣੀ ਧੁੰਦ ਕਰਕੇ ਗੁਰਦਾਸਪੁਰ, ਅੰਮ੍ਰਿਤਸਰ, ਪਟਿਆਲਾ ਸਣੇ ਅੱਧਾ ਦਰਜਨ ਦੇ ਕਰੀਬ ਸ਼ਹਿਰਾਂ ਵਿੱਚ ਦਿਸਣ ਹੱਦ 50 ਮੀਟਰ ਤੋਂ ਵੀ ਘੱਟ ਰਹਿ ਗਈ। ਧੁੰਦ ਕਾਰਨ ਮੁਹਾਲੀ ਦੇ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ 'ਤੇ ਅੱਧਾ ਦਰਜਨ ਦੇ ਕਰੀਬ ਉਡਾਣਾਂ ਦੇਰੀ ਨਾਲ ਚੱਲੀਆਂ। ਉਧਰ ਰੇਲਗੱਡੀਆਂ ਤੇ ਬੱਸਾਂ ਦੀ ਆਵਾਜਾਈ 'ਤੇ ਵੀ ਧੁੰਦ ਦਾ ਅਸਰ ਦੇਖਣ ਨੂੰ ਮਿਲਿਆ। ਮੌਸਮ ਵਿਗਿਆਨੀਆਂ ਨੇ ਅਗਲੇ ਤਿੰਨ ਦਿਨ ਸੰਘਣੀ ਧੁੰਦ ਪੈਣ ਤੇ ਠੰਢੀਆਂ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ ਜਿਸ ਕਰਕੇ ਤਾਪਮਾਨ ਹੋਰ ਡਿੱਗ ਸਕਦਾ ਹੈ।

# ਗੁਰਦੁਆਰਾ ਗੁਰੂ ਕਲ.ਗੀਧਰ ਸਾਹਿਬ ਜੀ ਵਿਖੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਧੂਮਧਾਮ ਨਾਲ ਮਨਾਇਆ



ਕੈਲੀਫੋਰਨੀਆ ਦੇ ਸ਼ਹਿਰ ਸੈਲਮਾਂ 'ਚ ਗੁਰਦੁਆਰਾ ਗੁਰੂ ਕਲਗ਼ੀਧਰ ਸਾਹਿਬ ਜੀ ਵਿਖੇ 5-7 ਜਨਵਰੀ, 2024 ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸੰਗਤਾਂ ਅਤੇ ਬੱਚਿਆਂ ਨੂੰ ਗੁਰ-ਸਿੱਖੀ ਜੀਵਨ ਜੀਉਣ ਲਈ ਪ੍ਰੇਰਿਆ ਗਿਆ। ਗੁਰੂਘਰ ਵਿੱਚ ਚੱਲ ਰਹੇ ਗੁਰਮਤਿ ਪੰਜਾਬੀ ਸਕੂਲ ਦੇ ਬੱਚਿਆਂ ਨੂੰ ਉਤਸਾਹਿਤ ਕਰਨ ਲਈ ਬੱਚਿਆਂ ਚ ਇਨਾਮ ਵੀ ਵੰਡੇ ਗਏ। ਸੈਲਮਾਂ ਸ਼ਹਿਰ ਦੇ ਮੇਅਰ ਸਕਾਟ ਰਾਬਰਟਸੰਨ ਅਤੇ ਉਹਨਾਂ ਦੀ ਪਤਨੀ ਰੋਜ਼ ਰਾਬਰਟਸੰਨ ਨੇ ਵੀ ਉਚੇਚੇ ਤੌਰ ਹਾਜ਼ਰ ਹੋਏ। ਸੰਗਤ ਦਰਸ਼ਨ ਕਰਦੇ ਮੇਅਰ ਰਾਬਰਟਸੰਨ ਨੇ ਗੁਰਪੁਰਬ ਦੀ ਸਭ ਨੂੰ ਵਧਾਈ ਦਿੱਤੀ ਅਤੇ ਸਿੱਖ ਬੱਚਿਆਂ ਨੂੰ ਸਿੱਖੀ ਨਾਲ ਜੋੜਣ ਲਈ ਗੁਰੂਘਰ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅੱਜ ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ ਤੇ ਬੱਚਿਆਂ ਨੂੰ ਚੰਗੇ ਸੰਸਕਾਰਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਗੁਰੂਘਰ ਦੇ ਪ੍ਰਧਾਨ ਸ ਭੁਪਿੰਦਰ ਸਿੰਘ ਖਾਲਸਾ ਜੀ ਨੇ ਬੱਚਿਆਂ ਨੂੰ ਲਗਾਤਾਰ ਸਕੂਲ ਲਿਆਉਣ ਲਈ ਮਾਪਿਆਂ ਅਤੇ ਸੰਗਤਾਂ ਦਾ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਇਹਨਾਂ ਦੇ ਸਹਿਯੋਗ ਨਾਲ ਹੀ ਇਹ ਚੰਗਾ ਕਾਰਜ ਚੱਲ ਰਿਹਾ ਹੈ। ਉਹਨਾਂ ਕਿਹਾ ਕਿ ਉਹ ਬੱਚਿਆਂ ਦੇ ਚੰਗੇ ਭਵਿੱਖ ਲਈ ਹਮੇਸ਼ਾ ਵਚਨਬੱਧਤਾ। ਸੈਲਮਾਂ ਸ਼ਹਿਰ ਦੇ ਪਲੈਨਿੰਗ ਕਮਿਸ਼ਨਰ ਅਤੇ ਵਾਈਸ ਚੇਅਰਮੈਨ ਸ ਮਨਦੀਪ ਸਿੰਘ ਜੀ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਮਰੀਕਾ ਚ ਜੰਮ-ਪਲ ਰਹੇ ਪੰਜਾਬੀ ਬੱਚਿਆਂ ਦੀ ਪੰਜਾਬੀ ਸੁੱਧ ਨਹੀ ਹੁੰਦੀ। ਇੱਥੇ ਇੱਕ-ਦੋ ਸੰਸਥਾਵਾਂ ਹਨ ਜੋ ਬੱਚਿਆਂ ਨੂੰ ਗੁਰਮਤਿ ਅਤੇ ਪੰਜਾਬੀ ਸਿਖਾਉਣ ਦਾ ਸਵਾਂਗ ਰਚਿ ਕੇ ਬੱਚਿਆਂ ਨੂੰ ਕੁਰਾਹੇ ਪਾ, ਸਾਡੇ ਭਾਈਚਾਰੇ ਨਾਲ ਧੋਖਾ ਕਰ ਰਹੀਆਂ ਹਨ। ਪਰ ਖੁਸ਼ੀ ਦੀ ਗੱਲ ਹੈ ਕਿ ਗੁਰਦੁਆਰਾ ਗੁਰੂ ਕਲਗੀਧਰ ਸਾਹਿਬ ਵਿੱਖੇ ਗੁਰਮਤਿ ਅਤੇ ਪੰਜਾਬੀ ਦੀ ਸਿੱਖਿਆ ਦਾ ਸਿੱਖਰ ਬਹੁਤ ਉੱਚਾ ਹੈ ਅਤੇ ਇੱਥੇ ਬੱਚਿਆਂ ਨੂੰ ਸੁੱਧ ਭਾਸ਼ਾ ਦਾ ਗਿਆਨ ਦਿੱਤਾ ਜਾ ਰਿਹਾ ਹੈ ਜੋ ਬੱਚਿਆਂ ਅਤੇ ਭਾਈਚਾਰੇ ਲਈ ਅਧਿਆਤਮਿਕ ਅਤੇ ਸਮਾਜਿਕ ਪੱਖੋਂ ਬਹੁਤ ਲਾਭਕਾਰੀ ਹੋਵੇਗਾ। ਕਮੇਟੀ ਦੇ ਮੈਂਬਰ ਤਨਰੂਪ ਸਿੰਘ ਮਾਨ ਨੇ ਸਕੂਲ ਚ ਸੇਵਾ ਕਰਨ ਵਾਲੀਆਂ ਅਰਸ਼ਦੀਪ ਕੌਰ, ਹਰਪਾਲ ਕੌਰ ਅਤੇ ਹੋਰ ਸਭ ਭੈਣਾਂ ਦਾ ਧੰਨਵਾਦ ਕੀਤਾ।

# ..ਅਖ਼ੇ ਬਾਕੀ ਤਾਂ ਸਭ ਠੀਕ ਬੱਸ ਅੱਖੀਆਂ ਦਾ ਉਘਾੜ ਥੋੜਾ ਛੋਟਾ ਏ..!




ਹਰਪ੍ਰੀਤ ਸਿੰਘ ਜਵੰਦਾ



ਨਿਰੋਲ ਅੱਕ ਚੱਬਣੀ ਬੁੜੀ ਸੀ ਉਹ..ਕਿਸੇ ਨਵੀਂ ਵਿਆਹੀ ਦੀ ਸਲਾਓਤ ਹੁੰਦੀ ਹੋਣੀ ਤਾਂ ਲੌਂਗ ਦੇ ਲਿਸ਼ਕਾਰੇ ਵਾਲੀ ਗੁਲਾਬੋ ਮਾਸੀ ਬਣ ਆਪਣਾ ਵਾਂਝਾ ਵਾਹ ਹੀ ਆਉਣਾ..ਅਖ਼ੇ ਬਾਕੀ ਤਾਂ ਸਭ ਠੀਕ ਬੱਸ ਅੱਖੀਆਂ ਦਾ ਉਘਾੜ ਥੋੜਾ ਛੋਟਾ ਏ..! ਸੰਤ ਜੀ ਨਾਲ ਸਬੰਧਿਤ ਇਕ ਆਡੀਓ ਚਰਚਾ ਵਿਚ ਹੈ..ਭਾਈ ਮਰਦਾਨੇ ਜੀ ਬਾਰੇ ਸੀ..ਲਿੰਕ ਤੇ ਜਾ ਕੇ ਪੂਰੀ ਸੁਣੀ..ਥੱਲੇ ਕੁਮੈਂਟ ਵੀ ਪੜ੍ਹੇ..ਇੱਕ ਖਾਸ ਵਰਗ..ਈਰਖਾ ਨਫਰਤ ਜੈਲਸੀ ਅਤੇ ਹੀਣ ਭਾਵਨਾ ਵਿਚ ਗੜੁੱਚ..ਲੈਕਚਰ ਦੇ ਕੇਂਦਰੀ ਭਾਵ ਨੂੰ ਜਾਣ ਬੁੱਝ ਕੇ ਅਣਗੌਲਿਆਂ ਕਰ..ਉਸ ਵੱਲੋਂ ਆਖੇ ਕੱਲੇ ਕੱਲੇ ਸਬਦ ਦਾ ਸੰਧੀ ਛੇਦ ਕੀਤਾ ਪਿਆ..ਅਖੀਰ ਵਿੱਚ ਉਸ ਬਾਰੇ ਆਖੇ ਅਣਗਿਣਤ ਮੰਦੜੇ ਬੋਲ..ਉਡਾਏ ਮਜਾਕ ਅਤੇ ਕਿੰਨੀਆਂ ਸਾਰੀਆਂ ਇਮੋਜੀਆਂ..!

ਜੀ ਕੀਤਾ ਕੇ ਆਖਾਂ ਕੇ ਜੇ ਉਸਨੇ ਆਪਣੀ ਕਥਨੀ ਤੇ ਕਰਨੀ ਵਿੱਚ ਕੋਈ ਫਰਕ ਪਾਇਆ ਹੋਵੇ..ਮਿਥ ਕੇ ਐਲਾਨੀ ਸ਼ਹੀਦੀ ਤੋਂ ਭਗੌੜਾ ਹੋਇਆ ਹੋਵੇ..ਕਿਸੇ ਸਰਕਾਰ ਨਾਲ ਗੁਪਤ ਸਮਝੌਤਾ ਕੀਤਾ ਹੋਵੇ.. ਵਜ਼ੀਰੀਆਂ.. ਪਦਵੀਆਂ.. ਪ੍ਰਧਾਨਗੀਆਂ..ਡਾਲਰ ਪੌਂਡ ਕੋਠੀਆਂ ਕਾਰਾਂ ਲਾਮ ਲਸ਼ਕਰ ਰੇਤਾ ਬੱਜਰੀ ਟਰਾਂਸਪੋਰਟ ਕੇਬਲ ਜਾਂ ਕਿਸੇ ਹੋਰ ਦੁਨਿਆਵੀ ਲਾਲਚ ਵੱਸ ਵਧਾਇਆ ਕਦਮ ਪਿੱਛੇ ਨੂੰ ਪੁੱਟਿਆ ਹੋਵੇ ਤਾਂ ਤੇ ਫੇਰ ਗੱਲ ਕਰਨੀ ਜਾਇਜ਼ ਬਣਦੀ ਹੈ..ਪਰ ਆਹ ਕੀ ਗੱਲ ਹੋਈ ਅਖ਼ੇ ਆਟਾ ਗੁੰਨਦੀ ਹਿੱਲਦੀ ਕਿਓਂ ਏ..!

ਨਾਲੇ ਉਸਨੇ ਖੁਦ ਨੂੰ ਕਿਹੜਾ ਰੱਬ ਗਰਦਾਨਿਆਂ..ਹੈ ਤਾਂ ਇਕ ਆਮ ਇਨਸਾਨ ਹੀ ਸੀ..ਵੱਖਰੀ ਗੱਲ ਕੇ ਇਥੋਂ ਰਵਾਨਗੀ ਦਾ ਅਪਣਾਇਆ ਵਿਲੱਖਣ ਜਿਹਾ ਤਰੀਕਾ ਉਸਨੂੰ ਮਹਾਨ ਬਣਾ ਗਿਆ! ਕੇਰਾ ਇੱਕ ਬਾਬੇ ਜੀ ਨੇ ਡੁੱਬ ਰਹੀ ਔਰਤ ਨੂੰ ਮੋਢਿਆਂ ਤੇ ਚੁੱਕ ਦਰਿਆ ਪਾਰ ਕਰਵਾ ਦਿੱਤਾ..ਹਫਤਾ ਲੰਘ ਗਿਆ..ਇੱਕ ਚੇਲਾ ਕੋਲ ਆਇਆ..ਪੁੱਛਣ ਲੱਗਾ..ਬਾਬਾ ਜੀ ਤੁਸੀਂ ਫਲਾਣੇ ਦਿਨ ਫਲਾਣੇ ਟਾਈਮ ਫਲਾਣੀ ਥਾਂ ਉਸ ਔਰਤ ਨੂੰ ਸਪਰਸ਼ ਕਰਕੇ ਖੁਦ ਹੀ ਬਣਾਏ ਅਸੂਲਾਂ ਤੋਂ ਮੁਨਕਰ ਕਿਓਂ ਹੋਏ ਸੋ?

ਬਾਬੇ ਹੁਰੀਂ ਉੱਚੀ ਸਾਰੀ ਹੱਸੇ ਤੇ ਆਖਣ ਲੱਗੇ ਕਮਲਿਆ ਮੈਂ ਤੇ ਉਸ ਨੂੰ ਘੜੀ ਦੀ ਘੜੀ ਮੋਢਿਆਂ ਤੇ ਚੁੱਕ ਫੇਰ ਥੱਲੇ ਲਾਹ ਓਥੇ ਹੀ ਮਨੋਂ ਵਿਸਾਰ ਆਇਆਂ ਸਾਂ ਪਰ ਤੂੰ ਤੇ ਉਸਨੂੰ ਅਜੇ ਵੀ ਆਪਣੇ ਮਨ ਦੇ ਮੋਢਿਆਂ ਤੇ ਚੁੱਕੀ ਫਿਰਦਾਂ..!

ਬਾਬਾ ਜਰਨੈਲ ਸਿੰਘ ਤੇ ਅਰਦਾਸਾ ਸੋਧ ਜੋ ਕਰਨਾ ਸੀ ਕਰ ਸਦੀਵੀਂ ਅਮਰ ਹੋ ਗਿਆ ਪਰ ਇਹ ਵਰਗ ਅੱਜ ਵੀ ਉਸਦੀਆਂ ਆਖੀਆਂ ਗੱਲਾਂ ਦੇ ਆਪਣੇ ਹਿਸਾਬ ਨਾਲ ਨਿੱਕੇ ਨਿੱਕੇ ਵਿਸ਼ਲੇਸ਼ਣ ਕਰ ਮਨੋ ਤ੍ਰਿਪਤੀ ਦੇ ਬਣਾਏ ਸਮੁੰਦਰ ਵਿਚ ਤਾਰੀਆਂ ਲਾ ਲਾ ਧੰਨ ਹੋਈ ਜਾ ਰਿਹਾ!

# ਚੀਨ-ਅਮਰੀਕਾ ਸਬੰਧਾਂ 'ਚ ਸਥਿਰਤਾ ਦੀ ਲੋੜ : ਸ਼ੀ ਜਿਨਪਿੰਗ



ਬੀਜਿੰਗ, : ਚੀਨ ਦੇ ਸਰਕਾਰੀ ਮੀਡੀਆ ਮੁਤਾਬਕ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਇਓਵਾ ਨਿਵਾਸੀ ਜਿਸਨੂੰ ਉਹ ਪਹਿਲੀ ਵਾਰ ਮਿਲਿਆ ਸੀ, ਦੇ ਇੱਕ ਪੱਤਰ ਦੇ ਜਵਾਬ ਵਿੱਚ ਕਿਹਾ ਕਿ ਦੁਨੀਆ ਦਾ ਭਵਿੱਖ ਚੀਨ-ਅਮਰੀਕਾ ਸਬੰਧਾਂ ਵਿੱਚ ਸਥਿਰਤਾ ਦੀ ਮੰਗ ਕਰਦਾ ਹੈ। ਦੁਵੱਲੇ ਸਬੰਧ ਹਾਲ ਹੀ ਦੇ ਸਾਲਾਂ ਵਿੱਚ ਵਿਗੜ ਗਏ ਹਨ, ਇੱਕ ਵਪਾਰਕ ਯੁੱਧ ਅਤੇ ਕੋਵਿਡ-19 ਦੀ ਸ਼ੁਰੂਆਤ ਸਮੇਤ ਹੋਰ ਮੁੱਦਿਆਂ ਦੀ ਬਹੁਤਾਤ ਦੁਆਰਾ ਨਿੰਦਾ ਕੀਤੀ ਗਈ ਹੈ।

ਨਵੰਬਰ ਵਿੱਚ ਸਨ ਫਰਾਂਸਿਸਕੋ ਵਿੱਚ ਯੂਐਸ ਦੇ ਰਾਸ਼ਟਰਪਤੀ ਜੋਅ ਬਿਡੇਨ ਨਾਲ ਸ਼ੀ ਜਿਨਪਿੰਗ ਦੀ ਗੱਲਬਾਤ ਤੋਂ ਬਾਅਦ ਦੇਸ਼ਾਂ ਦਰਮਿਆਨ ਸੰਚਾਰ ਵਿੱਚ ਸੁਧਾਰ ਹੋਇਆ ਹੈ, ਪਰ ਦੋਵੇਂ ਧਿਰਾਂ ਲੋਕਤੰਤਰੀ ਤੌਰ 'ਤੇ ਸ਼ਾਸਨ ਵਾਲੇ ਤਾਈਵਾਨ ਨੂੰ ਲੈ ਕੇ ਤਣਾਅ ਵਿੱਚ ਹਨ, ਜਿਸ ਨੂੰ ਚੀਨ ਆਪਣੇ ਖੇਤਰ ਵਜੋਂ ਦਾਅਵਾ ਕਰਦਾ ਹੈ। ਆਈਲੈਂਡ ਸ਼ਨੀਵਾਰ ਨੂੰ ਨਵੇਂ ਰਾਸ਼ਟਰਪਤੀ ਦੀ ਚੋਣ ਕਰ ਰਿਹਾ ਹੈ। ਸ਼ੀ ਜਿਨਪਿੰਗ ਨੇ ਸਾਰਾਹ ਲੈਂਡੇ ਨੂੰ ਕਿਹਾ, 'ਚੀਨ ਅਤੇ ਸੰਯੁਕਤ ਰਾਜ ਦੁਨੀਆ ਦੇ ਸਭ ਤੋਂ ਵੱਡੇ ਵਿਕਾਸਸ਼ੀਲ ਅਤੇ ਵਿਕਸਤ ਦੇਸ਼ ਹਨ ਅਤੇ ਇਸ ਗ੍ਰਹਿ ਦੇ ਭਵਿੱਖ ਅਤੇ ਕਿਸਮਤ ਲਈ ਚੀਨ-ਅਮਰੀਕਾ ਸਬੰਧਾਂ ਨੂੰ ਹੋਰ ਸਥਿਰ ਅਤੇ ਬਿਹਤਰ ਬਣਾਉਣ ਦੀ ਲੋੜ ਹੈ'।

ਦੋਵਾਂ ਦੀ ਜਾਣ-ਪਛਾਣ ਉਦੋਂ ਹੋਈ ਜਦੋਂ 31 ਸਾਲਾ ਸ਼ੀ ਜਿਨਪਿੰਗ ਨੇ ਯੂਐਸ ਦੇ ਭੋਜਨ ਉਤਪਾਦਨ ਬਾਰੇ ਜਾਣਨ ਲਈ ਚੀਨ ਦੇ ਉੱਤਰੀ ਹੇਬੇਈ ਸੂਬੇ ਤੋਂ ਇਸ ਦੇ 'ਸਿਸਟਰ ਰਾਜ' ਆਇਓਵਾ ਵਿੱਚ ਇੱਕ ਵਫ਼ਦ ਦੀ ਅਗਵਾਈ ਕੀਤੀ। 2012 ਵਿੱਚ, ਉਹ ਉਸਦੇ ਜੱਦੀ ਸ਼ਹਿਰ ਮਸਕਟੀਨ ਵਿੱਚ ਮੁੜ ਇਕੱਠੇ ਹੋਏ ਅਤੇ ਇੱਕ ਵਾਰ ਫਿਰ ਨਵੰਬਰ 2023 ਵਿੱਚ ਸਨ ਫਰਾਂਸਿਸਕੋ ਵਿੱਚ, ਜਦੋਂ ਲਾਂਡੇ ਨੇ ਸ਼ੀ ਜਿਨਪਿੰਗ ਲਈ ਆਯੋਜਿਤ ਰਾਤ ਦੇ ਖਾਣੇ ਵਿੱਚ ਸ਼ਿਰਕਤ ਕੀਤੀ। 2022 ਵਿੱਚ ਲੈਂਡੇ ਨੂੰ ਇੱਕ ਪਿਛਲੇ ਪੱਤਰ ਵਿੱਚ ਉਸਨੇ ਆਇਓਵਾ ਵਿੱਚ ਉਸਨੂੰ ਅਤੇ ਉਸਦੇ 'ਪੁਰਾਣੇ ਦੋਸਤਾਂ' ਨੂੰ 'ਦੋਸਤੀ ਦੇ ਬੀਜ ਬੀਜਣਾ ਜਾਰੀ ਰੱਖਣ ਅਤੇ ਚੀਨੀ ਅਤੇ ਅਮਰੀਕੀ ਲੋਕਾਂ ਵਿਚਕਾਰ ਦੋਸਤੀ ਵਿੱਚ ਨਵਾਂ ਯੋਗਦਾਨ ਪਾਉਣ' ਲਈ ਕਿਹਾ।

ਜਿਸ ਤਰ੍ਹਾਂ ਹਾਲ ਦੇ ਸਾਲਾਂ ਵਿੱਚ ਦੁਵੱਲੇ ਸਬੰਧ ਵਿਗੜ ਗਏ ਸਨ, ਉਸੇ ਤਰ੍ਹਾਂ ਅਮਰੀਕਾ ਵਿੱਚ ਚੀਨ ਦਾ ਅਕਸ ਵਿਗੜਿਆ ਸੀ।

2020 ਦੀ ਸ਼ੁਰੂਆਤ ਵਿੱਚ, ਇੱਕ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਟਵਿੱਟਰ 'ਤੇ ਕਿਹਾ ਕਿ ਹੋ ਸਕਦਾ ਹੈ ਕਿ ਕੋਰੋਨਾਵਾਇਰਸ ਸੰਯੁਕਤ ਰਾਜ ਤੋਂ ਉੱਭਰਿਆ ਹੋਵੇ ਅਤੇ ਇਹ ਹੋ ਸਕਦਾ ਹੈ ਕਿ ਇਹ ਵੁਹਾਨ ਪਹੁੰਚ ਗਿਆ ਹੋਵੇ, ਜਿੱਥੇ ਵਾਇਰਸ ਦਾ ਪਹਿਲੀ ਵਾਰ ਪਤਾ ਲਗਾਇਆ ਗਿਆ ਸੀ।

ਪਿਛਲੇ ਸਾਲ, ਪਿਊ ਰਿਸਰਚ ਸੈਂਟਰ ਦੁਆਰਾ ਕੀਤੇ ਗਏ ਇੱਕ ਸਰਵੇਖਣ ਵਿੱਚ, ਸੰਯੁਕਤ ਰਾਜ ਵਿੱਚ ਉੱਤਰਦਾਤਾਵਾਂ ਵਿੱਚੋਂ 83% ਨੇ ਚੀਨ ਪ੍ਰਤੀ ਅਣਉਚਿਤ ਰਾਏ ਰੱਖੀ ਸੀ। ਸੰਯੁਕਤ ਰਾਜ ਅਮਰੀਕਾ ਲਈ ਸਭ ਤੋਂ ਵੱਡਾ ਖਤਰਾ ਪੈਦਾ ਕਰਨ ਵਾਲੇ ਦੇਸ਼ ਦਾ ਨਾਮ ਪੁੱਛਣ 'ਤੇ ਅਮਰੀਕੀਆਂ ਨੇ ਚੀਨ ਨੂੰ ਆਰਥਿਕ ਅਤੇ ਰਾਸ਼ਟਰੀ ਸੁਰੱਖਿਆ ਦੋਵਾਂ ਲਈ ਖ਼ਤਰਾ ਸਮਝਿਆ। ਚੀਨ, ਖਾਸ ਕਰਕੇ ਸੰਯੁਕਤ ਰਾਜ ਵਿੱਚ ਇਸਦੀ ਅਕਸ ਦੀ ਮੁਰੰਮਤ ਕਰਨਾ ਸਭ ਤੋਂ ਮਹੱਤਵਪੂਰਨ ਹੈ। ਵਾਸ਼ਿੰਗਟਨ ਨੇ ਚੀਨੀ ਵਸਤਾਂ 'ਤੇ ਵਾਧੂ ਟੈਰਿਫ ਲਗਾਏ ਹਨ ਅਤੇ ਚੀਨ ਨੂੰ ਤਕਨੀਕੀ ਚਿਪਸ ਵਰਗੀਆਂ ਕੁਝ ਤਕਨੀਕਾਂ ਦੇ ਨਿਰਯਾਤ 'ਤੇ ਰੋਕ ਲਗਾ ਦਿੱਤੀ ਹੈ।

# ਭਾਈ ਰਾਜੋਆਣਾ ਬਾਰੇ .ਫ਼ੈਸਲਾ ਨਾ ਕਰ ਕੇ ਕੇਂਦਰ ਸੁਪਰੀਮ ਕੋਰਟ ਦੇ ਹੁਕਮਾਂ ਦਾ ਉਲੰਘਣ ਕਰ ਰਿਹੈ : ਕਮਲਦੀਪ ਕੌਰ

## ਬਿਲਕਸ ਬਾਨੋ ਬਾਰੇ ਫ਼ੈਸਲੇ ਨੂੰ ਸਰਕਾਰਾਂ ਦੇ ਮੂੰਹ 'ਤੇ ਕਾਨੂੰਨੀ ਚਪੇੜ ਦੱਸਿਆ



ਚੰਡੀਗੜ੍ਹ : ਬਿਲਕਸ ਬਾਨੋ ਮਾਮਲੇ ਦੇ 11 ਦੋਸ਼ੀਆਂ ਨੂੰ ਸੁਪਰੀਮ ਕੋਰਟ ਵਲੋਂ ਮੁੜ ਜੇਲ ਭੇਜੇ ਜਾਣ ਦੇ ਫ਼ੈਸਲੇ ਬਾਰੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਪ੍ਰਤੀਕਰਮ ਦਿਤਾ ਹੈ। ਉਨ੍ਹਾਂ ਫੇਸਬੁੱਕ ਪੋਸਟ ਪਾ ਕੇ ਕਿਹਾ ਕਿ ਗੁਜਰਾਤ ਅਤੇ ਕੇਂਦਰ ਸਰਕਾਰਾਂ ਦੇ ਮੂੰਹ ਉਪਰ ਇਹ ਕਾਨੂੰਨ ਦੀ ਚਪੇੜ ਹੈ।

ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਨਾਲ ਵੀ ਬਹੁਤ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਵਲੋਂ ਕਈ ਵਾਰ ਹੁਕਮ ਦੇਣ ਦੇ ਬਾਵਜੂਦ ਕੇਂਦਰ ਫ਼ੈਸਲਾ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਇਹ ਸੁਪਰੀਮ ਕੋਰਟ ਦੇ ਹੁਕਮਾਂ ਦਾ ਉਲੰਘਣ ਵੀ ਹੈ। ਰਾਜੋਆਣਾ ਦੀ ਭੈਣ ਨੇ ਅੱਗੇ ਲਿਖਿਆ ਕਿ ਪ੍ਰਕਾਸ਼ ਪੁਰਬ ਮੌਕੇ ਭਾਈ ਰਾਜੋਆਣਾ ਤੇ ਹੋਰ ਸਿੱਖ ਬੰਦੀਆਂ ਦੀ ਰਿਹਾਈ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੱਤਰ ਜਾਰੀ ਕੀਤਾ ਸੀ ਪਰ ਸੁਪਰੀਮ ਕੋਰਟ ਦੇ ਕਹਿਣ ਦੇ ਬਾਵਜੂਦ ਸਰਕਾਰ ਫਾਂਸੀ ਬਾਰੇ ਕੋਈ ਫ਼ੈਸਲਾ ਨਹੀਂ ਲੈ ਰਹੀ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ 28 ਸਾਲ ਤੋਂ ਜੇਲ ਵਿਚ ਹਨ ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਅਤੇ ਕਾਨੂੰਨਾਂ ਦਾ ਵੀ ਉਲੰਘਣ ਕੀਤਾ ਜਾ ਰਿਹਾ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਲੈ ਕੇ ਕੱਢਿਆ ਨਗਰ ਕੀਰਤਨ











ਸ੍ਰੀ ਅਨੰਦਪੁਰ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਲੈ ਕੇ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਕੌਮੀ ਪੱਧਰ ’ਤੇ ਮਨਾਏ ਜਾ ਰਹੇ ਪ੍ਰਕਾਸ਼ ਗੁਰਪੁਰਬ ਦੇ ਸੰਬੰਧ ਵਿਚ ’ਆਪੇ ਗੁਰੂ ਚੇਲਾ’ ਵਿਸ਼ਾਲ ਨਗਰ ਕੀਰਤਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਖ਼ਾਲਸਾਈ ਜਾਹੋ-ਜਲਾਲ ਨਾਲ ਆਰੰਭ ਹੋ ਗਿਆ।। ਇਹ ਨਗਰ ਕੀਰਤਨ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ’ਤੇ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ 16 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਵੇਗਾ। ਇਸ ਨਗਰ ਕੀਰਤਨ ’ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਗੁਰਬਖਸ਼ ਸਿੰਘ ਖ਼ਾਲਸਾ ਆਦਿ ਸ਼ਾਮਿਲ ਹੋਏ।



ਸ੍ਰੀ ਗੁਰੂ ਗੋਬਿੰਦ ਸਿੰਘ ਜਯੰਤੀ ਤੋਂ ਪਹਿਲਾਂ ਕੱਢੇ ਗਏ ਨਗਰ ਕੀਰਤਨ ਦੌਰਾਨ ਸਿੱਖ ਭਾਈਚਾਰੇ ਦੇ ਲੋਕਾਂ ਨੇ ਸੜਕ ਦੀ ਸਫਾਈ ਕੀਤੀ।



ਸ਼ਰਧਾਲੂਆਂ ਨੇ ਬੁੱਧਵਾਰ ਨੂੰ ਜੰਮੂ ਵਿਚ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਦੇ 355ਵੇਂ ਪ੍ਰਕਾਸ਼ ਪੁਰਬ ਦੇ ਜਸ਼ਨ ਦੌਰਾਨ ‘ਪੰਜ ਪਿਆਰਿਆਂ’ ਦੀ ਅਗਵਾਈ ਵਿਚ ਇਕ ‘ਨਗਰ ਕੀਰਤਨ’ ਵਿਚ ਹਿੱਸਾ ਲਿਆ।



ਕੋਲਕਾਤਾ ਵਿੱਚ ਐਤਵਾਰ ਨੂੰ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਦੌਰਾਨ ਸਿੱਖ ਸ਼ਰਧਾਲੂਆਂ ਨੇ ‘ਗਤਕਾ’ ਦਾ ਪ੍ਰਦਰਸ਼ਨ ਕੀਤਾ।




ਕੋਲਕਾਤਾ ਵਿੱਚ ਐਤਵਾਰ ਨੂੰ ਦਸਵੇਂ ਸਿੱਖ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਨਗਰ ਕੀਰਤਨ ਦੌਰਾਨ।

# ਭਾਰਤ ਨੇ ਪਾਕਿਸਤਾਨ 'ਤੇ ਤਾਣ ਦਿੱਤੀਆਂ ਸੀ 9 ਮਿਜ਼ਾਈਲਾਂ, ਫੁੱਲ ਗਏ ਸੀ ਇਮਰਾਨ ਖ਼ਾਨ ਦੇ ਸਾਹ



ਨਵੀਂ ਦਿੱਲੀ : ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਫਰਵਰੀ, 2019 ਨੂੰ ਬਿਲਕੁਲ ਵੀ ਭੁੱਲ ਨਹੀਂ ਸਕਦੇ, ਜਦੋਂ ਦੋਵਾਂ ਦੇਸ਼ਾਂ ਵਿਚਾਲੇ ਜੰਗ ਦੇ ਹਾਲਾਤ ਪੈਦਾ ਹੋ ਗਏ ਸੀ। ਆਲਮ ਇਹ ਹੋ ਗਿਆ ਸੀ ਕਿ ਭਾਰਤ ਨੇ ਪਾਕਿਸਤਾਨ ਵੱਲ 9 ਮਿਜ਼ਾਈਲਾਂ ਦਾ ਮੂੰਹ ਮੋੜ ਦਿੱਤਾ ਸੀ। ਇਸ ਦਾ ਕਾਰਨ ਇਹ ਸੀ ਕਿ ਪਾਕਿਸਤਾਨ ਨੇ ਭਾਰਤ ਦੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਬੰਦੀ ਬਣਾ ਲਿਆ ਸੀ ਅਤੇ ਉਨ੍ਹਾਂ ਨੂੰ ਨਾ ਛੱਡਣ ਦੀ ਗੱਲ ਕਹਿਣ ਲੱਗਾ ਸੀ।

ਹਾਲਾਂਕਿ, ਉਸ ਵੇਲੇ ਭਾਰਤੀ ਹਵਾਈ ਫੌਜ ਨੇ 26 ਫਰਵਰੀ ਨੂੰ ਪਾਕਿਸਤਾਨ 'ਚ ਦਾਖਲ ਹੋ ਕੇ ਬਾਲਾਕੋਟ 'ਚ ਏਅਰਸਟਰਾਈਕ ਕੀਤੀ ਸੀ। ਇਸ ਤੋਂ ਇਕ ਦਿਨ ਬਾਅਦ, 27 ਫਰਵਰੀ ਨੂੰ ਪਾਕਿਸਤਾਨੀ ਹਵਾਈ ਫੌਜ ਨਾਲ ਲੋਹਾ ਲੈਂਦਿਆਂ ਭਾਰਤੀ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਦਾ ਜਹਾਜ਼ ਦੁਸ਼ਮਣ ਦੇਸ਼ 'ਚ ਕਰੈਸ਼ ਹੋ ਗਿਆ, ਜਿਸ ਤੋਂ ਬਾਅਦ ਉਸ ਨੂੰ ਜ਼ਖਮੀ ਹਾਲਤ ਵਿਚ ਫੜ ਲਿਆ ਗਿਆ। ਪਹਿਲਾਂ ਤਾਂ ਪਾਕਿਸਤਾਨ ਨੇ ਉਨ੍ਹਾਂ ਨੂੰ ਰਿਹਾਅ ਨਾ ਕਰਨ ਦੀ ਗੱਲ ਕਹੀ, ਫਿਰ ਇਮਰਾਨ ਖਾਨ ਨੇ ਨੈਸ਼ਨਲ ਅਸੈਂਬਲੀ 'ਚ ਐਲਾਨ ਕੀਤਾ ਕਿ ਪਾਕਿਸਤਾਨ ਅਭਿਨੰਦਨ ਨੂੰ ਰਿਹਾਅ ਕਰਨ ਵਾਲਾ ਹੈ।

ਦਰਅਸਲ, ਪਾਕਿਸਤਾਨ 'ਚ ਭਾਰਤ ਦੇ ਹਾਈ ਕਮਿਸ਼ਨਰ ਰਹੇ ਅਜੇ ਬਿਸਾਰੀਆ ਨੇ ਇਕ ਕਿਤਾਬ ਲਿਖੀ ਹੈ, ਜਿਸ ਦਾ ਸਿਰਲੇਖ 'ਐਂਗਰ ਮੈਨੇਜਮੈਂਟ : ਦਿ ਟਰਬਲਡ ਡਿਪਲੋਮੈਟਿਕ ਰਿਲੇਸ਼ਨਸ਼ਿਪ ਬਿਟਵੀਨ ਇੰਡੀਆ ਐਂਡ ਪਾਕਿਸਤਾਨ' ਹੈ। ਇਸ ਕਿਤਾਬ 'ਚ ਦੱਸਿਆ ਗਿਆ ਹੈ ਕਿ 26 ਫਰਵਰੀ ਤੋਂ ਲੈ ਕੇ 28 ਫਰਵਰੀ 2019 ਦਰਮਿਆਨ 3 ਦਿਨਾਂ ਤੱਕ ਦੋਵਾਂ ਦੇਸ਼ਾਂ 'ਚ ਕਿਸ ਤਰ੍ਹਾਂ ਦੇ ਹਾਲਾਤ ਸਨ। ਇਸ 'ਚ ਦੱਸਿਆ ਗਿਆ ਹੈ ਕਿ ਇਮਰਾਨ ਖਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨ ਲਈ ਲਗਾਤਾਰ ਪ੍ਰੇਸ਼ਾਨ ਹੋ ਰਹੇ ਸਨ।

**ਪੀ. ਐੱਮ. ਮੋਦੀ ਨਾਲ ਗੱਲ ਕਰਨਾ ਚਾਹੁੰਦੇ ਸਨ ਇਮਰਾਨ**

ਅਜੇ ਬਿਸਾਰੀਆ ਨੇ ਲਿਖਿਆ ਕਿ ਪਾਕਿਸਤਾਨੀ ਅਧਿਕਾਰੀ ਉਨ੍ਹਾਂ ਨੂੰ ਫੋਨ ਕਰ ਕੇ ਤਣਾਅ ਘੱਟ ਕਰਨ ਦੀ ਗੁਜ਼ਾਰਿਸ਼ ਕਰ ਰਹੇ ਸਨ। ਪਾਕਿਸਤਾਨੀ ਅਧਿਕਾਰੀ ਚਾਹੁੰਦੇ ਸਨ ਕਿ ਇਮਰਾਨ ਖਾਨ ਅਤੇ ਪੀ. ਐੱਮ. ਮੋਦੀ ਦੀ ਗੱਲਬਾਤ ਹੋ ਜਾਵੇ, ਜੋ ਸੰਭਵ ਨਹੀਂ ਹੋਇਆ। ਪੀ. ਐੱਮ. ਮੋਦੀ ਨੇ ਉਸ ਖਾਸ ਰਾਤ ਨੂੰ 'ਕਤਲ ਦੀ ਰਾਤ' ਦੱਸਿਆ ਸੀ। ਪੀ. ਐੱਮ. ਮੋਦੀ 27 ਫਰਵਰੀ ਦੀ ਰਾਤ ਦਾ ਜ਼ਿਕਰ ਕਰ ਰਹੇ ਸਨ, ਜਦੋਂ ਅਭਿਨੰਦਨ ਪਾਕਿਸਤਾਨ ਦੀ ਹਿਰਾਸਤ 'ਚ ਸੀ। ਉਹ 2 ਦਿਨ ਤੱਕ ਪਾਕਿਸਤਾਨ ਦੀ ਕੈਦ 'ਚ ਰਹੇ, ਜਿਸ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ ਸੀ।

# 'ਆਪ' ਨਾਲ ਗੱਠਜੋੜ ਬਾਰੇ ਫੈਸਲਾ ਵਿਚਾਰ ਚਰਚਾ ਮਗਰੋਂ: ਯਾਦਵ

## ਕਾਂਗਰਸ ਦੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਹਰਿਮੰਦਰ ਸਾਹਿਬ ਨਤਮਸਤਕ



ਅੰਮ੍ਰਿਤਸਰ : ਪੰਜਾਬ ਕਾਂਗਰਸ ਮਾਮਲਿਆਂ ਦੇ ਨਵੇਂ ਬਣੇ ਇੰਚਾਰਜ ਦਵਿੰਦਰ ਯਾਦਵ ਨੇ ਕਿਹਾ ਕਿ ਉਹ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਗੱਠਜੋੜ ਸਬੰਧੀ ਆਪਣੀ ਰਾਏ ਕਾਂਗਰਸ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਮੀਟਿੰਗ ਤੋਂ ਬਾਅਦ ਹਾਈ ਕਮਾਂਡ ਨੂੰ ਦੇਣਗੇ। ਉਹ ਅੱਜ ਇੱਥੇ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਏ ਸਨ।

ਸ੍ਰੀ ਯਾਦਵ ਨੇ ਪੰਜਾਬ ਵਿੱਚ ਗਤੀਵਿਧੀਆਂ ਸ਼ੁਰੂ ਕਰਨ ਤੋਂ ਪਹਿਲਾਂ ਅੱਜ ਇੱਥੇ ਗੁਰੂ ਘਰ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਹੋਰ ਕਾਂਗਰਸੀ ਆਗੂ ਹਾਜ਼ਰ ਸਨ। ਇਸ ਮੌਕੇ ਕਾਂਗਰਸੀ ਆਗੂਆਂ ਨੇ ਪੰਜਾਬ ਕਾਂਗਰਸ ਵਿੱਚ ਏਕਤਾ ਹੋਣ ਦਾ ਦਾਅਵਾ ਕੀਤਾ ਪਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਦੂਰੀ ਸਪੱਸ਼ਟ ਦਿਖਾਈ ਦਿੱਤੀ।

ਪੰਜਾਬ ਕਾਂਗਰਸ ਦੇ ਦੋਵਾਂ ਆਗੂਆਂ ਵਿਚਾਲੇ ਦੂਰੀ ਬਾਰੇ ਸ੍ਰੀ ਯਾਦਵ ਨੇ ਫਿਲਹਾਲ ਕੁਝ ਕਹਿਣ ਤੋਂ ਟਾਲਾ ਵੱਟਦਿਆਂ ਕਿਹਾ ਕਿ ਇਹ ਉਨ੍ਹਾਂ ਦਾ ਪਹਿਲਾ ਪੰਜਾਬ ਦੌਰਾ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਗੱਠਜੋੜ ਸਬੰਧੀ ਗੱਲ ਕਰਦਿਆਂ ਸ੍ਰੀ ਯਾਦਵ ਨੇ ਆਖਿਆ ਕਿ ਉਹ ਜਲਦੀ ਹੀ ਚੰਡੀਗੜ੍ਹ ਵਿਚ ਕਾਂਗਰਸੀ ਅਹੁਦੇਦਾਰਾਂ ਅਤੇ ਬਲਾਕ ਪ੍ਰਧਾਨ ਤੱਕ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਨਗੇ ਜਿਸ ਵਿੱਚ ਕਾਂਗਰਸੀ ਆਗੂਆਂ ਤੇ ਲੋਕਾਂ ਦੀ ਇਸ ਸਬੰਧੀ ਰਾਏ ਜਾਣੀ ਜਾਵੇਗੀ। ਇਸ ਤੋਂ ਬਾਅਦ ਪੰਜਾਬ ਦੇ ਕਾਂਗਰਸੀ ਆਗੂਆਂ ਅਤੇ ਲੋਕਾਂ ਦੀ ਇਸ ਗੱਠਜੋੜ ਸਬੰਧੀ ਰਾਏ ਕਾਂਗਰਸ ਹਾਈ ਕਮਾਂਡ ਨੂੰ ਦੇਣਗੇ।

ਇਸ ਮਗਰੋਂ ਕਾਂਗਰਸ ਹਾਈ ਕਮਾਂਡ ਆਪਣਾ ਫ਼ੈਸਲਾ ਲਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਂਡ ਸਪੱਸ਼ਟ ਕਰ ਚੁੱਕੀ ਹੈ ਕਿ ਇਸ ਮਾਮਲੇ ਵਿੱਚ ਕਾਂਗਰਸੀ ਆਗੂਆਂ ਅਤੇ ਲੋਕਾਂ ਦੀ ਰਾਏ ਮੁਤਾਬਕ ਹੀ ਅਗਲਾ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਪੂਰੀ ਤਰ੍ਹਾਂ ਇਕਜੁੱਟ ਹੈ ਤੇ ਇਕਜੁੱਟ ਹੀ ਰਹੇਗੀ।

**ਨਵਜੋਤ ਸਿੱਧੂ ਦੀਆਂ ਰੈਲੀਆਂ ਤੋਂ ਕੋਈ ਇਤਰਾਜ਼ ਨਹੀਂ: ਵੜਿੰਗ**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਦੇ ਨਵਜੋਤ ਸਿੰਘ ਸਿੱਧੂ ਨਾਲ ਕੋਈ ਮੱਤਭੇਦ ਨਹੀਂ ਹਨ। ਉਹ ਕਾਂਗਰਸ ਦੇ ਸਾਰੇ ਸੀਨੀਅਰ ਆਗੂਆਂ ਨੂੰ ਨਾਲ ਲੈ ਕੇ ਚੱਲਣਗੇ। ਨਵਜੋਤ ਸਿੰਘ ਸਿੱਧੂ ਵੱਲੋਂ ਆਪਣੇ ਤੌਰ 'ਤੇ ਰੈਲੀਆਂ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਸਬੰਧੀ ਕੋਈ ਇਤਰਾਜ਼ ਨਹੀਂ ਹੈ ਤੇ ਕੋਈ ਵੀ ਕਾਂਗਰਸੀ ਆਗੂ ਵਰਕਰਾਂ ਨੂੰ ਇਕਜੁੱਟ ਕਰਨ ਲਈ ਰੈਲੀ ਕਰ ਸਕਦਾ ਹੈ।

**ਕੋਈ ਵੀ ਕਾਂਗਰਸ ਆਗੂ 10 ਹਜ਼ਾਰ ਦਾ ਇਕੱਠ ਕਰਕੇ ਦਿਖਾਵੇ: ਸਿੱਧੂ**

ਨਵਜੋਤ ਸਿੰਘ ਸਿੱਧੂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸੀ ਵਰਕਰਾਂ ਅਤੇ ਆਗੂਆਂ ਨੂੰ ਇਕਜੁੱਟ ਕਰਨ ਤੇ ਉਤਸ਼ਾਹਿਤ ਕਰਨ ਲਈ ਰੈਲੀ ਕਰਨਾ ਕੋਈ ਗਲਤ ਨਹੀਂ ਹੈ ਅਤੇ ਉਹ ਇਸ ਨੂੰ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਾਂਗਰਸੀ ਆਗੂ 10 ਹਜ਼ਾਰ ਵਰਕਰਾਂ ਦਾ ਇਕੱਠ ਕਰਦਾ ਹੈ ਤਾਂ ਉਹ ਉਸ ਨੂੰ ਸੀਸ ਝੁਕਾਉਣਗੇ। ਉਹ ਪੰਜਾਬ ਅਤੇ ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਲਈ ਆਪਣੀ ਲੜਾਈ ਜਾਰੀ ਰੱਖਣਗੇ ਤੇ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਦਵਿੰਦਰ ਯਾਦਵ ਨੂੰ ਪੂਰਾ ਸਹਿਯੋਗ ਦੇਣਗੇ। ਸੁਖਪਾਲ ਸਿੰਘ ਖਹਿਰਾ ਮਾਮਲੇ ਬਾਰੇ ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਨੇ ਕਿਹਾ ਕਿ ਇਹ ਸਿਆਸੀ ਬਦਲਾਖੋਰੀ ਦੀ ਭਾਵਨਾ ਦਾ ਮਾਮਲਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਤਾਨਾਸ਼ਾਹ ਰਾਜ ਹੈ ਜਿੱਥੇ ਪੁਲੀਸ ਦੀ ਮਨਮਰਜ਼ੀ ਚੱਲ ਰਹੀ ਹੈ।

# ਅਮਰੀਕਾ ਦੀਆਂ ਅਦਾਲਤਾਂ 'ਚ 'ਗੋਲੀਬਾਰੀ ਅਤੇ ਜੱਜਾਂ 'ਤੇ ਹਮਲੇ'



ਅਮਰੀਕਾ 'ਚ ਗੋਲੀਬਾਰੀ ਅਤੇ ਹਿੰਸਾ ਲਗਾਤਾਰ ਵਧ ਰਹੀ ਹੈ। ਉੱਥੇ ਹਰ ਰੰਗ, ਨਸਲ ਅਤੇ ਉਮਰ ਦੇ ਲੋਕ ਗੋਲੀਬਾਰੀ ਦਾ ਸ਼ਿਕਾਰ ਹੋ ਰਹੇ ਹਨ।

ਸਾਲ 2022 ਦੇ ਅੰਕੜਿਆਂ ਮੁਤਾਬਕ ਉੱਥੇ ਕਤਲਾਂ ਦੀ ਦਰ ਬਰਤਾਨੀਆ, ਫਰਾਂਸ ਅਤੇ ਜਰਮਨੀ ਨਾਲੋਂ 6 ਗੁਣਾ ਅਤੇ ਜਾਪਾਨ ਨਾਲੋਂ 20 ਗੁਣਾ ਵੱਧ ਹੈ। ਸਭ ਤੋਂ ਸੁਰੱਖਿਅਤ ਮੰਨੇ ਜਾਣ ਵਾਲੇ ਨਿਊਯਾਰਕ ਸ਼ਹਿਰ 'ਚ ਵੀ ਕਤਲ ਦੀਆਂ ਘਟਨਾਵਾਂ 'ਚ ਵਾਧਾ ਹੋਇਆ ਹੈ ਅਤੇ ਹੁਣ ਤਾਂ ਅਮਰੀਕੀ ਅਦਾਲਤਾਂ 'ਚ ਵੀ ਗੋਲੀਬਾਰੀ ਅਤੇ ਹੰਸਾ ਦੀਆਂ ਘਟਨਾਵਾਂ ਹੋਣ ਲੱਗੀਆਂ ਹਨ :

* 2 ਜਨਵਰੀ, 2024 ਨੂੰ ਕੋਲੋਰਾਡੋ ਸੁਪਰੀਮ ਕੋਰਟ 'ਚ ਦਾਖਲ ਹੋ ਕੇ 'ਬ੍ਰੈਂਡੇਨ ਆਲਸੇਨ' ਨਾਮੀ ਇਕ ਬੰਦੂਕਧਾਰੀ ਇਕ ਸੁਰੱਖਿਆਗਾਰਡ ਨੂੰ ਬੰਧਕ ਬਣਾ ਕੇ ਉਸ ਕੋਲੋਂ ਚਾਬੀਆਂ ਖੋਹ ਕੇ ਅੰਦਰ ਜਾ ਕੇ ਗੋਲੀਆਂ ਚਲਾਉਣ ਲੱਗਾ ਜਿਸ ਕਾਰਨ ਉੱਥੇ ਭਾਜੜ ਮਚ ਗਈ।

* 4 ਜਨਵਰੀ ਨੂੰ ਨੇਵਾਦਾ ਸੂਬੇ ਦੇ ਲਾਸਵੇਗਾਸ 'ਚ 'ਕਲਾਰਕ ਕਾਊਂਟੀ' ਸਥਿਤ ਜ਼ਿਲਾ ਅਦਾਲਤ 'ਚ ਜਦੋਂ ਜੱਜ 'ਮੈਰੀ ਹੋਲਥੂਸ' ਇਕ ਕੇਸ ਦੀ ਸੁਣਵਾਈ ਤੋਂ ਬਾਅਦ ਫੈਸਲਾ ਸੁਣਾ ਰਹੀ ਸੀ, ਉਸੇ ਦੌਰਾਨ ਅਚਾਨਕ 'ਦੇਓਬ੍ਰਾ ਦੇਲੋਨ' ਨਾਮੀ ਇਕ ਮੁਲਜ਼ਮ ਨੇ ਬਚਾਅ ਪੱਖ ਦੀਆਂ ਮੇਜ਼ਾਂ 'ਤੇ ਚੜ੍ਹ ਕੇ ਜੱਜ 'ਮੈਰੀ ਹੋਲਥੂਸ' ਉਪਰ ਛਾਲ ਮਾਰ ਦਿੱਤੀ ਜਿਸ ਦੇ ਸਿੱਟੇ ਵਜੋਂ ਉਹ ਆਪਣੀ ਕੁਰਸੀ ਤੋਂ ਡਿੱਗ ਕੇ ਜ਼ਖਮੀ ਹੋ ਗਈ। ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਾਲੇ ਸੁਰੱਖਿਆ ਮੁਲਾਜ਼ਮ ਨੂੰ ਵੀ ਸੱਟਾਂ ਲੱਗੀਆਂ ਅਤੇ ਉਸ ਦਾ ਸਿਰ ਫੱਟ ਗਿਆ।

ਇਸ ਦੌਰਾਨ ਅਦਾਲਤ ਦੇ ਸੁਰੱਖਿਆ ਅਧਿਕਾਰੀਆਂ ਅਤੇ ਵਕੀਲਾਂ ਨਾਲ ਹਮਲਾਵਰ ਦੀ ਖੂਨੀ ਝੜਪ ਵੀ ਹੋਈ ਅਤੇ ਉਨ੍ਹਾਂ ਉਸ ਨੂੰ ਬੁਰੀ ਤਰ੍ਹਾਂ ਕੁੱਟਣ ਪਿੱਛੋਂ 'ਕਲਾਰਕ ਕਾਊਂਟੀ' ਡਿਟੈਂਸ਼ਨ ਕੇਂਦਰ 'ਚ ਬੰਦ ਕਰ ਦਿੱਤਾ।

ਅਮਰੀਕਾ ਦੀਆਂ ਅਦਾਲਤਾਂ 'ਚ ਗੋਲੀਬਾਰੀ ਅਤੇ ਹਿੰਸਾ ਦੀਆਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਉੱਥੋਂ ਦੇ ਲੋਕਾਂ ਦੇ ਸੁਭਾਅ 'ਚ ਹਿੰਸਾ ਕਾਰਨ ਉੱਥੋਂ ਦੀਆਂ ਅਦਾਲਤਾਂ ਤੱਕ ਅਪਰਾਧਿਕ ਅਨਸਰਾਂ ਦੇ ਨਿਸ਼ਾਨੇ 'ਤੇ ਆ ਗਈਆਂ ਹਨ ਜਿਸ ਕਾਰਨ ਉੱਥੋਂ ਦੀ ਸੁਰੱਖਿਆ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਲੱਗਣ ਲੱਗੇ ਹਨ।

# ਫੋਰਬਸ ਦੀਆਂ 100 ਸਭ ਤੋਂ ਸ਼ਕਤੀਸ਼ਾਲੀ ਔਰਤਾਂ ਵਿੱਚੋਂ 80 ਫੀਸਦੀ 50 ਸਾਲ ਤੋਂ ਵੱਧ ਉਮਰ ਦੀਆਂ



ਨਵੀਂ ਦਿੱਲੀ : ਦੁਨੀਆ ਭਰ ਦੀਆਂ ਜ਼ਿਆਦਾਤਰ ਔਰਤਾਂ 50 ਸਾਲ ਦੀ ਉਮਰ ਤੋਂ ਬਾਅਦ ਆਪਣੇ ਕਰੀਅਰ ਵਿੱਚ ਅੱਗੇ ਵਧਦੀਆਂ ਹਨ ਅਤੇ ਕੰਪਨੀਆਂ ਇਸ ਤੱਥ ਨੂੰ ਸਮਝਣਾ ਚਾਹੀਦਾ ਹੈ। ਫੋਰਬਸ 100 ਸਭ ਤੋਂ ਸ਼ਕਤੀਸ਼ਾਲੀ ਔਰਤਾਂ ਦੀ ਸੂਚੀ ਦੀ ਤਾਜ਼ਾ ਦਰਜਾਬੰਦੀ ਔਰਤਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਕਰੀਅਰ ਦੇ ਸਿਖਰ 'ਤੇ ਦਰਸਾਉਂਦੀ ਹੈ।

ਇਨ੍ਹਾਂ ਵਿੱਚੋਂ 80 ਫੀਸਦੀ 50 ਸਾਲ ਤੋਂ ਵੱਧ ਉਮਰ ਦੀਆਂ ਹਨ ਅਤੇ ਅੱਧਿਆਂ ਦੀ ਉਮਰ 60 ਸਾਲ ਤੋਂ ਉਪਰ ਹੈ। ਸਾਰੀਆਂ ਰੂੜ੍ਹੀਆਂ ਅਤੇ ਵਿਰਾਸਤੀ ਕਹਾਣੀਆਂ, ਪਰੀਆਂ ਦੀਆਂ ਕਹਾਣੀਆਂ ਅਤੇ ਫਿਲਮਾਂ ਦੇ ਬਾਵਜੂਦ ਜੋ ਬਜ਼ੁਰਗ ਔਰਤਾਂ ਨੂੰ ਡਰਾਉਣੀਆਂ ਅਤੇ ਝੁਰੜੀਆਂ ਵਾਲੇ ਕ੍ਰੋਨ ਦੇ ਰੂਪ ਵਿੱਚ ਦਰਸਾਉਂਦੀਆਂ ਹਨ, ਉਭਰਦੀ ਹਕੀਕਤ ਇਹ ਹੈ ਕਿ ਔਰਤਾਂ QC ਵਿੱਚ ਹਨ - ਉਮਰ ਦੀ ਤੀਜੀ ਤਿਮਾਹੀ (50-75)। ਜਿਹੜੀਆਂ ਕਿ ਆਪਣੀ ਲੰਬੀ ਉਮਰ ਦੇ ਇਸ ਦੌਰ ਵਿੱਚ ਕਦੇ ਵੀ ਬਿਹਤਰ ਨਹੀਂ ਦਿਖਾਈ ਦਿੰਦੀਆਂ, ਫਿੱਟ ਮਹਿਸੂਸ ਨਹੀਂ ਕੀਤਾ ਜਾਂ ਵਧੇਰੇ ਊਰਜਾ ਦੀ ਵਰਤੋਂ ਨਹੀਂ ਕੀਤੀ।

ਔਰਤਾਂ ਜੀਵਨ ਦੇ ਸਾਰੇ ਖੇਤਰਾਂ, ਸਾਰੇ ਖੇਤਰਾਂ ਵਿੱਚ ਅਤੇ ਇੱਥੋਂ ਤੱਕ ਕਿ ਕੁਝ ਅਣਕਿਆਸੇ ਦੇਸ਼ਾਂ ਵਿੱਚ ਵੀ ਪੂਰੀ ਤਰ੍ਹਾਂ ਸਵੈ-ਵਾਸਤਵਿਕ, ਆਵਾਜ਼ ਅਤੇ ਦ੍ਰਿਸ਼ਮਾਨ ਬਣ ਰਹੀਆਂ ਹਨ। ਔਰਤਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਤਰੱਕੀ ਕਰਨ ਵਿੱਚ ਥੋੜ੍ਹਾ ਜ਼ਿਆਦਾ ਸਮਾਂ ਲੱਗਦਾ ਹੈ। ਅਸਲ ਵਿੱਚ, ਇਸ ਵਿੱਚ ਦਹਾਕੇ ਲੱਗ ਜਾਂਦੇ ਹਨ।

ਜ਼ਿਆਦਾਤਰ ਪੁਰਸ਼ ਆਪਣੇ 50 ਅਤੇ 60 ਦੇ ਦਹਾਕੇ ਵਿੱਚ ਵੱਡੇ-ਵੱਡੇ ਤਾਕਤ ਅਤੇ ਪ੍ਰਭਾਵਸ਼ਾਲੀ ਅਹੁਦਿਆਂ 'ਤੇ ਪਹੁੰਚਦੇ ਹਨ (ਤਕਨੀਕੀ ਖੇਤਰ ਇੱਕ ਮਹੱਤਵਪੂਰਨ ਅਪਵਾਦ ਹੈ)। ਜ਼ਿਆਦਾਤਰ ਔਰਤਾਂ ਅਜੇ ਵੀ QB ਵਿੱਚ ਪੂੰਜੀਵਾਦ, ਕੈਰੀਅਰ ਅਤੇ ਦੇਖਭਾਲ (ਬੱਚਿਆਂ, ਬਜ਼ੁਰਗਾਂ, ਜੀਵਨ ਸਾਥੀ ਅਤੇ ਉਹਨਾਂ ਦੀ ਲੋੜ ਵਾਲੇ ਕਿਸੇ ਹੋਰ ਵਿਅਕਤੀ) ਦੇ ਅਸੰਭਵ ਵਿਰੋਧਾਭਾਸ ਨੂੰ ਬਰਦਾਸ਼ਤ ਕਰ ਰਹੀਆਂ ਹਨ, ਮਤਲਬ ਕਿ ਉਹ ਔਸਤਨ ਥੋੜੀ ਦੇਰ ਨਾਲ ਖਿੜਦੀਆਂ ਹਨ।

# ਡਾਕਘਰ ਘੁਟਾਲੇ ਤੋਂ ਪ੍ਰਭਾਵਿਤ ਭਾਰਤੀਆਂ ਨੂੰ ਮੁਆਵਜ਼ੇ ਦੀ ਤਿਆਰੀ : ਰਿਸ਼ੀ ਸੁਨਕ



ਲੰਡਨ : ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਸਰਕਾਰ ਉਸ ਘੁਟਾਲੇ ਵਿਚ ਮੁਆਵਜ਼ਾ ਦੇਣ ਦੀ ਤਿਆਰੀ ਕਰ ਰਹੀ ਹੈ ਜਿਸ ਵਿਚ ਸੈਂਕੜੇ ਸਬ-ਪੋਸਟਮਾਸਟਰਾਂ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਸੀ। ਝੂਠੇ ਦੋਸ਼ਾਂ ਦਾ ਸਾਹਮਣਾ ਕਰਨ ਵਾਲਿਆਂ ਵਿੱਚ ਭਾਰਤੀ ਮੂਲ ਦੇ ਕਈ ਲੋਕ ਸ਼ਾਮਲ ਹਨ। ਇੱਕ ਇੰਟਰਵਿਊ ਵਿੱਚ, ਸੁਨਕ ਨੂੰ 1990 ਦੇ ਦਹਾਕੇ ਦੇ ਅਖੀਰ ਵਿੱਚ ਹੋਰਾਈਜ਼ਨ ਨਾਮਕ ਇੱਕ ਨੁਕਸਦਾਰ ਆਈ. ਟੀ. ਸਿਸਟਮ ਨੂੰ ਸ਼ਾਮਲ ਕਰਨ ਵਾਲੇ ਇਤਿਹਾਸਕ ਘੁਟਾਲੇ ਬਾਰੇ ਪੁੱਛਿਆ ਗਿਆ ਸੀ। ਸੁਨਕ ਨੇ ਕਿਹਾ ਕਿ ਸਪੱਸ਼ਟ ਤੌਰ 'ਤੇ 90 ਦੇ ਦਹਾਕੇ ਵਿਚ ਜੋ ਵਾਪਰਿਆ ਉਹ ਸੱਚਮੁੱਚ ਭਿਆਨਕ ਤਸ਼ੱਦਦ ਸੀ। ਇਹ ਸਾਰੇ ਪ੍ਰਭਾਵਿਤ ਲੋਕਾਂ ਲਈ ਇੱਕ ਡਰਾਉਣਾ ਸੁਪਨਾ। ਹੁਣ ਉਨ੍ਹਾਂ ਲੋਕਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਜਿਸ ਦੇ ਉਹ ਹੱਕਦਾਰ ਹਨ।

ਸਰਕਾਰ ਨੇ ਪੀੜਤਾਂ ਨੂੰ 15 ਕਰੋੜ ਪੌਂਡ (ਕਰੀਬ 1500 ਕਰੋੜ ਰੁਪਏ) ਦਾ ਮੁਆਵਜ਼ਾ ਦਿੱਤਾ ਹੈ। ਪੀੜਤਾਂ ਲਈ ਹੁਣ ਤਿੰਨ ਵੱਖ-ਵੱਖ ਯੋਜਨਾਵਾਂ ਉਪਲਬਧ ਹਨ। ਨੁਕਸਦਾਰ ਲੇਖਾ ਪ੍ਰਣਾਲੀ ਤੋਂ ਪ੍ਰਭਾਵਿਤ ਦਰਜਨਾਂ ਲੋਕਾਂ ਨੇ ਅਦਾਲਤ ਦਾ ਰੁਖ ਕੀਤਾ ਹੈ। ਇਸ ਫਰਜ਼ੀ ਘੁਟਾਲੇ ਤੋਂ 700 ਤੋਂ ਵੱਧ ਸਬ-ਪੋਸਟ ਮਾਸਟਰ ਪ੍ਰਭਾਵਿਤ ਹਨ। ਸੀਮਾ ਬਿਸਵਾਸ ਵੀ ਪ੍ਰਭਾਵਿਤਾਂ ਵਿੱਚ ਸ਼ਾਮਲ ਹੈ। ਉਸ ਨੂੰ 2021 ਵਿਚ ਅਦਾਲਤ ਤੋਂ ਰਾਹਤ ਮਿਲੀ ਸੀ।

### ਸ਼ੋਕ ਸਮਾਚਾਰ

# ਕਰਮਨ ਨਿਵਾਸੀ ਮਾਤਾ ਹਰਬੰਸ ਕੌਰ ਦੇ ਅਕਾਲ ਚਲਾਣੇ 'ਤੇ ਧੂਤ ਅਤੇ ਬਧੇਸਾਂ ਪਰਿਵਾਰ ਨੂੰ ਸਦਮਾ

## ਅੰਤਮ ਸੰਸਕਾਰ 11 ਜਨਵਰੀ ਨੂੰ ਹੋਵੇਗਾ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀਂ ਕਰਮਨ ਨਿਵਾਸੀ ਮਾਤਾ ਹਰਬੰਸ ਕੌਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਸਵ. ਸ. ਮਲਕੀਤ ਸਿੰਘ ਬਧੇਸਾ (ਚੌਕੀਮਾਨ, ਲੁਧਿਆਣਾ ਵਾਲੇ) ਦੀ ਪਤਨੀ ਰਵਿੰਦਰ ਕੌਰ ਬਧੇਸਾਂ ਦੇ ਮਾਤਾ ਜੀ ਸਨ। ਜੋ ਪਿਛਲੇ 30 ਸਾਲ ਤੋਂ ਵਧੀਕ ਸਮੇਂ ਤੋਂ ਇੰਨਾਂ ਕੋਲ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਰਹਿ ਰਹੇ ਸਨ। ਮਾਤਾ ਜੀ ਦਾ ਪੰਜਾਬ ਤੋਂ ਪਿਛਲਾ ਪਿੰਡ ਪੁਰ ਹੀਰਾ, ਜਿਲ੍ਹਾਂ ਹੁਸ਼ਿਆਰਪੁਰ ਸੀ। ਉਹ ਆਪਣੀਆਂ ਦੋ ਧੀਆਂ ਰਵਿੰਦਰ ਕੌਰ ਬਧੇਸਾਂ, ਕੁਲਵਿੰਦਰ ਕੌਰ ਅਤੇ ਇਕ ਪੁੱਤਰ ਬਲਜੀਤ ਸਿੰਘ ਧੂਤ ਦੀ ਪਰਿਵਾਰਕ ਫੁੱਲਬਾੜੀ ਨੂੰ ਪਿੱਛੇ ਛੱਡ ਗਏ।

ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਜਨਵਰੀ 2024, ਦਿਨ ਵੀਰਵਾਰ ਨੂੰ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ , ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S. Vineland Ave. Kerman, CA 93630 ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਮਾਤਾ ਹਰਬੰਸ ਕੌਰ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੀ ਧੀ ਰਵਿੰਦਰ ਕੌਰ ਬਧੇਸਾਂ ਨਾਲ ਫੋਨ ਨੰਬਰ (559) 269-9842 ਜਾਂ ਪੁੱਤਰ ਬਲਜੀਤ ਸਿੰਘ ਧੂਤ ਨਾਲ ਫੋਨ ਨੰਬਰ (559) 367-5885 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਵੱਲੋਂ ਨਵੇਂ ਸਾਲ ਦੀ ਪਰਿਵਾਰਿਕ ਮਿਲਣੀ ਸਮੇਂ ਸਨਮਾਨ ਸਮਾਰੋਹ

## ਵਿਰਾਸਤੀ ਮੇਲਾ 23 ਮਾਰਚ ਨੂੰ ਹੋਵੇਗਾ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਫਰਿਜ਼ਨੋ ਸ਼ਹਿਰ ਦੀ ਸਥਾਨਿਕ ਸੰਸਥਾ ਜੀ.ਐਚ.ਜੀ. ਡਾਂਸ਼ ਅਤੇ ਸੰਗੀਤ ਅਕੈਡਮੀਂ ਵੱਲੋ ਹਰ ਸਾਲ ਦੀ ਤਰਾਂ ਇਸ ਸਾਲ ਦਾ ਪਲੇਠਾ ਪਰਿਵਾਰਕ ਮਿਲਣੀ ਅਤੇ ਸਨਮਾਨ ਦਾ ਪ੍ਰੋਗਰਾਮ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਆਯੋਜਿਤ ਕੀਤਾ ਗਿਆ। ਜਿਸ ਵਿੱਚ ਅਕੈਡਮੀਂ ਦੇ ਸਮੂੰਹ ਪ੍ਰਬੰਧਕ ਮੈਂਬਰ, ਵਲੰਟੀਅਰ, ਕੋਚ ਅਤੇ ਸਹਾਇਕ ਆਪਣੇ ਪਰਿਵਾਰਾਂ ਸਮੇਤ ਹਾਜ਼ਰ ਹੋਏ। ਇਸ ਸਮੇਂ ਜਿੱਥੇ ਬੀਤੇ ਵਰੇ ਦੇ ਪ੍ਰੋਗਰਾਮਾਂ ਬਾਰੇ ਵਿਚਾਰ ਚਰਚਾ ਅਤੇ ਲੇਖਾ-ਜੋਖਾ ਕੀਤਾ ਗਿਆ, ਉੱਥੇ ਇਸ ਸਾਲ ਕਰਵਾਏ ਜਾਣ ਵਾਲੇ ਪ੍ਰੋਗਰਾਮ ਵੀ ਉਲੀਕੇ ਗਏ।

ਇਸ ਪਰਿਵਾਰਿਕ ਮਿਲਣੀ ਦੀ ਸੁਰੂਆਤ ਹਮੇਸ਼ਾ ਦੀ ਤਰਾਂ ਗੁਰਦੀਪ ਸਿੰਘ ਸ਼ੇਰਗਿੱਲ ਨੇ ਕੀਤੀ। ਜਦ ਕਿ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਅਕੈਡਮੀਂ ਦੇ ਸੀਨੀਅਰ ਮੈਂਬਰ ਬਸੰਤ ਸਿੰਘ ਧਾਲੀਵਾਲ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਗਮਨ ਬਾਰੇ ਵਿਚਾਰਾਂ ਦੀ ਸਾਂਝ ਪਾਈ। ਜਦ ਕਿ ਬਾਕੀ ਮੁੱਖ ਮੈਂਬਰਾਂ ਵਿੱਚ ਸ. ਪਰਮਜੀਤ ਸਿੰਘ ਧਾਲੀਵਾਲ ਅਤੇ ਸ. ਉਦੈਦੀਪ ਸਿੰਘ ਸਿੱਧੂ ਨੇ ਅਗਲੇਰੇ ਇਸ ਸਾਲ 2024 ਦੇ ਪ੍ਰੋਗਰਾਮਾਂ ਅਤੇ ਪ੍ਰਬੰਧਾਂ ਬਾਰੇ ਸਭ ਨਾਲ ਸਾਂਝ ਪਾਈ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਸਭ ਦੀ ਸਹਿਮਤੀ ਨਾਲ ਇਹ ਤਹਿ ਕੀਤਾ ਗਿਆ ਕਿ ਅਕੈਡਮੀਂ ਵੱਲੋਂ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਿਕ ਪਿਕਨਿਕ ਹਰ ਸਾਲ ਦੀ ਤਰਾਂ ਇਸ ਸਾਲ 23 ਮਾਰਚ 2024 ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਕਰਵਾਈ ਜਾਵੇਗੀ। ਇਸੇ ਤਰ੍ਹਾਂ ਸਲਾਨਾ ਦੋ ਹਫਤੇ ਦੇ ਗਿੱਧੇ ਅਤੇ ਭੰਗੜੇ ਦੇ ਸਿਖਲਾਈ ਕੈਂਪ ਦੇ ਆਖ਼ਰੀ ਦਿਨ 20 ਜੁਲਾਈ ਨੂੰ ਅੰਤਰ-ਰਾਸ਼ਟਰੀ ਯੁਵਕ ਮੇਲਾ (ਯੂਥ ਫਿਸਟੀਵਲ) ਕਰਵਾਇਆ ਜਾਵੇਗਾ।

ਇਸ ਪ੍ਰੋਗਰਾਮ ਦੌਰਾਨ ਬੀਤੇ ਸਾਲ ਵੱਖ-ਵੱਖ ਥਾਵਾਂ 'ਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੁਕਾਬਲਿਆ ਵਿੱਚ ਜੇਤੂ ਰਹੀਆਂ ਟੀਮਾਂ ਅਤੇ ਉਨ੍ਹਾਂ ਦੇ ਕੋਚਾਂ ਨੂੰ ਇਸ ਪਰਿਵਾਰਕ ਇਕੱਤਰਤਾ ਦੌਰਾਨ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਹਾਜ਼ਰ ਸਮੂੰਹ ਬੱਚਿਆਂ ਅਤੇ ਪਰਿਵਾਰਾਂ ਨੇ ਜਿੱਥੇ ਆਪਸੀ ਗੱਲਬਾਤ ਅਤੇ ਵਿਚਾਰਾਂ ਦੀ ਸਾਂਝ ਪਾਈ। ਉੱਥੇ ਵੱਖ-ਵੱਖ ਸੁਆਦਿਸ਼ਟ ਖਾਣਿਆ ਦਾ ਵੀ ਅਨੰਦ ਮਾਣਿਆ। ਇਸ ਸਮੇਂ ਚਾਹ-ਪਕੌੜੇ ਆਦਿਕ ਦੀ ਸੇਵਾ ਵੀ ਹਮੇਸ਼ਾ ਵਾਂਗ ਸ਼ਾਨੇ-ਪੰਜਾਬ ਵਾਲੇ ਸ. ਸੁਖਦੇਵ ਸਿੰਘ ਵੱਲੋਂ ਕੀਤੀ ਗਈ ਸੀ।

ਪ੍ਰੋਗਰਾਮ ਦੇ ਅੰਤ ਵਿੱਚ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਅਤੇ ਨਸ਼ਿਆਂ ਤੋਂ ਬਚਾਉਣ ਦਾ ਨਾਅਰਾ ਲਾਉਂਦੇ ਹੋਏ ਪ੍ਰਬੰਧਕਾਂ ਵੱਲੋਂ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਜਦ ਕਿ ਭਵਿੱਖ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਸਭ ਤੋਂ ਸਹਿਯੋਗ ਦੀ ਮੰਗ ਕੀਤੀ ਗਈ। ਅੰਤ ਆਪਣੇ ਸੱਭਿਆਚਾਰਕ ਵਿਰਸੇ ਨੂੰ ਸਿਜਦਾ ਕਰਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਅਮਰੀਕਾ 'ਚ ਨੌਜਵਾਨ ਹੁਣ ਨਹੀਂ ਖ਼ਰੀਦ ਸਕਣਗੇ ਬੰਦੂਕਾਂ



ਵਾਸ਼ਿੰਗਟਨ : ਅਮਰੀਕਾ ਵਿਚ ਲਗਾਤਾਰ ਵੱਧ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਤੇ ਬੀਤੇ ਦਿਨੀਂ ਆਯੋਵਾ ਵਿਚ ਇਕ ਸਕੂਲ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਨੂੰ ਵੇਖਦਿਆਂ ਨੌਜਵਾਨਾਂ 'ਤੇ ਹਥਿਆਰ ਖ਼ਰੀਦਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਨਵੇਂ ਬੰਦੂਕ ਕਾਨੂੰਨ ਦੇ ਸਾਲ 2022 ਵਿੱਚ ਲਾਗੂ ਹੋਣ ਤੋਂ ਬਾਅਦ 500 ਤੋਂ ਵੱਧ ਕਿਸਮ ਦੇ ਹਥਿਆਰਾਂ ਦੀ ਖ਼ਰੀਦਾਰੀ ਅਤੇ ਕਈ ਜਨਤਕ ਥਾਵਾਂ 'ਤੇ ਵੀ ਹਥਿਆਰ ਲੈ ਕੇ ਜਾਣ 'ਤੇ ਪੂਰੀ ਪਾਬੰਦੀ ਲਗਾ ਦਿੱਤੀ ਗਈ ਹੈ। ਦੱਸ ਦੇਈਏ ਕਿ ਆਯੋਵਾ ਦੇ ਇੱਕ ਸਕੂਲ ਵਿੱਚ 17 ਸਾਲਾ ਨੌਜਵਾਨ ਨੇ ਗੋਲੀਬਾਰੀ ਕਰ ਦਿੱਤੀ ਸੀ। ਇਸ ਗੋਲੀਬਾਰੀ ਵਿੱਚ ਛੇਵੀਂ ਜਮਾਤ ਦੇ ਵਿਦਿਆਰਥੀ ਦੀ ਮੌਤ ਹੋ ਗਈ ਸੀ ਅਤੇ ਹੋਰ ਪੰਜ ਵਿਦਿਆਰਥੀ ਜ਼ਖ਼ਮੀ ਹੋ ਗਏ ਸਨ।

ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਦੱਸਿਆ ਕਿ ਨਵੇਂ ਕਾਨੂੰਨ ਅਨੁਸਾਰ, ਕੈਲੀਫੋਰਨੀਆ ਵਿੱਚ ਗੰਨ ਦੇ ਮਾਲਕ ਹੁਣ ਮਨੋਰੰਜਨ ਪਾਰਕਾਂ, ਅਜਾਇਬ ਘਰਾਂ, ਚਰਚਾਂ, ਬੈਂਕਾਂ, ਜਨਤਕ ਪਾਰਕਾਂ ਜਾਂ ਹੋਰ ਥਾਵਾਂ 'ਤੇ ਹਥਿਆਰ ਲੈ ਕੇ ਨਹੀਂ ਜਾ ਸਕਣਗੇ, ਭਾਵੇਂ ਉਨ੍ਹਾਂ ਕੋਲ ਗੁਪਤ ਕੈਰੀ ਲਾਇਸੰਸ ਕਿਉਂ ਨਾਂ ਹੋਵੇ। ਇਹ ਪਾਬੰਦੀਆਂ ਰਾਜ ਦੇ ਕਾਨੂੰਨ ਦਾ ਹਿੱਸਾ ਹਨ ਜੋ ਇਸ ਹਫ਼ਤੇ ਲਾਗੂ ਹੋਈਆਂ ਹਨ ਅਤੇ ਅਦਾਲਤਾਂ ਵਿੱਚ ਪਹਿਲਾਂ ਤੋਂ ਹੀ ਜਾਂਚ ਦਾ ਸਾਹਮਣਾ ਕਰ ਰਹੇ ਲੋਕਾਂ 'ਤੇ ਵੀ ਲਾਗੂ ਹੁੰਦੀਆਂ ਹਨ। ਰਾਸ਼ਟਰਪਤੀ ਜੋਅ ਬਾਈਡੇਨ ਨੇ ਇਸ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਇਸਨੂੰ ਇੱਕ ਮਹੱਤਵਪੂਰਨ ਮੀਲ ਪੱਥਰ ਦੱਸਿਆ, ਜੋ ਲੋਕਾਂ ਦੀਆਂ ਜਾਨਾਂ ਬਚਾ ਰਿਹਾ ਹੈ। ਜੂਨ 2022 ਵਿੱਚ ਪਾਸ ਬੰਦੂਕ ਕਾਨੂੰਨ ਨੂੰ ਦਹਾਕਿਆਂ ਵਿੱਚ ਸਭ ਤੋਂ ਵਿਆਪਕ ਕਾਨੂੰਨ ਦੱਸਿਆ ਗਿਆ ਸੀ, ਜਿਸ ਵਿਚ 21 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਵੱਲੋਂ ਕਿਸੇ ਵੀ ਬੰਦੂਕ ਦੀ ਖ਼ਰੀਦ ਲਈ ਵਾਧੂ ਜਾਂਚ ਕੀਤੇ ਜਾਣ ਦੀ ਲੋੜ ਹੁੰਦੀ ਹੈ।

### ਨਿਊਯਾਰਕ ਦੇ ਸ਼ਹਿਰ ਬ੍ਰਾਈਟਨ ਨੇ ਰਚਿਆ ਇਤਿਹਾਸ

# ਵਿਕਰਮ ਵਿਲਖੂ ਬਣੇ ਪਹਿਲੇ ਭਾਰਤੀ-ਅਮਰੀਕੀ ਜੱਜ



ਬ੍ਰਾਈਟਨ : ਨਿਊਯਾਰਕ ਦੇ ਸ਼ਹਿਰ ਬ੍ਰਾਈਟਨ ਨੇ ਸੋਮਵਾਰ ਨੂੰ ਉਸ ਸਮੇਂ ਇਤਿਹਾਸ ਰਚਿਆ, ਜਦੋਂ ਵਿਕਰਮ ਵਿਲਖੂ ਨੇ ਸ਼ਹਿਰ ਦੇ ਪਹਿਲੇ ਭਾਰਤੀ-ਅਮਰੀਕੀ ਅਪਰਾਧਿਕ ਜੱਜ ਵਜੋਂ ਅਹੁਦੇ ਦੀ ਸਹੁੰ ਚੁੱਕੀ। ਬ੍ਰਾਈਟਨ ਟਾਊਨ ਕੋਰਟ ਦੇ ਜੱਜ ਵਿਕਰਮ ਵਿਲਖੂ ਇੱਕ ਡੈਮੋਕਰੇਟ ਹਨ, ਜੋ ਅਮਰੀਕਾ ਵਿੱਚ ਭਾਰਤੀ ਪ੍ਰਵਾਸੀਆਂ ਵਿੱਚ ਪੈਦਾ ਹੋਏ ਹਨ। ਉਹ ਨਿਊਯਾਰਕ ਰਾਜ ਦੇ ਇਤਿਹਾਸ ਵਿੱਚ ਚੁਣੇ ਜਾਣ ਵਾਲੇ ਪਹਿਲੇ ਸਿੱਖ ਵੀ ਹਨ। ਇਸ ਦੀ ਜਾਣਕਾਰੀ ਸਿੱਖ ਕੁਲੀਸ਼ਨ ਨੇ ਐਕਸ 'ਤੇ ਇੱਕ ਪੋਸਟ ਵਿੱਚ ਦਿੱਤੀ। ਸਹੁੰ ਚੁੱਕ ਸਮਾਗਮ ਵਿੱਚ ਵਿਲਖੂ ਸਮੇਤ ਪੂਰਾ ਪਰਿਵਾਰ ਮੌਜੂਦ ਸੀ। ਸਹੁੰ ਚੁੱਕਣ ਤੋਂ ਬਾਅਦ ਵਿਲਖੂ ਨੇ ਆਪਣੇ ਪਿਤਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਭਾਰਤੀ ਅਮਰੀਕੀ ਸੈਨੇਟਰ ਜੇਰੇਮੀ ਕੂਨੀ ਨੇ ਦਸੰਬਰ 2023 ਵਿੱਚ ਵਿਲਖੂ ਦਾ ਉਮੀਦਵਾਰ ਵਜੋਂ ਸਵਾਗਤ ਕੀਤਾ।

ਵਿਲਖੂ ਨੇ ਆਪਣੀ ਅੰਡਰਗਰੈਜੂਏਟ ਸਿੱਖਿਆ ਐਮੋਰੀ ਯੂਨੀਵਰਸਿਟੀ ਵਿੱਚ ਕੀਤੀ, ਜਿੱਥੇ ਉਨ੍ਹਾਂ ਨੇ ਧਰਮ ਅਤੇ ਮਾਨਵ-ਵਿਗਿਆਨ ਵਿੱਚ ਦੋਹਰੀ ਮੁਹਾਰਤ ਹਾਸਲ ਕੀਤੀ। ਗ੍ਰੈਜੂਏਸ਼ਨ ਤੋਂ ਬਾਅਦ, ਉਨ੍ਹਾਂ ਨੇ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ACLU) ਵਿੱਚ ਯੋਗਦਾਨ ਪਾਇਆ ਅਤੇ 9/11 ਦੇ ਹਮਲਿਆਂ ਤੋਂ ਬਾਅਦ ਨਸਲੀ ਪ੍ਰੋਫਾਈਲਿੰਗ ਅਤੇ ਨਫ਼ਰਤੀ ਅਪਰਾਧਾਂ ਦੇ ਪੀੜਤਾਂ ਲਈ ਇੱਕ ਰਾਸ਼ਟਰੀ ਹੌਟਲਾਈਨ ਸਥਾਪਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਤੋਂ ਬਾਅਦ, ਵਿਲਖੂ ਨੇ ਕੇਸ ਵੈਸਟਰਨ ਰਿਜ਼ਰਵ ਯੂਨੀਵਰਸਿਟੀ ਦੇ ਲਾਅ ਸਕੂਲ ਵਿੱਚ ਦਾਖ਼ਲਾ ਲਿਆ ਅਤੇ ਆਪਣੀਆਂ ਅਕਾਦਮਿਕ ਅਤੇ ਪੜ੍ਹਾਈ ਦੇ ਨਾਲ ਹੋਰ ਗਤੀਵਿਧੀਆਂ ਲਈ ਬਹੁਤ ਸਾਰੇ ਪੁਰਸਕਾਰ ਪ੍ਰਾਪਤ ਕੀਤੇ।

# ਅਮਰੀਕਾ 'ਚ ਘਰ ਨੂੰ ਲੱਗੀ ਅੱਗ, 4 ਬੱਚੇ ਜ਼ਿੰਦਾ ਸੜੇ, 19 ਸਾਲਾ ਲੜਕੀ ਦੂਜੀ ਮੰਜ਼ਿਲ ਤੋਂ ਕੁੱਦੀ

ਕਨੈਕਟੀਕਟ : ਅਮਰੀਕਾ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਅੱਗ ਦੀ ਘਟਨਾ ਵਿੱਚ 4 ਬੱਚੇ ਸੜ ਕੇ ਮਰ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਮੰਗਲਵਾਰ ਰਾਤ ਅਮਰੀਕਾ ਦੇ ਉੱਤਰੀ ਕਨੈਕਟੀਕਟ 'ਚ ਇਕ ਘਰ 'ਚ ਅੱਗ ਲੱਗਣ ਕਾਰਨ ਇਹ ਹਾਦਸਾ ਵਾਪਰਿਆ। ਇਸ ਦੌਰਾਨ ਘਰ ਦੇ ਚਾਰ ਬੱਚਿਆਂ ਦੀ ਝੁਲਸਣ ਕਾਰਨ ਮੌਤ ਹੋ ਗਈ। ਉਨ੍ਹਾਂ ਦੀ 19 ਸਾਲਾ ਭੈਣ ਨੇ ਆਪਣੀ ਜਾਨ ਬਚਾਉਣ ਲਈ ਦੂਜੀ ਮੰਜ਼ਿਲ ਦੀ ਖਿੜਕੀ ਤੋਂ ਹੇਠਾਂ ਛਾਲ ਮਾਰ ਦਿੱਤੀ। ਬਚਾਅ ਕਾਰਜ ਲਈ ਫਾਇਰਫਾਈਟਰਜ਼ ਨੂੰ ਕਾਫੀ ਮੁਸ਼ੱਕਤ ਕਰਨੀ ਪਈ।

ਸਥਾਨਕ ਫਾਇਰ ਅਧਿਕਾਰੀ ਜੌਹਨ ਰੋਸ਼ੇ ਨੇ ਦੱਸਿਆ ਕਿ ਰਾਤ ਕਰੀਬ 10:30 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ ਅਤੇ ਅੱਗ ਬੁਝਾਊ ਅਮਲੇ ਪੰਜ ਮਿੰਟਾਂ ਵਿੱਚ ਮੌਕੇ 'ਤੇ ਪਹੁੰਚ ਗਏ। ਫਾਇਰਫਾਈਟਰਜ਼ ਅਤੇ ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਸੋਮਰਸ ਸ਼ਹਿਰ ਵਿੱਚ ਵਾਪਰੀ ਇਸ ਘਟਨਾ ਵਿੱਚ ਮਰਨ ਵਾਲੇ ਬੱਚਿਆਂ ਦੀ ਉਮਰ ਪੰਜ ਤੋਂ 12 ਸਾਲ ਦੇ ਵਿਚਕਾਰ ਸੀ ਅਤੇ ਉਹ ਆਪਣੀ ਮਾਂ ਅਤੇ ਤਿੰਨ ਹੋਰ ਭੈਣਾਂ-ਭਰਾਵਾਂ ਨਾਲ ਸਾਂਝੇ ਘਰ ਵਿੱਚ ਰਹਿੰਦੇ ਸਨ। ਟਾਊਨ ਫਸਟ ਸਿਲੈਕਟਮੈਨ ਟਿਮ ਕੀਨੀ ਨੇ ਕਿਹਾ ਕਿ ਘਟਨਾ ਦੇ ਸਮੇਂ ਬੱਚਿਆਂ ਦੀ ਮਾਂ ਘਰ ਨਹੀਂ ਸੀ ਅਤੇ ਉਸਦੀ 19 ਸਾਲਾ ਧੀ, ਜੋ ਉਸਦੀ ਦੇਖਭਾਲ ਕਰ ਰਹੀ ਸੀ, ਨੇ ਆਪਣੀ ਜਾਨ ਬਚਾਉਣ ਲਈ ਦੂਜੀ ਮੰਜ਼ਿਲ ਦੀ ਖਿੜਕੀ ਤੋਂ ਛਾਲ ਮਾਰ ਦਿੱਤੀ। ਹਾਲਾਂਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਰਾਜ ਅਤੇ ਸਥਾਨਕ ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ।

ਪੁਲਿਸ ਅਧਿਕਾਰੀ ਪੇਡਰੋ ਮੁਨੀਜ਼ ਨੇ ਕਿਹਾ ਕਿ ਅਜਿਹਾ ਨਹੀਂ ਲੱਗਦਾ ਕਿ ਅੱਗ ਕਿਸੇ ਅਪਰਾਧਿਕ ਸਾਜ਼ਿਸ਼ ਦੇ ਹਿੱਸੇ ਵਜੋਂ ਲਗਾਈ ਗਈ ਸੀ। ਰੋਸ਼ੇ ਨੇ ਦੱਸਿਆ ਕਿ ਇਸ ਘਟਨਾ ਵਿੱਚ ਘਰ ਦੇ ਕੁਝ ਪਾਲਤੂ ਜਾਨਵਰਾਂ ਦੀ ਵੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ 19 ਸਾਲਾ ਲੜਕੀ ਅਤੇ ਉਸ ਦੇ ਦੋ ਭੈਣ-ਭਰਾ ਸਹੀ ਸਲਾਮਤ ਬਚ ਨਿਕਲੇ ਹਨ, ਜਿਨ੍ਹਾਂ ਵਿੱਚੋਂ ਇੱਕ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਜਦੋਂ ਕਿ ਦੋ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਫਾਇਰ ਫਾਈਟਰ ਨੂੰ ਵੀ ਸੱਟ ਲੱਗੀ ਹੈ ਅਤੇ ਉਸ ਨੂੰ ਇਲਾਜ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਘਰ ਦੇ ਦੂਜੇ ਹਿੱਸਿਆਂ ਵਿੱਚ ਰਹਿਣ ਵਾਲੇ ਲੋਕ ਸੁਰੱਖਿਅਤ ਹਨ। ਚੀਫ ਮੈਡੀਕਲ ਐਗਜ਼ਾਮੀਨਰ ਜੇਮਸ ਗਿੱਲ ਨੇ ਦੱਸਿਆ ਕਿ ਬੱਚਿਆਂ ਦੀ ਮੌਤ ਸੜਨ ਜਾਂ ਦਮ ਘੁੱਟਣ ਨਾਲ ਹੋਈ ਹੈ। ਉਸ ਨੇ ਫਿਲਹਾਲ ਮ੍ਰਿਤਕਾਂ ਦੇ ਨਾਂ ਨਹੀਂ ਦੱਸੇ।



# ਪੰਥਕ ਧਿਰਾਂ ਨੂੰ ਟਰੱਕ ਡਰਾਈਵਰਾਂ ਦੀ ਏਕਤਾ ਤੋਂ ਸਬਕ ਲੈਣ ਦੀ ਲੋੜ

**ਹਰਜਿੰਦਰ ਸਿੰਘ ਲਾਲ**




ਭਾਵੇਂ ਇਹ ਕਥਨ ਕਿ 'ਝੁਕਤੀ ਹੈ ਦੁਨੀਆ ਝੁਕਾਨੇ ਵਾਲਾ ਚਾਹੀਏ' ਸਦੀਆਂ ਤੋਂ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਹਿੱਸਾ ਹੈ ਪਰ ਇਹ ਸ਼ਬਦ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਫਰਵਰੀ, 2014 ਨੂੰ ਜਦੋਂ ਅਜੇ ਉਹ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਹੀ ਸਨ, ਨੇ ਚੇਨਈ (ਮਦਰਾਸ) ਵਿਚ ਐਸ.ਆਰ.ਐਮ. ਵਿਸ਼ਵ ਵਿਦਿਆਲਿਆ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੁਹਰਾਏ ਸਨ। ਪਰ ਸ੍ਰੀ ਮੋਦੀ ਨੇ ਪ੍ਰਧਾਨ ਮੰਤਰੀ ਬਣਨ ਉਪੰਰਤ ਜਿਸ ਤਰ੍ਹਾਂ ਦਾ ਵਿਵਹਾਰ ਕੀਤਾ ਹੈ, ਉਹ ਇਹ ਪ੍ਰਭਾਵ ਦੇਣ ਲੱਗ ਪਿਆ ਹੈ ਕਿ ਸ੍ਰੀ ਮੋਦੀ ਇਕ ਵਾਰ ਜਿਸ ਗੱਲ ਦਾ ਫ਼ੈਸਲਾ ਲੈ ਲੈਂਦੇ ਹਨ, ਫਿਰ ਉਸ ਤੋਂ ਪਿੱਛੇ ਨਹੀਂ ਹਟਦੇ। ਹਾਲਾਂਕਿ ਕਈ ਵਾਰ ਅਜਿਹਾ ਹੋਇਆ ਹੈ ਕਿ ਉਨ੍ਹਾਂ ਨੂੰ ਪਿੱਛੇ ਹਟਣਾ ਵੀ ਪਿਆ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਕਿਸਾਨ ਅੰਦੋਲਨ ਨੂੰ ਮੰਨਿਆ ਜਾਂਦਾ ਰਿਹਾ ਹੈ। ਜਿਸ ਕਾਰਨ ਭਾਰਤ ਸਰਕਾਰ ਨੂੰ ਕਿਸਾਨੀ ਤੇ ਵਪਾਰ ਸੰਬੰਧੀ ਬਣਾਏ 3 ਕਾਨੂੰਨ ਵਾਪਸ ਲੈਣ ਲਈ ਮਜਬੂਰ ਮਜਬੂਰ ਹੋਣਾ ਪਿਆ ਸੀ। ਪਰ ਇਹ ਕਰੀਬ ਸਵਾ-ਡੇਢ ਸਾਲ ਚੱਲੇ ਲੰਬੇ ਸੰਘਰਸ਼ ਤੋਂ ਬਾਅਦ ਹੀ ਸੰਭਵ ਹੋ ਸਕਿਆ ਸੀ। ਇਸ ਦਰਮਿਆਨ ਸੈਂਕੜੇ ਕਿਸਾਨਾਂ ਦੀਆਂ ਜਾਨਾਂ ਵੀ ਗਈਆਂ ਪਰ ਕਿਸਾਨਾਂ ਦੀਆਂ ਬਾਕੀ ਮੰਗਾਂ ਅਜੇ ਤੱਕ ਵੀ ਲਟਕ ਰਹੀਆਂ ਹਨ।

ਪਰ ਬੀਤੇ ਦਿਨੀਂ ਟਰੱਕ ਡਰਾਈਵਰਾਂ ਦੇ ਅੰਦੋਲਨ ਨੇ ਸਿਰਫ਼ ਇਕ ਦਿਨ ਵਿਚ ਹੀ ਬਿਨਾਂ ਕਿਸੇ ਜਾਨ ਗਵਾਏ, ਬਿਨਾਂ ਕਿਸੇ ਤੋੜ-ਭੰਨ ਦੇ ਕੇਂਦਰ ਸਰਕਾਰ ਨੂੰ ਪਿੱਛੇ ਹਟਣ ਜਾਂ ਝੁਕਣ ਲਈ ਮਜਬੂਰ ਕਰਕੇ ਇਕ ਨਵੀਂ ਤੇ ਵੱਡੀ ਏਕਤਾ ਦਾ ਸਬੂਤ ਦਿੱਤਾ ਹੈ ਕਿ ਏਕਤਾ ਵਿਚ ਕਿੰਨੀ ਤਾਕਤ ਹੈ। ਅਬੁਲ ਮੁਜ਼ਾਹਿਦ ਦੇ ਸ਼ਬਦਾਂ ਵਿਚ:

**ਏਕ ਹੋ ਜਾਏਂ ਤੋ ਬਨ**
**ਸਕਤੇ ਹੈਂ ਖੁਰਸ਼ੀਦ-ਏ-ਮੁਬੀਂ,**
**ਵਰਨਾ ਇਨ ਬਿਖਰੇ ਹੂਏ ਤਾਰੋਂ,**
**ਸੇ ਕਯਾ ਕਾਮ ਬਨੇ।**

ਭਾਵ ਏਕਤਾ ਤੁਹਾਨੂੰ ਚੜ੍ਹਦਾ ਸੂਰਜ ਬਣਾ ਦਿੰਦੀ ਹੈ। ਨਹੀਂ ਤਾਂ ਫੁੱਟ ਨਾਲ ਤਾਂ ਕੁਝ ਵੀ ਨਹੀਂ ਹੁੰਦਾ। ਖ਼ੈਰ ਟਰੱਕ ਡਰਾਈਵਰਾਂ ਦੀ ਇਕ ਦਿਨ ਦੀ ਹੜਤਾਲ ਨੇ ਹੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਉਨ੍ਹਾਂ ਦੀ ਇਸ ਜਿੱਤ ਦੇ ਪਿੱਛੇ ਦੀ ਕਹਾਣੀ ਵੀ ਬਹੁਤ ਦਿਲਚਸਪ ਹੈ, ਜੋ ਪਾਠਕਾਂ ਨਾਲ ਸਾਂਝੀ ਕਰਨੀ ਬਣਦੀ ਹੈ। ਸਾਡੀ ਜਾਣਕਾਰੀ ਅਨੁਸਾਰ ਟਰੱਕਾਂ ਵਾਲਿਆਂ ਦੀ ਸੰਸਥਾ ਏ.ਆਈ.ਐਮ.ਟੀ.ਸੀ. ਦੇ ਪ੍ਰਧਾਨ ਅੰਮ੍ਰਿਤ ਲਾਲ ਮਦਾਨ ਦੀ ਅਗਵਾਈ ਹੇਠ ਇਸ ਸੰਸਥਾ ਨੇ 27 ਦਸੰਬਰ, 2023 ਨੂੰ ਹੀ ਇਸ ਦੇ ਖਿਲਾਫ਼ ਸਰਕਾਰ, ਸਾਰੀਆਂ ਵਿਰੋਧੀ ਪਾਰਟੀਆਂ ਤੇ ਦੇਸ਼ ਦੇ ਸਾਰੇ ਐਮ.ਪੀਜ਼ ਨੂੰ ਇਸ ਦੇ ਖਿਲਾਫ਼ ਲਿਖਿਆ। ਪਰ ਇਕ ਜਨਵਰੀ, 2024 ਨੂੰ ਜਦੋਂ ਇਸ ਦੇ ਵਿਰੋਧ ਵਿਚ ਭਾਰਤ ਭਰ ਵਿਚ ਹੜਤਾਲ ਕੀਤੀ ਗਈ ਤਾਂ ਕਰੀਬ 70 ਫ਼ੀਸਦੀ ਟਰੱਕਾਂ ਦਾ ਪਹੀਆ ਜਾਮ ਕਰ ਦਿੱਤਾ ਗਿਆ ਅਤੇ ਸਰਕਾਰੀ ਏਜੰਸੀਆਂ ਨੇ ਇਸ ਹੜਤਾਲ ਦੇ ਹੋਰ ਫੈਲਣ ਤੇ ਇਸ ਦੇ ਅਸਰਾਂ ਬਾਰੇ, ਖਾਸ ਕਰ ਆਮ ਚੋਣਾਂ ਨੇੜੇ ਹੋਣ ਕਾਰਨ ਇਸ ਦੇ ਰਾਜਨੀਤਕ ਅਸਰਾਂ ਬਾਰੇ ਸੰਕੇਤ ਦਿੱਤੇ ਤਾਂ ਭਾਰਤ ਦੇ ਗ੍ਰਹਿ ਸਕੱਤਰ ਅਜੇ ਭੱਲਾ ਨੇ ਅੰਮ੍ਰਿਤ ਲਾਲ ਮਦਾਨ ਨੂੰ ਫ਼ੋਨ ਕੀਤਾ ਕਿ 2 ਜਨਵਰੀ ਨੂੰ 11 ਵਜੇ ਦਿੱਲੀ ਮੀਟਿੰਗ ਵਿਚ ਪਹੁੰਚੋ। ਅੰਮ੍ਰਿਤ ਲਾਲ ਮਦਾਨ ਨੇ ਕਿਹਾ ਕਿ ਉਹ ਮੁੰਬਈ ਵਿਚ ਹਨ, 9 ਵਜੇ ਦੀ ਫਲਾਈਟ ਰਾਹੀਂ ਦਿੱਲੀ ਆਉਣ ਤਾਂ ਉਹ 12 ਵਜੇ ਪੁੱਜਣਗੇ ਪਰ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਸੰਸਥਾ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਨੀ ਪਵੇਗੀ, ਉਸ ਤੋਂ ਬਾਅਦ ਹੀ ਮੀਟਿੰਗ ਕੀਤੀ ਜਾ ਸਕਦੀ ਹੈ। ਸਾਡੀ ਜਾਣਕਾਰੀ ਅਨੁਸਾਰ ਜਦੋਂ ਉਹ ਦਿੱਲੀ ਪੁੱਜੇ ਤਾਂ ਇੰਟੈਲੀਜੈਂਸ ਬਿਊਰੋ ਦੇ ਕੁਝ ਉੱਚ ਅਧਿਕਾਰੀ ਉਨ੍ਹਾਂ ਨੂੰ ਮਿਲੇ ਜਿਸ ਕਾਰਨ ਆਈ.ਬੀ. ਦੇ ਪੰਡਾਰਾ ਰੋਡ ਸਥਿਤ ਦਫ਼ਤਰ ਵਿਚ ਮਦਾਨ ਅਤੇ ਟਰੱਕ ਆਪ੍ਰੇਟਰਾਂ ਦੇ ਹੋਰ ਨੇਤਾਵਾਂ ਦੀ ਆਈ.ਬੀ. ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਹੋਈ ਜਿਸ ਤੋਂ ਬਾਅਦ ਇਹ ਸੰਕੇਤ ਦੇ ਦਿੱਤਾ ਗਿਆ ਕਿ ਸਰਕਾਰ ਵਲੋਂ 'ਹਿੱਟ ਐਂਡ ਰਨ' ਦਾ ਨਵਾਂ ਕਾਨੂੰਨ ਵਾਪਸ ਲਏ ਜਾਂ ਰੋਕੇ ਬਿਨਾਂ ਹੜਤਾਲ ਨਹੀਂ ਰੁਕੇਗੀ। ਇਸ ਤੋਂ ਬਾਅਦ ਏ.ਆਈ.ਐਮ.ਟੀ.ਸੀ. ਦੇ ਨੇਤਾਵਾਂ ਦੀ ਇਕ ਬੈਠਕ ਚੈਮਸਫੋਰਡ ਕਲੱਬ ਵਿਚ ਹੋਈ, ਜਿਸ ਵਿਚ ਸੰਸਥਾ ਦੇ ਕੋ-ਕਨਵੀਨਰ ਮਲਕੀਤ ਸਿੰਘ ਬੱਲ ਤੇ ਜਸਪਾਲ ਸਿੰਘ ਦਿੱਲੀ ਸਮੇਤ 12 ਨੇਤਾ ਸ਼ਾਮਿਲ ਹੋਏ ਤੇ ਇਕ ਆਨਲਾਈਨ 'ਜ਼ੂਮ' ਮੀਟਿੰਗ ਰਾਹੀਂ ਦੇਸ਼ ਭਰ ਦੇ ਸੂਬਾ ਅਹੁਦੇਦਾਰਾਂ ਨਾਲ ਮੀਟਿੰਗ ਕਰੀਬ ਡੇਢ ਵਜੇ ਦੁਪਹਿਰ ਵੇਲੇ ਹੋਈ। ਮੀਟਿੰਗ ਵਿਚ ਪੂਰੀ ਏਕਤਾ ਨਾਲ ਆਪਣੀ ਗੱਲ 'ਤੇ ਡਟੇ ਰਹਿਣ ਦਾ ਫ਼ੈਸਲਾ ਹੋਇਆ। ਇਸ ਦਰਮਿਆਨ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਵੀ ਅੰਮ੍ਰਿਤ ਲਾਲ ਮਦਾਨ ਨਾਲ ਟੈਲੀਫੋਨ 'ਤੇ ਗੱਲਬਾਤ ਹੋਣ ਦਾ ਚਰਚਾ ਹੈ, ਜਿਸ ਵਿਚ ਅੰਮ੍ਰਿਤ ਲਾਲ ਨੇ ਗ੍ਰਹਿ ਮੰਤਰੀ ਨੂੰ ਇਹ ਕਾਨੂੰਨ ਰੋਕੇ ਜਾਣ ਜਾਂ ਵਾਪਸ ਲਏ ਜਾਣ ਤੋਂ ਬਿਨਾਂ ਹੜਤਾਲ ਵਾਪਸ ਲੈਣ ਤੋਂ ਅਸਮਰੱਥਾ ਪ੍ਰਗਟਾਈ। ਪਰ ਪਤਾ ਲੱਗਾ ਹੈ ਕਿ ਗ੍ਰਹਿ ਮੰਤਰੀ ਨੇ ਮਦਾਨ ਨੂੰ ਕਿਹਾ ਕਿ ਹੁਣ ਮੀਟਿੰਗ ਸ਼ਾਮ ਨੂੰ 7 ਵਜੇ ਹੈ, ਤੁਸੀਂ ਉਸ ਵਿਚ ਜ਼ਰੂਰ ਆਓ। ਸ਼ਾਮ 7 ਵਜੇ ਨਾਰਥ ਬਲਾਕ ਵਿਚ ਮੀਟਿੰਗ ਹੋਈ, ਜਿਸ ਵਿਚ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਤੋਂ ਇਲਾਵਾ ਹੋਰ ਮਹਿਕਮਿਆਂ ਦੇ ਉੱਚ ਅਧਿਕਾਰੀ ਵੀ ਸ਼ਾਮਿਲ ਹੋਏ। ਏ.ਆਈ.ਐਮ.ਟੀ.ਸੀ. ਦੇ ਨੇਤਾ 'ਹਿੱਟ ਐਂਡ ਰਨ' ਦੀ ਨਵੀਂ ਕਲਾਜ਼ ਨਵੇਂ ਕਾਨੂੰਨ ਵਿਚੋਂ ਹਟਾਉਣ 'ਤੇ ਅੜੇ ਰਹੇ। ਪਤਾ ਲੱਗਾ ਹੈ ਕਿ ਇਸ ਦਰਮਿਆਨ ਭਾਰਤ ਦੇ ਗ੍ਰਹਿ ਸਕੱਤਰ ਅਜੇ ਭੱਲਾ ਮੀਟਿੰਗ ਵਿਚੋਂ ਉਠ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਗਏ ਤੇ ਇਕ ਲਿਖਤੀ ਨੋਟ ਲੈ ਕੇ ਆਏ ਕਿ ਤੁਹਾਡੀ ਸਹਿਮਤੀ ਬਿਨਾਂ ਇਹ ਕਾਨੂੰਨ ਲਾਗੂ ਨਹੀਂ ਕੀਤਾ ਜਾਵੇਗਾ। ਇਸ ਤੋਂ ਬਾਅਦ ਇਕ ਪ੍ਰੈੱਸ ਕਾਨਫ਼ਰੰਸ ਕੀਤੀ ਗਈ ਤੇ ਐਲਾਨ ਕੀਤਾ ਗਿਆ ਕਿ ਅਜੇ ਇਹ ਕਾਨੂੰਨ ਲਾਗੂ ਨਹੀਂ ਹੋਵੇਗਾ।

ਇਸ ਤੋਂ ਬਾਅਦ ਕੇਂਦਰੀ ਵਪਾਰ ਤੇ ਉਦਯੋਗ ਮੰਤਰੀ ਪਿਯੂਸ਼ ਗੋਇਲ ਨੇ ਏ.ਆਈ.ਐਮ.ਟੀ.ਸੀ. ਦੇ ਨੇਤਾਵਾਂ ਨੂੰ ਵਪਾਰ ਤੇ ਉਦਯੋਗ ਮੰਤਰਾਲੇ ਦੇ ਵਾਣਿਜਆ ਭਵਨ ਵਿਚ ਰਾਤ ਦੇ ਖਾਣੇ 'ਤੇ ਸੱਦਿਆ ਤੇ ਇਸ ਦਰਮਿਆਨ ਰਾਤ ਦੇ 12 ਵਜੇ ਤੱਕ ਗ਼ੈਰ-ਰਸਮੀ ਗੱਲਬਾਤ ਵਿਚ ਟਰੱਕ ਆਪ੍ਰੇਟਰਾਂ ਦੀਆਂ ਹੋਰ ਮੰਗਾਂ 'ਤੇ ਵਿਚਾਰ ਹੁੰਦੀ ਰਹੀ, ਜਿਨ੍ਹਾਂ ਵਿਚੋਂ ਬਹੁਤੀਆਂ ਮੰਗਾਂ ਮੰਨਣ ਦੇ ਜ਼ੁਬਾਨੀ ਭਰੋਸੇ ਵੀ ਮਿਲੇ ਦੱਸੇ ਜਾਂਦੇ ਹਨ। ਭਾਵ ਇਹੀ ਹੈ ਕਿ ਦੁਨੀਆ ਝੁਕਦੀ ਹੈ, ਜਦੋਂ ਕੋਈ ਝੁਕਾਉਣ ਵਾਲਾ ਆ ਜਾਂਦਾ ਹੈ ਪਰ ਸ਼ਰਤ ਸਿਰਫ਼ ਆਪਸੀ ਏਕਤਾ ਦੀ ਹੁੰਦੀ ਹੈ।

**ਸਿੱਖ ਕਦੋਂ ਸਮਝਣਗੇ ?**

**ਏਕਾ ਹੈ ਤੋ ਜੀਤ ਤੁਮਹਾਰੀ ਪੱਕੀ ਹੈ,**
**ਫੂਟ ਪੜੀ ਤੋ ਕਿਸਮਤ ਭੀ ਫਿਰ ਫੂਟ ਗਈ।**
(ਲਾਲ ਫ਼ਿਰੋਜ਼ਪੁਰੀ)

ਸਿੱਖਾਂ ਦੀ ਕਿਸਮਤ ਪਹਿਲਾਂ ਦਿੱਲੀ 'ਤੇ ਕਬਜ਼ੇ ਵੇਲੇ ਪਈ ਜਰਨੈਲਾਂ ਦੀ ਫੁੱਟ ਵੇਲੇ ਫੁੱਟੀ, ਫਿਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪਈ ਫੁੱਟ, ਵੈਸੇ ਇਸ ਤੋਂ ਵੀ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਵੀ ਸਿੱਖਾਂ ਦੀ ਆਪਸੀ ਫੁੱਟ ਕਾਰਨ ਹੀ ਗਿਆ ਸੀ। ਪਰ ਆਜ਼ਾਦ ਭਾਰਤ ਵਿਚ ਅਕਾਲੀ ਦਲ ਵਿਚ ਮਾ. ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੀ ਅਗਵਾਈ ਵਿਚ ਅਕਾਲੀ ਦਲ ਦੀ ਧੜੇਬਾਜ਼ੀ ਜੋ ਸਿੱਖਾਂ ਦੀ ਆਪਸੀ ਲੜਾਈ ਬਣ ਗਈ ਤੇ ਜੱਟ-ਭਾਪੇ ਦਾ ਸਵਾਲ ਖੜ੍ਹਾ ਕਰ ਗਈ, ਨੇ ਸਿੱਖਾਂ ਦੀ ਕਿਸਮਤ ਖ਼ਰਾਬ ਕਰਨ ਦਾ ਮੁੱਢ ਬੰਨ੍ਹਿਆ। ਉਪਰੰਤ ਜਦੋਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਬੰਦੂਕਾਂ ਤੇ ਹਥਿਆਰਾਂ ਦੇ ਬਲ ਨਾਲ ਜਥੇਦਾਰ ਮੋਹਨ ਸਿੰਘ ਤੁੜ ਤੋਂ ਅਕਾਲੀ ਦਲ ਦੀ ਪ੍ਰਧਾਨਗੀ ਖੋਹ ਲਈ ਤਾਂ ਮਝੈਲ ਤੇ ਮਲਵਈ ਦਾ ਝਗੜਾ ਵੀ ਸ਼ੁਰੂ ਹੋਇਆ। ਇਸ ਤੋਂ ਬਾਅਦ ਭਾਵੇਂ ਅਕਾਲੀ ਦਲ ਨੇ ਰਾਜ ਤਾਂ ਕੀਤਾ ਪਰ ਉਨ੍ਹਾਂ ਵਿਚ ਅੰਦਰੂਨੀ ਫੁੱਟ ਕਾਇਮ ਰਹੀ। ਕਦੇ ਬਾਦਲ-ਟੌਹੜਾ-ਤਲਵੰਡੀ ਤੇ ਕਦੇ ਕੁਝ ਹੋਰ। ਇਸ ਦਰਮਿਆਨ ਖਾੜਕੂ ਧਿਰਾਂ ਵਿਚ ਵੀ ਆਪਸੀ ਫੁੱਟ ਹੀ ਸਿੱਖਾਂ ਦਾ ਵੱਡਾ ਨੁਕਸਾਨ ਕਰਦੀ ਰਹੀ। ਸਰਕਾਰ ਤਾਂ ਭਲਾ ਸਿੱਖਾਂ ਦੇ ਸਦਾ ਖਿਲਾਫ਼ ਹੀ ਰਹੀ। 1984 ਦਾ ਕਤਲੇਆਮ ਤੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਿਸੇ ਵੀ ਸਿੱਖ ਲੀਡਰ ਨੂੰ ਬਰੀ-ਉਲ-ਜ਼ਿੰਮਾ ਨਹੀਂ ਕਰਦਾ। ਗ਼ਲਤੀਆਂ ਸਭ ਨੇ ਕੀਤੀਆਂ, ਜਿਨ੍ਹਾਂ ਕੋਲ ਹਕੂਮਤ ਸੀ, ਕੁਦਰਤੀ ਉਨ੍ਹਾਂ ਦੀਆਂ ਗ਼ਲਤੀਆਂ ਵੱਡੀਆਂ ਮੰਨੀਆਂ ਜਾਂਦੀਆਂ ਹਨ। ਸਿਮਰਨਜੀਤ ਸਿੰਘ ਮਾਨ ਦੇ ਉਭਾਰ ਵੇਲੇ ਵੀ ਏਕਤਾ ਨਹੀਂ ਹੋਈ, ਸਿਰਫ਼ ਡਰਾਮੇ ਹੀ ਹੋਏ। ਕਈ ਲੋਕ ਜੋ ਉਸ ਵੇਲੇ ਬਾਦਲ ਦਲ ਦੀ ਹਕੂਮਤ ਵਿਚ ਸਨ, ਹੁਣ ਅਕਾਲੀ ਦਲ ਤੋਂ ਬਾਹਰ ਜਾ ਕੇ ਸਿਰਫ਼ ਬਾਦਲ ਨੂੰ ਦੋਸ਼ ਦੇ ਰਹੇ ਹਨ ਇਹ ਜਾਇਜ਼ ਨਹੀਂ ਹਨ। ਉਨ੍ਹਾਂ ਜੇਕਰ ਪਾਰਟੀ ਦੇ ਅੰਦਰ ਕੋਈ ਵਿਰੋਧ ਕੀਤਾ ਵੀ ਹੈ ਤਾਂ ਉਸ ਦਾ ਕੋਈ ਮੁੱਲ ਇਸ ਲਈ ਨਹੀਂ ਕਿਉਂਕਿ ਉਹ ਹਕੂਮਤ ਨੂੰ ਲਗਾਤਾਰ ਮਾਣਦੇ ਵੀ ਰਹੇ। ਇਸ ਦਰਮਿਆਨ ਜਦੋਂ ਵੀ ਅਕਾਲੀ ਦਲ ਵਿਚ ਏਕਤਾ ਹੋਈ ਤਾਂ ਇਹ ਏਕਤਾ ਸਿਰਫ਼ ਵਕਤੀ ਤੌਰ 'ਤੇ ਸਮਾਂ ਆਉਣ 'ਤੇ ਦੂਜੇ ਧੜੇ ਨੂੰ ਠਿੱਬੀ ਮਾਰਨ ਦੀ ਨੀਅਤ ਨਾਲ ਹੀ ਹੁੰਦੀ ਰਹੀ। ਅਸੀਂ ਸਮਝਦੇ ਹਾਂ ਕਿ ਗ਼ਲਤੀਆਂ ਸਭ ਨੇ ਕੀਤੀਆਂ ਹਨ, ਕਿਸੇ ਨੇ ਘੱਟ ਤੇ ਕਿਸੇ ਨੇ ਵੱਧ।


ਅੱਜ ਸਥਿਤੀ ਇਹ ਹੈ ਕਿ ਸਿੱਖਾਂ ਕੋਲ ਕੋਈ ਸਰਵ ਪ੍ਰਵਾਨਿਤ ਨੇਤਾ ਨਹੀਂ, ਬੇਸ਼ੱਕ ਅਜੇ ਵੀ ਸਭ ਤੋਂ ਵੱਧ ਤਾਕਤਵਰ ਧੜਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਹੀ ਹੈ। ਭਾਵੇਂ ਇਸ ਦਰਮਿਆਨ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਸੀਟ ਜਿੱਤਣ ਦਾ ਮਾਅਰਕਾ ਵੀ ਮਾਰਿਆ ਹੈ, ਪਰ ਉਹ ਅਜੇ ਵੀ ਹਾਸ਼ੀਏ 'ਤੇ ਹੀ ਚੱਲ ਰਹੇ ਹਨ।

ਇਕ ਘਟਨਾ ਯਾਦ ਆ ਰਹੀ ਹੈ। ਮਾਰਚ 1947 ਦੀ ਗੱਲ ਹੈ। ਉਸ ਵੇਲੇ ਪੰਜਾਬ ਦੇ ਪ੍ਰਧਾਨ ਮੰਤਰੀ (ਮੁੱਖ ਮੰਤਰੀ) ਮਲਿਕ ਖ਼ਿਜ਼ਰ ਹਯਾਤ ਖ਼ਾਨ ਸਨ, ਜੋ ਸਿੱਖਾਂ ਅਤੇ ਹਿੰਦੂ ਵਿਧਾਇਕਾਂ ਦੀ ਮਦਦ ਨਾਲ ਮੁੱਖ ਮੰਤਰੀ ਬਣੇ ਸਨ। ਉਸ ਵੇਲੇ ਮੁਸਲਿਮ ਲੀਗ ਕੋਲ 69 ਵਿਧਾਇਕ ਸਨ ਤੇ ਖਿਜ਼ਰ ਹਯਾਤ ਦੀ ਯੂਨੀਅਨਿਸਟ ਪਾਰਟੀ ਕੋਲ ਸਿਰਫ਼ 10 ਵਿਧਾਇਕ ਸਨ। ਖਿਜ਼ਰ ਹਯਾਤ ਨੇ ਮੁਸਲਿਮ ਲੀਗ ਦੇ ਦਬਾਅ ਅਤੇ ਸਿੱਖ ਵਿਧਾਇਕਾਂ ਵਲੋਂ ਸਮਰਥਨ ਵਾਪਸ ਲੈਣ ਦੇ ਖ਼ਤਰੇ ਦੇ ਮੱਦੇਨਜ਼ਰ ਅਸਤੀਫ਼ਾ ਦੇ ਦਿੱਤਾ। ਗ਼ੌਰਤਲਬ ਹੈ ਕਿ ਖਿਜ਼ਰ ਹਯਾਤ ਖ਼ਾਨ ਤੇ ਉਨ੍ਹਾਂ ਦੇ ਪਿਤਾ ਸਵਰਗੀ ਪ੍ਰਧਾਨ ਮੰਤਰੀ ਪੰਜਾਬ ਸਰ ਸਿਕੰਦਰ ਹਯਾਤ ਖ਼ਾਨ ਦੀ ਯੂਨੀਅਨਿਸਟ ਪਾਰਟੀ ਲਗਾਤਾਰ ਅਖੰਡ ਭਾਰਤ ਦੇ ਹੱਕ ਵਿਚ ਤੇ ਪਾਕਿਸਤਾਨ ਦੇ ਵਿਰੋਧ ਵਿਚ ਰਹੇ ਸਨ। ਪਰ ਗ਼ੌਰ ਕਰੋ ਕਿ ਉਸ ਵੇਲੇ ਲਾਹੌਰ ਵਿਚ ਮੁਸਲਿਮ ਲੀਗ ਦਾ ਇਜਲਾਸ ਚੱਲ ਰਿਹਾ ਸੀ ਤੇ ਜਦੋਂ ਖਿਜ਼ਰ ਹਯਾਤ ਖ਼ਾਨ ਦੇ ਅਸਤੀਫ਼ੇ ਦੀ ਗੱਲ ਪੁੱਜੀ, ਇਸ ਨੂੰ ਪਾਕਿਸਤਾਨ ਦੀ ਕਾਇਮੀ ਲਈ ਵੱਡੀ ਗੱਲ ਸਮਝਦਿਆਂ ਸਟੇਜ ਤੋਂ ਨਾਅਰੇ ਲਾਏ ਗਏ:

**ਨਈ ਖ਼ਬਰ ਯੇ ਆਈ ਹੈ।**
**ਖਿਜ਼ਰ ਹਮਾਰਾ ਭਾਈ ਹੈ।**

ਸਾਫ਼ ਹੈ ਕਿ ਪਾਕਿਸਤਾਨ ਦੇ ਹਾਮੀ ਮੁਸਲਮਾਨਾਂ ਨੇ ਸਾਰੀ ਉਮਰ ਪਰਿਵਾਰ ਵਲੋਂ ਪਾਕਿਸਤਾਨ ਦਾ ਵਿਰੋਧ ਕਰਨ ਵਾਲੇ ਖਿਜ਼ਰ ਨੂੰ ਵਾਪਸ ਪਰਤਣ 'ਤੇ ਆਪਣਾ ਭਾਈ ਕਰਾਰ ਦੇ ਦਿੱਤਾ ਪਰ ਸਾਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਅਸੀਂ ਇਤਿਹਾਸ ਦੇ ਸਿੱਖ ਲੀਡਰਸ਼ਿਪ ਦੀ ਅਣਹੋਂਦ ਦੇ ਸਭ ਤੋਂ ਭਿਆਨਕ ਦੌਰ ਵਿਚੋਂ ਲੰਘ ਰਹੇ ਹਾਂ ਤਾਂ ਅਸੀਂ ਏਕਤਾ ਕਿਉਂ ਨਹੀਂ ਕਰ ਸਕਦੇ। ਅਸੀਂ ਸਮਝਦੇ ਹਾਂ ਕਿ ਹੁਣ ਜਦੋਂ ਸੁਖਬੀਰ ਸਿੰਘ ਬਾਦਲ ਆਪਣੀਆਂ ਗ਼ਲਤੀਆਂ ਦੀ ਮੁਆਫ਼ੀ ਮੰਗ ਕੇ ਚਾਹੇ ਮਜਬੂਰੀਵੱਸ ਹੀ ਸਹੀ, ਸਿੱਖ ਮੰਗਾਂ ਅਤੇ ਸਿੱਖ ਰਵਾਇਤਾਂ ਵੱਲ ਪਰਤ ਰਹੇ ਹਨ ਤਾਂ ਉਸ ਦਾ ਸਵਾਗਤ ਕਰਨਾ ਚਾਹੀਦਾ ਹੈ। ਕਿਉਂਕਿ ਸਾਡੇ ਕੋਲ ਅਜੇ ਕੋਈ ਅਜਿਹੀ ਹੋਰ ਜਥੇਬੰਦੀ ਨਹੀਂ ਜਿਸ ਕੋਲ ਬਾਦਲ ਦਲ ਜਿੰਨੀ ਤਾਕਤ ਵੀ ਬਚੀ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਜੇਕਰ ਅਸੀਂ ਬਾਦਲ ਦਲ ਨੂੰ ਖ਼ਤਮ ਕਰ ਦਿੰਦੇ ਹਾਂ ਤਾਂ ਸਾਡੇ ਕੋਲੋਂ ਕੋਈ ਵੀ ਨਵੀਂ ਲੀਡਰਸ਼ਿਪ ਵੀ ਨਹੀਂ ਉੱਭਰਨੀ ਤਾਂ ਇਹ ਸਥਿਤੀ ਸਿੱਖ ਕੌਮ ਨੂੰ ਹੋਰ ਵੀ ਰਸਾਤਲ ਵੱਲ ਲੈ ਜਾਵੇਗੀ।

ਇਸ ਦਰਮਿਆਨ ਪਤਾ ਲੱਗਾ ਹੈ ਕਿ ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਦੀ ਕੱਲ੍ਹ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਹੋਈ ਹੈ। ਚਰਚਾ ਹੈ ਕਿ ਸ਼ਾਹ ਨੇ ਅਕਾਲੀ ਦਲ ਬਾਦਲ ਨਾਲ ਕਿਸੇ ਸਮਝੌਤੇ ਦੀ ਸੰਭਾਵਨਾ ਤੋਂ ਫਿਰ ਇਨਕਾਰ ਕਰ ਦਿੱਤਾ ਹੈ।





# ਜਾਗਰੂਕ ਹੋਵੋ : ਟਰੱਕ ਡਰਾਈਵਿੰਗ ਸਕੂਲ ਜਾਣ ਤੋਂ ਪਹਿਲਾਂ




*''ਅੱਜਕਲ ਕੁੱਝ ਟਰੱਕ ਡਰਾਈਵਿੰਗ ਸਕੂਲਾਂ ਵੱਲੋਂ ਟ੍ਰੇਨਿੰਗ ਲੈ ਰਹੇ ਸਟੂਡੈਂਟ, ਅਤੇ ਸਿਖਾਣ ਵਾਲੇ ਇੰਸਟ੍ਰਕਟਰਾਂ ਦੀ ਇਨਸਲਟ ਕਰਨਾ, ਆਮ ਗੱਲ ਹੋ ਗਈ ਹੈ। ਬੜੇ ਸ਼ਰਮ ਦੀ ਗੱਲ ਹੈ, ਬਰੈਂਪਟਨ ਦੇ ਇੱਕ ਸਕੂਲ ਦੇ ਓਨਰ ਨੇ ਫੋਨ ਚੱਕਦੇ ਹੀ ਹੈਲੋ ਕਹਿਣ ਦੀ ਥਾਂ ਬਕੋ ਸ਼ਬਦ ਵਰਤਿਆ। ਅਜਿਹੇ ਸ਼ਬਦਾਂ ਦੀ ਵਰਤੋਂ ਨਾਲ ਸਹੀ ਸਕੂਲਾਂ ਦੀ ਰੈਪੁਟੀਸ਼ਨ ਵੀ ਖਰਾਬ ਹੋਸ ਰਹੀ ਹੈ। ਜਾਗਰੂਕ ਹੋਵੋ ਅਤੇ ਦੂਜਿਆਂ ਨੂੰ ਹਮੇਸ਼ਾ ਜਾਗਰੂਕ ਕਰੋ''- ਅਨਿਲ ਧੀਰ. ਕਾਲਮਨਿਸਟ. ਸੋਸ਼ਲ ਐਕਟੀਵਿਸਟ*

ਨੇਸ਼ਨ ਅਵੇਅਰਨੈਸ ਕੈਂਮਪੇਨ ਕੈਨੇਡਾ (ਐਨ.ਏ.ਸੀ.ਸੀ) : ਅੱਜ ਟਰੱਕ ਸਿੱਖਣ ਵਾਲਿਆਂ ਦਾ ਵੱਧ ਰਿਹਾ ਰੁਝਾਣ ਇੰਡਸਟਰੀ ਲਈ ਚੰਗੀ ਗੱਲ ਹੈ। ਓਨਟਾਰੀਓ ਅੰਦਰ ਸਿਰਫ ਜੀ. ਟੀ. ਏ 'ਚ ਅੰਦਾਜ਼ਨ 200 ਤੋਂ ਵੱਧ ਸਕੂਲ ਹਨ। ਸਕੂਲ ਜਾਣ ਤੋਂ ਪਹਿਲਾਂ ਹਰ ਕੋਈ ਰੀਵੀਊ ਦੇਖਦਾ ਹੈ। ਸੁਣਿਆ ਗਿਆ ਹੈ ਕਿ ਕਈ ਬਾਰ ਰੀਵੀਊ ਵੀ ਖਰੀਦੇ ਜਾਂਦੇ ਹਨ। ਸੱਭ ਤੋਂ ਔਖਾ ਕੰਮ ਹੈ ਚੰਗੇ ਸਕੂਲ ਦਾ ਲੱਭਣਾ। ਸਿੱਖਣ ਲਈ ਚੰਗਾ ਸਕੂਲ ਲੱਭਨਾ ਤਾਂ ਪਵੇਗਾ ਹੀ।

**ਧਿਆਨ ਦੇਣ ਦੀ ਲੋੜ :**

- ਸਿੱਖਣ ਵਾਲਿਆਂ ਦੀਆਂ ਸ਼ਿਕਾਇਤਾਂ, ਮੁਸ਼ਕਲਾਂ ਅਤੇ ਸਮੱਸਿਆਵਾਂ ਦੇ ਅਧਾਰ 'ਤੇ ਅਸੀਂ ਅੱਗੇ ਪਾਠਕਾਂ ਨਾਲ ਕੁੱਝ ਗੱਲਾਂ ਸਾਂਝੀਆਂ ਕਰ ਰਹੇ ਹਾਂ :
- ਟ੍ਰੇਨਿੰਗ ਲੈਣ ਵਾਲਿਆਂ ਨੂੰ ਰੋਡ 'ਤੇ ਸਿਖਾਣ ਵੇਲੇ ਕੁੱਝ ਇਨਸਟ੍ਰਕਟਰਾਂ ਦੀ ਬੱਤਮੀਜ਼ੀ ਵੀ ਸਹਿਣੀ ਪੈ ਰਹੀ ਹੈ। ਕਈ ਬਾਰ ਸਿੱਖਣ ਅਤੇ ਸਿਖਾਣ ਵਾਲੇ ਵਿਚਕਾਰ ਗਾਲੀ-ਗਲੋਚ ਵੀ ਦੇਖਿਆ ਗਿਆ ਹੈ। ਕਈ ਤਾਂ ਪਹਿਲੇ ਹੀ ਦਿਨ ਰੋਡ 'ਤੇ ਟਰੱਕ ਚਲਾਣ ਵਾਲੇ ਨੂੰ ਕੁੱਝ ਸਿਖਾਣ ਦੀ ਥਾਂ ਬਤਮੀਜ਼ੀ ਨਾਲ ਪੇਸ਼ ਆਉਂਦੇ ਹਨ। ਖੁੱਦ ਪੂਰਾ ਸਮਾਂ ਫੋਨ ਤੇ ਰਹਿੰਦੇ ਹਨ।
- ਏ. ਜ਼ੈਡ ਲਾਈਸੈਂਸ ਯਾਨਿ ਟਰੱਕ ਡਰਾਇਵਿੰਗ ਟ੍ਰੇਨਿੰਗ ਲਈ ਸਕੂਲ ਵਾਲੇ ਫੀਸ ਪੰਜ ਹਜਾਰ ਡਾਲਰ ਤੋਂ ਲੈ ਕੇ ਸੱਤ ਹਜਾਰ ਡਾਲਰ ਤੱਕ ਲੈ ਰਹੇ ਹਨ। ਕਿਹਾ ਜਾਂਦਾ ਹੈ ਪਹਿਲੀ 2 ਟ੍ਰਾਈ ਫ੍ਰੀ। ਜੇ 2 ਬਾਰ ਕੋਈ ਫੇਲ ਹੋ ਜਾਵੇ ਤਾਂ ਤਜਿੀ ਬਾਰ ਲਈ 800 ਡਾਲਰ ਦੁਬਾਰਾ ਚਾਰਜ ਕੀਤੇ ਜਾਂਦੇ ਹਨ।
- ਕੁੱਝ ਸਕੂਲ ਪਹਿਲੀ ਬਾਰ ਬਿਨਾ ਤਿਆਰੀ ਤੋਂ ਟੈਸਟ ਲਈ ਭੇਜ ਦਿੰਦੇ ਹਨ। ਫੇਲ ਹੋਣ ਤੋਂ ਬਾਅਦ, ਦੂਜੀ ਬਾਰ ਅਚਾਨਕ ਗਲਤੀ ਨਾਲ ਸਟੂਡੈਂਟ ਫੇਲ ਹੋ ਜਾਂਦੇ ਹਨ। ਇਸ ਕਰਕੇ ਕਾਨਫੀਡੈਂਸ ਘੱਟ ਜਾਣ ਕਰਕੇ ਸਟੂਡੈਂਟ ਦੁਬਾਰਾ ਬਾਰ-ਬਾਰ ਫੇਲ ਹੋ ਜਾਂਦੇ ਹਨ।
- ਜ਼ਿਆਦਾਤਰ ਬੈਕਿੰਗ ਵਿੱਚੋਂ ਪਾਸ ਨਹੀਂ ਹੋ ਪਾਂਦੇ। ਕਾਰਨ ਸਿਖਾਣ ਵਾਲੇ ਸੱਜੇ-ਖੱਬੇ, ਅੱਗੇ-ਪਿੱਛੇ ਬੋਲ ਕੇ ਬੈਕਿੰਗ ਖੁੱਦ ਹੀ ਕਰਾ ਦਿੰਦੇ ਹਨ। 90% ਸਟੂਡੈਂਟ ਨੂੰ ਕੁੱਝ ਪਤਾ ਹੀ ਨਹੀਂ ਲੱਗਦਾ ਅਤੇ ਨਾ ਹੀ ਕੰਨਸੈਪਟ ਕਲੀਅਰ ਹੁੰਦਾ ਹੈ।
- ਇੱਕ ਬਾਰ ਫੇਲ ਹੋਣ ਤੋਂ ਬਾਅਦ ਕੁੱਝ ਸਕੂਲ ਵਾਲੇ ਦੁਬਾਰਾ 2 ਤੋਂ 3 ਦਿਨ ਪਹਿਲਾਂ ਹੀ ਯਾਰਡ 'ਚ ਸਿੱਖਣ ਵਾਲੇ ਨੂੰ ਆਉਣ ਦਿੰਦੇ ਹਨ। ਪਹਿਲਾਂ ਆ ਜਾਣ ਤਾਂ ਯਾਰਡ ਅੰਦਰ ਸਿਖਾਣ ਵਾਲੇ ਦੂਜਿਆਂ ਦੇ ਸਾਹਮਣੇ ਇਨਸਲਟ ਵੀ ਕਰ ਦਿੰਦੇ ਹਨ। ਉੱਥੇ ਫਸਿਆ ਹੋਇਆ ਸਟੂਡੈਂਟ ਕੁੱਝ ਬੋਲਦਾ ਨਹੀਂ। ਚੁੱਪ ਕਰਕੇ ਯਾਰਡ ਤੋਂ ਬਾਹਰ ਚਲਾ ਜਾਂਦਾ ਹੈ।
- ਮਨਿਸਟਰੀ ਵਾਲੇ ਟੈਸਟ ਦੌਰਾਣ ਹਾਈਵੇ 'ਤੇ ਵੀ ਲੈ ਕੇ ਜਾਂਦੇ ਹਨ। ਕਈ ਸਕੂਲ ਵਾਲੇ ਪੂਰੇ ਕੋਰਸ ਦੌਰਾਣ ਇੱਕੋ ਹੀ ਦਿਨ ਹਾਈਵੇ 'ਤੇ ਲਿਜਾ ਕੇ ਵਿਹਲੇ ਹੋ ਜਾਂਦੇ ਹਨ। ਹਾਈਵੇ 'ਤੇ ਅਧੂਰੀ ਪੈਕਟਿਸ ਕਰਕੇ ਟੈਸਟ 'ਚ ਹਾਈਵੇ 'ਤੇ ਸਟੂਡੈਂਟ ਮਰਜ ਹੋਣ ਵੇਲੇ, ਲਾਈਨ ਬਦਲਨ ਅਤੇ ਐਗਜਿਟ ਲੈਣ ਵੇਲੇ ਗਲਤੀ ਕਰਨ ਨਾਲ ਫੇਲ ਹੋ ਜਾਂਦੇ ਹਨ।



ਅਨਿਲ ਧੀਰ
ਕਾਲਮਨਿਸਟ
healthmedia1@hotmail.com


- ਮਨਿਸਟਰੀ ਦੀ ਰਿਕੁਆਇਰਮੈਂਟ ਨੂੰ ਨਜ਼ਰਅੰਦਾਜ਼ ਕਰਕੇ, ਪੈਸੇ ਘੱਟ ਦੇਣੇ ਪੈਣ, ਯਾਰਡ ਅੰਦਰ ਕਈ ਸਕੂਲ ਵਾਲੇ ਪਾਸ ਹੋਣ ਵਾਲੇ ਨਵੇਂ ਸਟੂਡੈਂਟ ਨੂੰ ਹੀ ਟਰੱਕ ਦੀ ਇਨਸਪੈਕਸ਼ਨ ਸਿਖਾਣ ਲਈ ਰੱਖ ਲੈਂਦੇ ਹਨ। ਕੁੱਝ ਸਕੂਲਾਂ ਵੱਲੋਂ ਰੋਡ 'ਤੇ ਟਰੱਕ ਸਿਖਾਣ ਲਈ ਤੁਜ਼ਰਬੇ ਵਾਲੇ ਟੀਚਰ ਰੱਖਣ ਦੀ ਥਾਂ ਡਰਾਈਵਰ ਰੱਖੇ ਜਾ ਰਹੇ ਹਨ। ਉਨਾਂ ਵਿੱਚੋਂ ਕਈ ਡਰਾਈਵਰਾਂ ਨੂੰ ਰੂਲ ਖੁੱਦ ਨੂੰ ਨਹੀਂ ਪਤਾ ਹੁੰਦੇ। ਇਸ ਕਰਕੇ ਵੀ ਸਟੂਡੈਂਟ ਫੇਲ ਹੋ ਰਹੇ ਹਨ।
- ਇੱਕ ਸਟੂਡੈਂਟ ਨੇ ਦੱਸਿਆ ਕਿ 4 ਬਾਰ ਫੇਲ ਹੋ ਜਾਣ ਤੋਂ ਬਾਅਦ, ਅਗਲੇ ਟੈਸਟ ਲਈ ਪੈਸੇ ਨਹੀਂ ਸਨ। ਉਸਨੂੰ ਬਿਨਾ ਦੱਸੇ ਟੈਸਟ ਬੁੱਕ ਕਰ ਦਿੱਤਾ ਗਿਆ ਅਤੇ ਟੈਸਟ ਤੋਂ 2 ਦਿਨ ਪਹਿਲਾਂ ਫੋਨ ਆਇਆ ਕਿ ਪੂਰੇ ਪੈਸੇ ਦਿਓ ਨਹੀਂ ਤਾਂ ਤੁਹਾਡਾ ਟੈਸਟ ਨਹੀਂ ਹੋਵੇਗਾ। ਬੜੀ ਸ਼ਰਮ ਦੀ ਗੱਲ ਹੈ ਟੈਸਟ ਦੇਣ ਲਈ ਸਟੂਡੈਂਟ ਨੂੰ ਆਪਣੀ ਨਵੀਂ ਘੜੀ ਦੇਣੀ ਪਈ।
- ਕਈ ਸਿੱਖਣ ਵਾਲਿਆਂ ਕੋਲ ਕਿਸੇ ਮਜਬੂਰੀ ਕਰਕੇ ਦੁਬਾਰਾ ਟੈਸਟ ਲਈ ਟਾਈਮ ਘੱਟ ਹੁੰਦਾ ਹੈ। ਉਸ ਕੋਲੋਂ ਟੈਸਟ ਦੀ ਤਾਰੀਖ ਛੇਤੀ ਦੁਆਣ ਦੇ ਨਾਂ 'ਤੇ 500 ਡਾਲਰ ਤੱਕ ਵੀ ਲਏ ਜਾ ਰਹੇ ਹਨ।
- ਜਾਗਰੁਕ ਨਾ ਹੋਣ ਕਰਕੇ ਇੱਕ ਸਿੱਖਣ ਵਾਲੇ ਨੇ ਦੱਸਿਆ ਕਿ ਇੱਕ ਬਾਰ ਫੇਲ ਹੋ ਜਾਣ ਤੋਂ ਬਾਅਦ ਅਚਾਨਕ ਉਸ ਨੂੰ ਇੰਡੀਆ ਜਾਣਾ ਪੈ ਗਿਆ। ਜੱਦ ਉਹ ਵਾਪਿਸ ਕੈਨੇਡਾ ਆਇਆ ਤਾਂ ਸਕੂਲ ਗਿਆ ਤਾਂ ਉਸਨੂੰ ਦੁਬਾਰਾ ਪੂਰੀ ਫੀਸ ਦੇਣ ਲਈ ਕਿਹਾ ਗਿਆ। ਸਿੱਖਣ ਵਾਲੇ ਦੇ ਮੁਤਾਬਿਕ ਸਕੂਲ ਨੂੰ ਪੂਰੀ ਫੀਸ ਦੁਬਾਰਾ ਦਿੱਤੀ ਗਈ ਤੱਦ ਉਸਦਾ ਟੈਸਟ ਬੁੱਕ ਕੀਤਾ ਗਿਆ।
- ਯਾਰਡ ਅੰਦਰ ਹਮੇਸ਼ਾ ਲਿਮਿਟ ਤੋਂ ਵੱਧ ਸਿੱਖਣ ਵਾਲੇ ਨਜ਼ਰ ਆਉਂਦੇ ਹਨ। ਫਿਰ ਅਜਿਹੇ ਸਕੂਲ ਵਾਲੇ ਕਹਿੰਦੇ ਹਨ ਕਿ ਕੰਮ ਘੱਟ ਗਿਆ ਹੈ।
- ਇੱਕ ਗੱਲ ਜ਼ਰੂਰ ਹੈ ਕਿ ਗੈਰ-ਜ਼ਰੂਰੀ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲਾ ਭਵਿੱਖ 'ਚ ਉਸ ਸਕੂਲ ਦਾ ਰੈਫਰੈਂਸ ਤਾਂ ਕਿਸੇ ਨੂੰ ਦੇਣ ਤੋਂ ਰਿਹਾ। ਕਈ ਸਿੱਖਣ ਵਾਲਿਆਂ ਦੇ ਮੁਤਾਬਿਕ, ਇਸ ਲਈ ਸ਼ੁਰੂ 'ਚ ਹੀ ਕੁੱਝ ਸਕੂਲ ਵਾਲੇ ਜੋਰ ਦਿੰਦੇ ਹਨ ਕਿ ਆਪਣੇ ਦੋਸਤ-ਮਿੱਤਰਾਂ ਨੂੰ ਟਰੱਕ ਸਿੱਖਣ ਲਈ ਲੈ ਕੇ ਆਵੋ। ਕਈ ਪ੍ਰੇਸ਼ਾਨ ਤਾਂ ਇਹ ਵੀ ਕਹਿੰਦੇ ਸੁਣੇ ਗਏ ਹਨ ਕਿ ਪਾਸ ਹੋਣ ਤੋਂ ਬਾਅਦ ਮੂੰਹ ਮਿੱਠਾ ਵੀ ਨਹੀਂ ਕਰਾਵਾਂਗੇ। ਦੋਸਤੋ ਕੋਈ ਗੱਲ ਨਹੀਂ, ਪਾਸ ਹੋਣ ਤੋਂ ਬਾਅਦ ਮੂੰਹ ਮਿੱਠਾ ਕਰਾਣਾ ਤਾਂ ਬਨਦਾ ਹੈ।

**ਨੋਟ :** ਭਵਿੱਖ 'ਚ ਸਿੱਖਣ ਵਾਲਿਆਂ ਨੂੰ ਇਹ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ, ਦੂਜਿਆਂ ਨਾਲ ਵੱਧ ਤੋਂ ਵੱਧ ਇਸ ਲੇਖ ਨੂੰ ਸ਼ੇਅਰ ਕਰੋ। ਅਜਿਹੇ ਸਕੂਲਾਂ ਤੋਂ ਪਰੇਸ਼ਾਨ ਸਟੂਡੈਂਟਾਂ ਨੂੰ ਬਿਨਾਂ ਕਿਸੇ ਡਰ ਤੋਂ ਐਕਸ਼ਨ ਲੈਣਾ ਚਾਹੀਦਾ ਹੈ। ਦਾਖਿਲਾ ਲੈਣ ਤੋਂ ਪਹਿਲਾਂ ਸਕੂਲ ਨਾਲ ਹਰ ਗੱਲ ਖੁੱਲ ਕੇ ਜਾਂ ਲਿਖਿਤ ਰੂਪ 'ਚ ਲੈਣ ਦਾ ਯਤਨ ਕਰੋ। ਸੋ ਫੀਸਾਂ ਪੂਰੀਆਂ ਕਰਨ ਲਈ ਡਬਲ ਸ਼ਿਫਟਾਂ ਲਾਣ ਵਾਲੇ ਮਿਹਨਤੀ ਵਿਦਿਆਰਥੀ ਨੂੰ ਉੱਪਰ ਦੱਸੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ, ਕੋਈ ਵੀ ਨਹੀਂ ਚਾਹੁੰਦਾ। ਇਸ ਲੇਖ 'ਚ ਸਿਰਫ ਅਵੇਅਰਨੈਸ ਯਾਨਿ ਜਾਗਰੁਕਤਾ ਲਈ ਉੱਪਰ ਲਿਖੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ ਗਈਆਂ ਹਨ। ਪਰਸਨਲ ਤੌਰ 'ਤੇ ਕਿਸੇ ਬਾਰੇ ਨਹੀਂ। ਮੁਆਫ ਕਰਨਾ, ਜੇ ਲੇਖ ਪੜ ਕੇ ਬੁਰਾ ਲੱਗਿਆ ਹੋਵੇ।

# ਮੌਸਮ ਦਾ ਪ੍ਰਭਾਵ ਨਾ ਕਰੇ ਤੁਹਾਨੂੰ ਬਿਮਾਰ

ਨੀਤੂ ਗੁਪਤਾ

ਸਰਦੀਆਂ ਖਾਣ-ਪੀਣ ਦੇ ਲਿਹਾਜ਼ ਨਾਲ ਬਹੁਤ ਚੰਗੀਆਂ ਲਗਦੀਆਂ ਹਨ। ਇਸ ਮੌਸਮ ਵਿਚ ਖਾਣਾ ਖਾਧਾ ਵੀ ਜਾਂਦਾ ਹੈ ਅਤੇ ਹਜ਼ਮ ਵੀ ਹੋ ਜਾਂਦਾ ਹੈ ਪਰ ਸ਼ੂਗਰ, ਐਲਰਜੀ, ਆਸਿਟੀਓਪੋਰੋਸਿਸ, ਦਿਲ ਦੀ ਬਿਮਾਰੀ ਅਤੇ ਦਮੇ ਤੋਂ ਪੀੜਤ ਲੋਕਾਂ ਨੇ ਇਸ ਮੌਸਮ ਵਿਚ ਆਪਣਾ ਖ਼ਾਸ ਧਿਆਨ ਰੱਖਣਾ ਹੁੰਦਾ ਹੈ ਤਾਂ ਕਿ ਉਹ ਵੀ ਸਰਦੀਆਂ ਦਾ ਅਨੰਦ ਲੈ ਸਕਣ। ਸਰਦੀਆਂ ਸਿਹਤ ਦੇ ਪੱਖ ਤੋਂ ਚੰਗੀਆਂ ਮੰਨੀਆਂ ਜਾਂਦੀਆਂ ਹਨ ਪਰ ਡਿਗਦਾ ਤਾਪਮਾਨ ਵਾਇਰਸ ਦੀ ਗਿਣਤੀ ਨੂੰ ਵਧਾਉਣ ਵਿਚ ਮਦਦ ਕਰਦਾ ਹੈ। ਇਸ ਲਈ ਧਿਆਨ ਰੱਖਣਾ ਵੀ ਜ਼ਰੂਰੀ ਹੁੰਦਾ ਹੈ।






**ਸ਼ੂਗਰ ਦੇ ਰੋਗੀ ਰੱਖਣ ਧਿਆਨ :** ਸਰਦੀਆਂ ਵਿਚ ਸ਼ੂਗਰ ਦੇ ਰੋਗੀਆਂ ਦਾ ਹਾਜ਼ਮਾ ਤੰਤਰ ਕਮਜ਼ੋਰ ਹੋ ਜਾਂਦਾ ਹੈ। ਖਾਣਾ ਠੀਕ ਤਰ੍ਹਾਂ ਨਾਲ ਹਜ਼ਮ ਨਾ ਹੋਣ ਕਾਰਨ ਕਬਜ਼, ਗੈਸ ਦੀ ਸਮੱਸਿਆ ਅਤੇ ਕਮਜ਼ੋਰੀ ਵਧ ਜਾਂਦੀ ਹੈ। ਸਰਦੀਆਂ ਵਿਚ ਸਰੀਰ ਗੁਲੂਕੋਜ਼ ਨੂੰ ਹਜ਼ਮ ਕਰਨ ਲਈ ਮਜ਼ਬੂਤ ਨਹੀਂ ਹੁੰਦਾ। ਇਸ ਤਰ੍ਹਾਂ ਦੇ ਰੋਗੀਆਂ ਨੂੰ ਖਾਣੇ 'ਚ ਪ੍ਰੋਟੀਨ ਦੀ ਵਰਤੋਂ ਥੋੜ੍ਹੀ ਵਧਾ ਲੈਣੀ ਚਾਹੀਦੀ ਹੈ ਤਾਂ ਕਿ ਸਰੀਰ ਵਿਚ ਊਰਜਾ ਦਾ ਪੱਧਰ ਬਣਿਆ ਰਹੇ। ਜੇਕਰ ਧਿਆਨ ਨਾ ਰੱਖਿਆ ਜਾਵੇ ਤਾਂ ਕਮਜ਼ੋਰੀ ਵਧਣ ਨਾਲ ਰੋਗੀ ਵਾਰ-ਵਾਰ ਬਿਮਾਰ ਹੋਣ ਲਗਦਾ ਹੈ।

ਸਰਦੀਆਂ ਵਿਚ ਸ਼ੂਗਰ ਦੇ ਰੋਗੀ ਨੂੰ ਦਾਲਾਂ ਤੇ ਸੁੱਕੇ ਮੇਵੇ ਲਗਾਤਾਰ ਖਾਣ ਦਿਓ। ਪ੍ਰੋਟੀਨ ਵਾਲੇ ਭੋਜਨ ਨੂੰ ਹਜ਼ਮ ਕਰਨ ਲਈ ਸੈਰ ਜ਼ਰੂਰ ਕਰੋ ਤਾਂ ਕਿ ਜੋੜਾਂ ਦੇ ਦਰਦਾਂ ਤੋਂ ਵੀ ਬਚਿਆ ਜਾ ਸਕੇ। ਧੁੱਪ ਵਿਚ ਜ਼ਰੂਰ ਬੈਠੋ ਤਾਂ ਕਿ ਵਿਟਾਮਿਨ ਡੀ ਸਰੀਰ ਨੂੰ ਮਿਲ ਸਕੇ।

**ਐਲਰਜੀ ਵਾਲੇ ਰੋਗੀ ਵੀ ਰੱਖਣ ਧਿਆਨ :** ਸਰਦੀਆਂ ਵਿਚ ਖ਼ੁਦ ਨੂੰ ਸਰਦੀ ਤੋਂ ਬਚਾਉਣ ਲਈ ਗਰਮ ਕੱਪੜੇ ਪਾਉਣਾ ਜ਼ਰੂਰੀ ਹੁੰਦਾ ਹੈ। ਗਰਮ ਕੱਪੜੇ ਬਹੁਤ ਸਾਰੇ ਲੋਕਾਂ ਨੂੰ ਐਲਰਜੀ ਦੀ ਸਮੱਸਿਆ ਵਧਾ ਦਿੰਦੇ ਹਨ। ਸਰੀਰ ਦੀ ਖ਼ਾਰਸ਼ ਪ੍ਰੇਸ਼ਾਨ ਕਰਦੀ ਹੈ, ਰੁੱਖੀ ਚਮੜੀ ਵਾਲਿਆਂ ਨੂੰ ਵੀ ਸਰਦੀਆਂ ਵਿਚ ਐਲਰਜੀ ਪ੍ਰੇਸ਼ਾਨ ਕਰਦੀ ਹੈ। ਸਰਦੀਆਂ ਦੀਆਂ ਠੰਢੀਆਂ ਹਵਾਵਾਂ ਨਾਲ ਖੰਘ-ਜ਼ੁਕਾਮ ਵੀ ਐਲਰਜੀ ਦਾ ਇਕ ਹਿੱਸਾ ਹੁੰਦਾ ਹੈ ਜੋ ਬੱਚਿਆਂ, ਬਜ਼ੁਰਗਾਂ ਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ।

ਸਰਦੀ ਜ਼ੁਕਾਮ ਵਿਚ ਡਾਕਟਰ ਦੀ ਸਲਾਹ ਨਾਲ ਇਨਹੇਲਰ ਦੀ ਵਰਤੋਂ ਕਰ ਕੇ ਖ਼ੁਦ ਨੂੰ ਜ਼ੁਲਮ ਤੋਂ ਦੂਰ ਰੱਖ ਸਕਦੇ ਹੋ। ਐਂਟੀ ਅਲਰਜਿਕ ਦਵਾਈਆਂ ਅਤੇ ਐਂਟੀ ਐਲਰਜਿਕ ਕ੍ਰੀਮ ਜਾਂ ਸਪ੍ਰੇਅ ਦੀ ਜ਼ਰੂਰਤ ਪੈਣ 'ਤੇ ਵਰਤੋਂ ਕਰ ਕੇ ਖ਼ੁਦ ਨੂੰ ਬਚਾ ਸਕਦੇ ਹੋ। ਜਿਨ੍ਹਾਂ ਨੂੰ ਐਲਰਜੀ ਦੀ ਸ਼ਿਕਾਇਤ ਹੋਵੇ, ਉਨ੍ਹਾਂ ਨੂੰ ਨਸ਼ੀਲੀਆਂ ਚੀਜ਼ਾਂ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ। ਟਰੈਫਿਕ ਜਾਮ ਅਤੇ ਜ਼ਿਆਦਾ ਭੀੜ ਵਾਲੇ ਵਾਹਨ ਵੀ ਸਾਹ ਦੀ ਤਕਲੀਫ਼ ਵਧਾਉਂਦੇ ਹਨ। ਉਨ੍ਹਾਂ ਤੋਂ ਬਚੋ, ਜੇਕਰ ਖ਼ਾਰਸ਼ ਪ੍ਰੇਸ਼ਾਨ ਕਰੇ ਤਾਂ ਮਾਈਸਚਰਾਈਜ਼ਰ ਦੀ ਵਰਤੋਂ ਕਰੋ। ਜ਼ਿਆਦਾ ਖਾਰਸ਼ ਹੋਣ 'ਤੇ ਐਂਟੀਐਲਰਜਿਕ ਬਾਮ ਜਾਂ ਸਪ੍ਰੇਅ ਦੀ ਵਰਤੋਂ ਕਰੋ।

**ਦਿਲ ਦੀ ਬਿਮਾਰੀ ਵਾਲੇ ਰੋਗੀ ਵੀ ਰੱਖਣ ਧਿਆਨ :** ਸਰਦੀਆਂ ਵਿਚ ਖ਼ੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਜਿਨ੍ਹਾਂ ਦਾ ਪ੍ਰਭਾਵ ਦਿਲ ਨੂੰ ਖ਼ੂਨ ਪਹੁੰਚਾਉਣ ਵਾਲੀ ਧੰਮਣੀਆਂ 'ਤੇ ਵੀ ਪੈਂਦਾ ਹੈ। ਇਸ ਤਰ੍ਹਾਂ ਦਿਲ ਨੂੰ ਖ਼ੂਨ ਦੀ ਸਪਲਾਈ ਦੀ ਰਫ਼ਤਾਰ ਹੌਲੀ ਪੈ ਜਾਂਦੀ ਹੈ, ਜਿਸ ਨਾਲ ਦਿਲ ਦੇ ਰੋਗੀਆਂ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ। ਦਿਲ ਦੇ ਰੋਗੀਆਂ ਨੂੰ ਠੀਕ ਗਰਮ ਕੱਪੜੇ ਪਾਉਣੇ ਚਾਹੀਦੇ। ਕੰਨਾਂ ਨੂੰ ਵੀ ਢੱਕ ਕੇ ਰੱਖਣਾ ਚਾਹੀਦਾ ਹੈ। ਹੱਥਾਂ-ਪੈਰਾਂ ਨੂੰ ਵੀ ਗਰਮ ਰੱਖਣਾ ਚਾਹੀਦਾ ਹੈ। ਸਵੇਰੇ ਅਤੇ ਦੇਰ ਸ਼ਾਮ ਬਾਹਰ ਜਾਣ ਤੋਂ ਬਚਣਾ ਚਾਹੀਦਾ ਹੈ। ਸਰੀਰ ਨੂੰ ਗਰਮ ਰੱਖਣ ਲਈ ਸਬਜ਼ੀਆਂ ਦਾ ਗਰਮ ਸੂਪ ਪੀਓ, ਆਪਣੇ ਬਿਸਤਰੇ ਨੂੰ ਗਰਮ ਪਾਣੀ ਦੀ ਬੋਤਲ ਰੱਖ ਕੇ ਗਰਮ ਰੱਖੋ। ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿਚ ਰੱਖਣ ਲਈ ਜਾਂਚ ਕਰਾਉਂਦੇ ਰਹੋ।

**ਆਸਸਟੀਓਪੋਰੋਸਿਸ ਦੇ ਰੋਗੀ ਵੀ ਰੱਖਣ ਧਿਆਨ :** ਇਸ ਰੋਗ 'ਚ ਹੱਡੀਆਂ ਕਮਜ਼ੋਰ ਹੁੰਦੀਆਂ ਹਨ ਅਤੇ ਹੱਡੀਆਂ ਵਿਚਲੀ ਘਣਤਾ ਵੀ ਘੱਟ ਹੋ ਜਾਂਦੀ ਹੈ। ਇਸ ਤਰ੍ਹਾਂ ਠੰਢ ਦੇ ਦਿਨਾਂ ਵਿਚ ਜੋੜਾਂ ਦਾ ਦਰਦ ਵਧ ਜਾਂਦਾ ਹੈ ਅਤੇ ਝਟਕਾ ਲੱਗਣ ਨਾਲ ਜਾਂ ਸੱਟ ਲੱਗਣ ਨਾਲ ਹੱਡੀ ਟੁੱਟਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਆਸਟੀਓਪੋਰੋਸਿਸ ਦੇ ਰੋਗੀਆਂ ਦੇ ਜ਼ਿਆਦਾਤਰ ਗੁੱਟ, ਗੀੜ੍ਹ, ਚੂਲ੍ਹੇ, ਗੋਡੇ ਦੀ ਹੱਡੀ ਟੁੱਟਦੀ ਹੈ। ਸਰਦੀਆਂ ਵਿਚ ਇਸ ਤਰ੍ਹਾਂ ਦੇ ਰੋਗੀਆਂ ਨੂੰ ਧੁੱਪ ਵਿਚ ਜ਼ਿਆਦਾ ਦੇਰ ਬੈਠਣਾ ਚਾਹੀਦਾ ਹੈ, ਜ਼ਿਆਦਾ ਝੁਕਣ ਵਾਲੇ, ਭਾਰ ਚੁੱਕਣ ਵਾਲੇ ਕੰਮਾਂ ਤੋਂ ਬਚਣਾ ਚਾਹੀਦਾ।

ਕੈਲਸ਼ੀਅਮ ਵਾਲੇ ਭੋਜਨ ਦੀ ਲਗਾਤਾਰ ਵਰਤੋਂ ਕਰੋ। ਜੰਕ ਫੂਡ ਅਤੇ ਕਰਾਬੋਹਾਈਡਰੇਟ ਡ੍ਰਿੰਕਸ ਦੀ ਵਰਤੋਂ ਨਾ ਕਰੋ। ਬਦਾਮ, ਪਿਸਤਾ ਵਰਗੇ ਮੇਵੇ ਖਾ ਕੇ ਹੱਡੀਆਂ ਨੂੰ ਮਜ਼ਬੂਤ ਰੱਖ ਸਕਦੇ ਹੋ। ਓਮੇਗਾ-3 ਫੈਟੀ ਐਸਿਡ ਲਈ ਅਖ਼ਰੋਟ ਦੀ ਵਰਤੋਂ ਵੀ ਕਰੋ। ਵਿਟਾਮਿਨ-ਡੀ ਲਈ ਸੂਰਜ ਦੀ ਧੁੱਪ ਜ਼ਰੂਰੀ ਹੈ। ਸਰਦੀਆਂ ਵਿਚ ਧੁੱਪ ਦਾ ਲਾਭ ਲਓ ਅਤੇ ਵਿਟਾਮਿਨ ਡੀ ਦੀ ਕਮੀ ਦੀ ਪੂਰਤੀ ਕਰੋ। ਹੱਡੀਆਂ ਦੀ ਮਜ਼ਬੂਤੀ, ਨਿਰਮਾਣ ਅਤੇ ਘਨਤਵ ਲਈ ਕਸਰਤ ਦੀ ਅਹਿਮ ਭੂਮਿਕਾ ਹੁੰਦੀ ਹੈ। ਕਸਰਤ ਲਗਾਤਾਰ ਕਰੋ। ਪੈਦਲ ਚੱਲ ਕੇ, ਜਾਗਿੰਗ ਕਰ ਕੇ, ਵੇਟ ਲਿਫ਼ਟਿੰਗ ਕਰ ਕੇ, ਯੋਗਾ ਆਦਿ ਨਾਲ ਆਪਣੀਆਂ ਹੱਡੀਆਂ ਨੂੰ ਦਰੁੱਸਤ ਰੱਖ ਸਕਦੇ ਹੋ।



# ਕ੍ਰਾਂਤੀਕਾਰੀ ਮਹਾਪੁਰਖ ਨਾਮਦੇਵ ਜੀ

-ਸਤਬੀਰ ਸਿੰਘ ਧਾਮੀ

ਭਗਤ ਨਾਮਦੇਵ ਜੀ ਜਿਨ੍ਹਾਂ ਨੂੰ ਕਈ ਇਤਿਹਾਸਕਾਰਾਂ ਨੇ ਆਦਿ ਭਗਤ ਜਾਂ ਸ਼੍ਰੋਮਣੀ ਭਗਤ ਵੀ ਕਿਹਾ ਹੈ ਉਹ ਵਿਸ਼ਵ ਭਰ ਦੇ ਅਧਿਆਤਮਕ ਆਕਾਸ਼ ਦੇ ਮਹਾਨ ਸਿਤਾਰੇ ਸਨ। ਮਹਾਰਾਸ਼ਟਰ ਨਿਵਾਸੀ ਭਗਤ ਨਾਮਦੇਵ ਜੀ ਦਾ ਪ੍ਰਚਾਰ ਖੇਤਰ ਸਾਰਾ ਉੱਤਰੀ ਭਾਰਤ ਹੀ ਬਣਿਆ ਰਿਹਾ। ਉਨ੍ਹਾਂ ਦੇ ਨਾਮ ਦੀ ਵਿਆਖਿਆ ਕਰਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਨਾਮ ਹੀ ਦੇਵ (ਪ੍ਰਭੂ-ਪਰਮਾਤਮਾ) ਦੀ ਹੋਂਦ ਤੋਂ ਪ੍ਰਗਟ ਹੋਇਆ ਹੈ।

ਇਨ੍ਹਾਂ ਨੂੰ ਸ਼੍ਰੋਮਣੀ ਭਗਤ ਵੀ ਕਿਹਾ ਜਾਂਦਾ ਹੈ। ਆਪ ਨੇ ਵੱਖ-ਵੱਖ ਭਾਸ਼ਾਵਾਂ ਵਿਚ ਬਾਣੀ ਦੀ ਰਚਨਾ ਕੀਤੀ। ਉਹ ਅਜਿਹੀ ਮਹਾਨ ਸ਼ਖ਼ਸੀਅਤ ਸਨ ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਦਾ ਮਾਣ ਹਾਸਲ ਹੈ।

ਭਗਤ ਨਾਮਦੇਵ ਜੀ ਦਾ ਜਨਮ ਪਿੰਡ ਨਰਸੀ ਬਾਮਨੀ, ਜ਼ਿਲ੍ਹਾ ਸਤਾਰਾ (ਮਹਾਰਾਸ਼ਟਰ) ਵਿਖੇ ਪਿਤਾ ਦਾਮ ਸ਼ੇਟ ਦੇ ਘਰ ਮਾਤਾ ਗੋਨੀ ਬਾਈ ਦੀ ਕੁੱਖੋਂ 1270 ਈ. ਨੂੰ ਹੋਇਆ ਸੀ। ਆਪ ਦਾ ਸੁਭਾਅ ਬਚਪਨ ਤੋਂ ਹੀ ਸਾਦਗੀ ਅਤੇ ਭਗਤੀ ਵਾਲਾ ਸੀ। ਕੋਈ ਵੀ ਕਾਰ-ਵਿਵਹਾਰ ਕਰਦਿਆਂ ਆਪ ਦੀ ਬਿਰਤੀ ਹਮੇਸ਼ਾ ਅਕਾਲ ਪੁਰਖ ਨਾਲ ਜੁੜੀ ਰਹਿੰਦੀ। ਆਪ ਜੀ ਸੁਭਾਅ ਵਜੋਂ ਭੋਲੇ ਸਨ ਅਤੇ ਆਪ ਦਾ ਮਨ ਸਦਾ ਸੰਤਾਂ-ਭਗਤਾਂ ਦੀ ਸੰਗਤ ਵਿਚ ਪ੍ਰਸੰਨ ਰਹਿੰਦਾ ਸੀ।

ਇਸ ਲਈ ਆਪ ਵਿਸ਼ੋਭਾ ਖੇਤਰ ਨੂੰ ਆਪਣਾ ਗੁਰੂ ਧਾਰਨ ਕਰਦਿਆਂ ਕੱਪੜੇ ਰੰਗਣ ਦੇ ਨਾਲ-ਨਾਲ ਆਪਣੇ ਮਨ ਨੂੰ ਵੀ ਭਗਤੀ-ਭਾਵ ਨਾਲ ਰੰਗਦੇ ਰਹੇ। ਆਪ ਜੀ ਦਾ ਪਾਵਨ ਫੁਰਮਾਨ ਹੈ: ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ ?ਹਾਲਿ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ਪੰਨਾ (1376) ਭਗਤ ਨਾਮਦੇਵ ਜੀ ਨੇ ਤਰਲੋਚਨ ਭਗਤ ਨੂੰ ਕਿਹਾ ਕਿ ਤੂੰ ਇੰਨੀਆਂ ਗੱਲਾਂ ਕਰ ਕੇ ਆਪਣੇ ਮੂੰਹ ਨੂੰ ਗੱਲਾਂ ਨਾਲ ਜੋੜ ਰਿਹਾ ਹੈ।

ਆਪਣੇ ਮੂੰਹ ਤੋਂ ਰਾਮ ਸਮਾਲ, (ਯਾਦ ਕਰ) ਪਰਮਾਤਮਾ ਦੀ ਭਗਤੀ ਇਕ ਥਾਂ ਬੈਠ ਕੇ ਹੀ ਨਹੀਂ ਕੀਤੀ ਜਾਂਦੀ। ਸਗੋਂ ਹੱਥੀਂ ਕੰਮਕਾਰ ਕਰਦੇ ਹੋਏ ਮਨ ਪਰਮਾਤਮਾ ਨਾਲ ਜੁੜਿਆ ਹੋਵੇ। ਇਸ ਤਰ੍ਹਾਂ ਹਰ ਵੇਲੇ ਭਗਤੀ ਕੀਤੀ ਜਾ ਸਕਦੀ ਹੈ। ਜੇ ਇੱਕੋ ਸਮੇਂ ਦੋ ਕੰਮ ਕੀਤੇ ਜਾ ਸਕਦੇ ਹਨ ਤਾਂ ਕੰਮ ਸਮੇਂ ਭਗਤੀ ਕਿਉਂ ਨਹੀਂ ਕੀਤੀ ਜਾ ਸਕਦੀ। ਜਿਵੇਂ ਇਕ ਬੱਚਾ ਕਾਗਜ਼ ਦੀ ਪਤੰਗ ਅਸਮਾਨ ਵਿਚ ਡੋਰ ਬੰਨ੍ਹ ਕੇ ਉਡਾਉਂਦਾ ਹੈ ਅਤੇ ਨਾਲ-ਨਾਲ ਆਪਣੇ ਮਿੱਤਰਾਂ-ਦੋਸਤਾਂ ਨਾਲ ਗੱਲਾਂ ਵੀ ਕਰਦਾ ਹੈ ਅਤੇ ਪਤੰਗ 'ਚ ਵੀ ਧਿਆਨ ਰੱਖਦਾ ਹੈ।

ਜੇ ਇੱਕੋ ਸਮੇਂ ਪਤੰਗ ਉਡਾਉਣ ਵਾਲਾ ਬੱਚਾ ਦੋ ਪਾਸੇ ਧਿਆਨ ਦੇ ਸਕਦਾ ਤਾਂ ਧਰਮ ਕਮਾਉਣ ਲਈ ਨਾਮ ਜਪਣ ਲਈ ਦੁਨੀਆ ਦੇ ਕੰਮਕਾਰ ਕਰਦਿਆਂ ਕੰਮ ਵਿਚ ਵੀ ਧਿਆਨ ਰੱਖਿਆ ਜਾ ਸਕਦਾ ਹੈ। ਆਪ ਜੀ ਦੀ ਸ਼ਾਦੀ ਗੋਬਿੰਦ ਸ਼ੇਟ ਦੀ ਪੁੱਤਰੀ ਰਾਜਾ ਬਾਈ ਨਾਲ ਹੋਈ ਸੀ। ਆਪ ਦੇ ਘਰ ਚਾਰ ਪੁੱਤਰ ਨਰਾਇਣ, ਮਹਾਦੇਵ, ਗੋਬਿੰਦ, ਵੀਠਲ ਤੇ ਇਕ ਪੁੱਤਰੀ ਲਿੰਬਾ ਨੇ ਜਨਮ ਲਿਆ। ਪ੍ਰਭੂ-ਭਗਤੀ ਸਦਕਾ ਆਪ ਜੀ ਦੀ ਆਤਮਿਕ ਅਵਸਥਾ ਇੰਨੀ ਉੱਚੀ ਹੋ ਚੁੱਕੀ ਸੀ ਕਿ ਹਰੇਕ ਜੀਵ ਵਿਚ ਤੇ ਹਰ ਪਾਸੇ ਉਨ੍ਹਾਂ ਨੂੰ ਪਰਮਾਤਮਾ ਹੀ ਦਿਖਾਈ ਦਿੰਦਾ ਸੀ।

ਇਕ ਵਾਰ ਇਕ ਕੁੱਤਾ ਆਪ ਜੀ ਦੇ ਪ੍ਰਸ਼ਾਦੇ ਚੁੱਕ ਕੇ ਲੈ ਗਿਆ ਤਾਂ ਆਪ ਉਸ ਨੂੰ ਪਰਮਾਤਮਾ ਦਾ ਰੂਪ ਜਾਣ ਕੇ ਘਿਉ ਦਾ ਕੁੱਜਾ ਲੈ ਕੇ ਉਸ ਕੁੱਤੇ ਦੇ ਪਿੱਛੇ ਭੱਜੇ ਤੇ ਕਿਹਾ, ਹੇ ਪ੍ਰਭੂ! ਰੁੱਖਾ ਪ੍ਰਸ਼ਾਦਾ ਨਾ ਖਾਇਉ, ਲਿਆਉ ਮੈਂ ਪ੍ਰਸ਼ਾਦੇ ਘਿਉ ਨਾਲ ਚੋਪੜ ਦਿਆਂ। ਇਸ ਤਰ੍ਹਾਂ ਦੀਆਂ ਨਿਮਰਤਾ ਤੇ ਦਇਆ ਭਰਪੂਰ ਘਟਨਾਵਾਂ ਭਗਤ ਜੀ ਦੇ ਜੀਵਨ 'ਚੋਂ ਬੇਅੰਤ ਮਿਲਦੀਆਂ ਹਨ। ਭਗਤ ਨਾਮਦੇਵ ਜੀ ਨੇ ਉਚਾਰਨ ਕੀਤੀ ਹੋਈ ਬਾਣੀ ਵਿਚ ਕ੍ਰਾਂਤੀਕਾਰੀ ਤੇ ਇਨਕਲਾਬੀ ਵਿਚਾਰ ਪ੍ਰਗਟ ਕੀਤੇ ਹਨ। ਉਨ੍ਹਾਂ ਦੇ ਭਾਵ 'ਚੋਂ ਧਾਰਮਿਕ ਤੇ ਰਾਜਸੀ ਜਬਰ ਦੇ ਪਾਜ ਉੱਘੜ ਕੇ ਸਮਾਜ ਦੇ ਸਾਹਮਣੇ ਆਉਂਦੇ ਹਨ।

ਭਗਤ ਨਾਮਦੇਵ ਜੀ ਕਹਿੰਦੇ ਸਨ ਕਿ ਮੈਂ ਉਸ ਨੂੰ ਪੂਜਿਆ ਹੈ, ਨਾਮ ਸਿਮਰਨ ਕੀਤਾ ਹੈ ਜਿੱਥੇ ਨਾ ਮੰਦਰ ਦੀ ਗੱਲ ਹੈ ਤੇ ਨਾ ਹੀ ਮਸੀਤ ਦੀ, ਬਲਕਿ ਸਰਵ-ਵਿਆਪਕ ਪਰਮਾਤਮਾ ਦੀ ਗੱਲ ਹੈ। ਭਗਤ ਮੰਦਰ-ਮਸੀਤ ਦਾ ਕੋਈ ਫ਼ਰਕ ਨਹੀਂ ਸਮਝਦਾ। ਭਗਤ ਨਾਮਦੇਵ ਜੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲਗਪਗ ਦੋ ਸੌ ਸਾਲ ਪਹਿਲਾਂ ਹੋਏ ਸਨ। ਉਸ ਸਮੇਂ ਕੇਵਲ ਦੋ ਹੀ ਧਰਮ ਮੁੱਖ ਤੌਰ 'ਤੇ ਪ੍ਰਚਲਿਤ ਸਨ ਹਿੰਦੂ ਅਤੇ ਇਸਲਾਮ। ਜਾਤਾਂ-ਪਾਤਾਂ ਦਾ ਪੂਰਾ ਜ਼ੋਰ ਸੀ। ਅਖੌਤੀ ਉੱਚੀ ਜਾਤ ਵਾਲੇ ਹਾਸ਼ੀਆਗਤ ਜਾਤਾਂ ਦਾ ਸਤਿਕਾਰ ਨਹੀਂ ਸਨ ਕਰਦੇ। ਇੱਥੋਂ ਤੀਕ ਕਿ ਧਾਰਮਿਕ ਅਸਥਾਨਾਂ ਪੁਰ ਭੀ ਆਪੋ-ਆਪਣੇ ਕਬਜ਼ੇ ਕੀਤੇ ਹੋਏ ਸਨ। ਜਾਤ-ਪਾਤ ਨੂੰ ਖ਼ਤਮ ਕਰਨ ਲਈ ਉਸ ਸਮੇਂ ਇਕ ਅਜਿਹੀ ਸ਼ਖ਼ਸੀਅਤ ਦੀ ਲੋੜ ਸੀ ਜੋ ਸਹੀ ਮਾਰਗ ਦਰਸਾ ਕੇ ਲੋਕਾਈ ਦਾ ਭਲਾ ਕਰਨ ਦੇ ਸਮਰੱਥ ਹੋਵੇ।

ਭਗਤ ਨਾਮਦੇਵ ਜੀ ਨੇ ਸੰਦੇਸ਼ ਦਿੱਤਾ ਕਿ ਕੋਈ ਵੀ ਮਨੁੱਖ ਜਾਤ-ਪਾਤ ਕਰਕੇ ਜਾਂ ਵੱਡੇ ਪਰਿਵਾਰ ਵਿਚ ਜਨਮ ਲੈਣ ਨਾਲ ਵੱਡਾ ਨਹੀਂ ਹੁੰਦਾ ਸਗੋਂ ਆਪਣੇ ਕੀਤੇ ਕੰਮਾਂ ਕਾਰਨ ਹੀ ਵੱਡਾ-ਛੋਟਾ ਹੁੰਦਾ ਹੈ। ਉਨ੍ਹਾਂ ਨੇ ਜਾਤ-ਪਾਤ, ਊਚ-ਨੀਚ, ਵਹਿਮਾਂ-ਭਰਮਾਂ ਦਾ ਭਰਪੂਰ ਖੰਡਨ ਕੀਤਾ ਅਤੇ ਨਾਮ ਸਿਮਰਨ ਕਰ ਕੇ ਇਨਸਾਨ ਨੂੰ ਉੱਚੇ-ਸੁੱਚੇ ਗੁਣਾਂ ਦਾ ਧਾਰਨੀ ਹੋਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਮਨ ਦੀ ਸ਼ੁੱਧਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਜਦੋਂ ਤੀਕ ਇਨਸਾਨ ਦਾ ਮਨ ਹੀ ਸ਼ੁੱਧ ਨਹੀਂ ਤਾਂ ਕਿਸੇ ਵੀ ਤਰ੍ਹਾਂ ਦੇ ਨਾਮ-ਸਿਮਰਨ ਦਾ ਕੋਈ ਲਾਭ ਨਹੀਂ ਹੋ ਸਕਦਾ।

ਭਗਤ ਨਾਮਦੇਵ ਦੀਆਂ ਸਿੱਖਿਆਵਾਂ ਨੂੰ ਮੁਸਲਮਾਨ ਜਾਂ ਹਿੰਦੂ ਵਰਗ ਤੀਕ ਹੀ ਮਹਿਦੂਦ ਨਹੀਂ ਕੀਤਾ ਜਾ ਸਕਦਾ। ਨਾਮ-ਸਿਮਰਨ ਅਤੇ ਪ੍ਰਭੂ ਭਗਤੀ ਨੇ ਹੀ ਨਾਮਦੇਵ ਜੀ ਨੂੰ ਭਗਤ ਦੀ ਪਦਵੀ ਤੀਕ ਪਹੁੰਚਾ ਦਿੱਤਾ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਦੇ ਰਚਿਤ 61 ਸ਼ਬਦਾਂ ਨੂੰ 18 ਰਾਗਾਂ ਵਿਚ ਦਰਜ ਕੀਤਾ। ਥੋੜ੍ਹੇ ਜਿਹੇ ਸ਼ਬਦਾਂ 'ਚ ਭਗਤ ਜੀ ਨੇ ਸਮੁੱਚੀ ਜੀਵਨ ਫਿਲਾਸਫੀ ਬਿਆਨ ਕੀਤੀ ਹੈ। ਆਪ ਜੀ ਦੀ ਮਰਾਠੀ ਭਾਸ਼ਾ ਵਿਚ ਰਚੀ ਨਾਮਦੇਵ ਦੀ ਸਾਖੀ, ਸੋਰਠਿ ਰਾਗ ਦਾ ਪਦਾ ਤੇ ਭਗਤ ਨਾਮਦੇਵ ਜੀ ਕਾ ਪਦਾ ਨਾਮੀ ਤਿੰਨ ਰਚਨਾਵਾਂ ਸਬੰਧੀ ਜਾਣਕਾਰੀ ਮਿਲਦੀ ਹੈ।

ਭਗਤ ਜੀ ਦੀ ਸਮੁੱਚੀ ਬਾਣੀ 'ਚ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਵਰਣਨ ਹੈ। ਗੁਰਮਤਿ ਦੇ ਬੁਨਿਆਦੀ ਸਿਧਾਂਤ ਦੀ ਤਰ੍ਹਾਂ ਇਸ ਸਾਰੇ ਬ੍ਰਹਿਮੰਡ ਵਿਚ ਸਰਬ-ਵਿਆਪੀ ਪ੍ਰਭੂ ਦੀ ਹੋਂਦ ਹੈ। ਉਹ ਪ੍ਰਭੂ ਆਪਣੇ ਅਨੇਕਾਂ ਰੂਪਾਂ 'ਚ ਸੰਸਾਰ 'ਚ ਵਿਆਪਕ ਹੈ। ਆਪ ਸੰਸਾਰ ਨੂੰ ਪਰਮਾਤਮਾ ਦਾ ਲਗਾਇਆ ਬਾਗ ਸਮਝਦੇ ਹਨ ਜਿਸ ਦੀ ਦੇਖ-ਰੇਖ ਤੇ ਸੰਭਾਲ ਵੀ ਅਕਾਲ ਪੁਰਖ ਆਪ ਕਰ ਰਿਹਾ ਹੈ। ਧਨਾਸਰੀ ਰਾਗ 'ਚ ਆਪ ਫੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਜਗਤ ਭਾਵ ਸੰਸਾਰ ਇੰਞ ਸੀ ਜਿਵੇਂ ਕੰਵਲ ਦੇ ਫੁੱਲਾਂ ਦਾ ਖੇਤ। ਸਾਰੇ ਜੀਵ-ਜੰਤ ਕੰਵਲ ਦੇ ਫੁੱਲਾਂ ਦੇ ਉਸ ਖੇਤ ਦੇ ਹੰਸ ਹਨ। ਛੋਟੀ ਉਮਰ ਵਿਚ ਹੀ ਭਗਤ ਨਾਮਦੇਵ ਜੀ ਨੂੰ ਬ੍ਰਾਹਮਣਾਂ, ਪੁਜਾਰੀਆਂ ਅਤੇ ਹੋਰ ਸਮੇਂ ਦੇ ਹੁਕਮਰਾਨਾਂ ਦਾ ਭਾਰੀ ਵਿਰੋਧ ਬਰਦਾਸ਼ਤ ਕਰਨਾ ਪਿਆ। ਜਿਸ ਮਨੁੱਖ ਦੇ ਹਿਰਦੇ ਵਿਚ ਈਰਖਾ ਦੀ ਅੱਗ ਪ੍ਰਚੰਡ ਹੋ ਜਾਵੇ, ਉਸ ਦੇ ਹਿਰਦੇ 'ਚੋਂ ਸਭ ਗੁਣ ਭਸਮ ਹੋ ਜਾਂਦੇ ਹਨ। ਇਕ ਦਿਨ ਭਗਤ ਨਾਮਦੇਵ ਪ੍ਰਭੂ ਭਗਤੀ 'ਚ ਲੀਨ ਹੋਏ ਹੱਸਦੇ-ਖੇਡਦੇ ਇਕ ਮੰਦਰ ਵਿਚ ਚਲੇ ਗਏ।



ਭਗਤੀ ਕਰਦੇ ਹੋਏ ਮੰਦਰ ਵਿਚ ਬੈਠੇ ਉਨ੍ਹਾਂ ਨੇ ਹੱਥ ਵਿਚ ਖੜਤਾਲਾਂ ਫੜੀਆਂ ਹੋਈਆਂ ਸਨ। ਇੰਨੇ ਚਿਰ ਨੂੰ ਪੁਜਾਰੀ ਜੋ ਉੱਚੀ ਜਾਤ ਨਾਲ ਸਬੰਧਤ ਸੀ, ਆ ਗਿਆ ਅਤੇ ਅਪਮਾਨਯੋਗ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਭਗਤ ਜੀ ਨੂੰ ਮੰਦਰ 'ਚੋਂ ਕੱਢ ਦਿੱਤਾ ਅਤੇ ਕਿਹਾ ਕਿ ਤੂੰ ਨੀਵੀਂ ਜਾਤ ਵਾਲਾ ਹੈ ਅਤੇ ਮੰਦਰ ਵਿਚ ਦਾਖ਼ਲ ਨਹੀਂ ਹੋ ਸਕਦਾ। ਭਗਤ ਨਾਮਦੇਵ ਜੀ ਨੇ ਪ੍ਰਭੂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਰੇ ਅੰਦਰ ਤਾਂ ਪ੍ਰਭੂ ਜੀ ਆਪ ਹੀ ਹੋ। ਫਿਰ ਆਪ ਮੇਰੇ ਅੰਦਰ ਕਿਉਂ ਹੋ? ਆਪਣੀ ਕੰਬਲੀ ਮੋਢੇ 'ਤੇ ਰੱਖ ਕੇ ਪਿਛਲੇ ਪਾਸੇ ਬੈਠ ਗਏ ਅਤੇ ਭਗਤੀ ਦੇ ਰੌਂਅ ਵਿਚ ਪ੍ਰਭੂ ਦੇ ਗੁਣ ਗਾਇਨ ਕਰਨ ਲੱਗ ਪਏ। ਜਿਵੇਂ-ਜਿਵੇਂ ਸਿਮਰਨ ਕਰਨ ਲੱਗੇ ਤਾਂ ਉਵੇਂ-ਉਵੇਂ ਮੰਦਰ ਘੁੰਮ ਕੇ ਮੁੱਖ ਦਰਵਾਜ਼ਾ ਭਗਤ ਨਾਮਦੇਵ ਜੀ ਦੇ ਸਾਹਮਣੇ ਹੋ ਗਿਆ ਅਤੇ ਜੋ ਪੁਜਾਰੀ ਦਰਵਾਜ਼ੇ 'ਤੇ ਖੜ੍ਹੇ ਸਨ, ਉਨ੍ਹਾਂ ਦੇ ਪਾਸੇ ਪਿੱਠ ਹੋ ਗਈ।

ਇਹ ਮੰਦਰ ਹੁਣ ਵੀ ਮਹਾਰਾਸ਼ਟਰ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਕੁਝ ਦੂਰੀ 'ਤੇ ਸਥਿਤ ਹੈ। ਭਗਤ ਨਾਮਦੇਵ ਜੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਮਾਨਵਤਾ ਦਾ ਸੰਦੇਸ਼ ਦੇਣ ਉਪਰੰਤ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਘੁਮਾਣ ਨਗਰ ਵਿਖੇ ਪੁੱਜੇ। ਇੱਥੇ ਆਪ ਨੇ ਲੰਬਾ ਸਮਾਂ ਭਗਤੀ ਕੀਤੀ। ਪੰਜਾਬ ਦੇ ਵਾਯੂਮੰਡਲ, ਏਥੋਂ ਦੇ ਸੱਭਿਆਚਾਰ ਅਤੇ ਕਾਰ-ਵਿਹਾਰ ਨੇ ਭਗਤ ਨਾਮਦੇਵ ਜੀ ਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ। ਪੰਜਾਬ ਦੇ ਨਾਮਦੇਵ ਨਗਰ ਘੁਮਾਣ (ਗੁਰਦਾਸਪੁਰ) ਵਿਚ ਹੀ 1350 ਈ. ਨੂੰ ਉਹ ਜੋਤੀ ਜੋਤਿ ਸਮਾ ਗਏ। ਇੱਥੇ ਹੀ ਉਨ੍ਹਾਂ ਦੀ ਪਵਿੱਤਰ ਯਾਦ 'ਚ ਅੰਤਿਮ ਅਸਥਾਨ ਮੌਜੂਦ ਹੈ ਅਤੇ ਨਾਲ ਹੀ ਇਕ ਸ਼ਾਨਦਾਰ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਜਿੱਥੇ ਸਵੇਰੇ-ਸ਼ਾਮ ਮਰਿਆਦਾ ਅਨੁਸਾਰ ਸੇਵਾ ਨਿਭਾਈ ਜਾਂਦੀ ਹੈ। ਸ੍ਰੀ ਦਰਬਾਰ ਕਮੇਟੀ ਵੱਲੋਂ ਸਮੇਂ-ਸਮੇਂ ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ ਅਤੇ ਖ਼ਾਸ ਤੌਰ 'ਤੇ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਅਤੇ ਜੋਤੀ-ਜੋਤ ਦਿਵਸ ਹਰ ਸਾਲ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ।

## Change of Name

I, Sodi Singh slo Kabul Singh, VOP Lohian Khas Distt. Jalandhar, Punjab, India, presently residing at 4231 N Cresta Ave Fresno California 93723, has changed my name from Sodi Singh to Sodhi Singh Kaur, all concerned please note.

SINGHS TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

# ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਕਲਾਕਾਰਾਂ ਦੀ ਸਾਂਝੀ ਕਹਾਣੀ 'ਡਰਾਮੇ ਆਲੇ'

**ਜਿੰਦ ਜਵੰਦਾ**



ਪੰਜਾਬੀ ਫ਼ਿਲਮ ਡਰਾਮੇ ਆਲੇ ਲਹਿੰਦੇ ਅਤੇ ਚੜਦੇ ਪੰਜਾਬ ਦੇ ਸਾਂਝੇ ਕਲਾਕਾਰਾਂ ਦੀ ਫ਼ਿਲਮ ਹੈ। ਪਾਕਿਸਤਾਨ ਦੇ ਡਰਾਮੇ (ਨਾਟਕ) ਪੂਰੀ ਦੁਨੀਆਂ ਵਿੱਚ ਮਸ਼ਹੂਰ ਹਨ। ਇਹ ਫਿਲਮ ਪਾਕਿਸਤਾਨ ਤੋਂ ਹੀ ਲੰਡਨ ਨਾਟਕ ਖੇਡਣ ਆਏ ਥੀਏਟਰ ਕਲਾਕਾਰਾਂ ਦੇ ਦੁਆਲੇ ਘੁੰਮਦੀ ਹੈ। 19 ਜਨਵਰੀ ਨੂੰ ਦੁਨੀਆਂ ਭਰ ਵਿੱਚ ਰਿਲੀਜ ਹੋ ਰਹੀ ਇਸ ਫ਼ਿਲਮ ਨਾਲ ਦੋਹਾਂ ਮੁਲਕਾਂ ਦੀ ਕਲਾਤਮਿਕ ਸਾਂਝ ਹੋਰ ਗੂੜੀ ਹੋਵੇਗੀ। ਕਾਮੇਡੀ, ਰੁਮਾਂਸ ਤੇ ਸੋਸ਼ਲ ਡਰਾਮੇ ਦਾ ਸੁਮੇਲ ਇਸ ਫ਼ਿਲਮ ਵਿੱਚ ਚੜਦੇ ਪੰਜਾਬ ਤੋਂ ਹਰੀਸ਼ ਵਰਮਾ, ਸ਼ਰਨ ਕੌਰ ਅਤੇ ਸੁਖਵਿੰਦਰ ਚਾਹਲ ਨੇ ਮੁੱਖ ਭੂਮਿਕਾ ਨਿਭਾਈ ਹੈ। ਜਦ ਲਹਿੰਦੇ ਪੰਜਾਬ ਤੋਂ ਨਾਮਵਾਰ ਅਦਾਕਾਰਾ ਰੂਬੀ ਅਨਮ, ਸਰਦਾਰ ਕਾਮਾਲ, ਮਲਿਕ ਆਸਫ ਇਕਬਾਲ, ਹਨੀ ਅਲਬੇਲਾ ਤੇ ਕੇਸਰ ਪਿਆ ਨੇ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਰੰਗਮੰਚ ਤੋਂ ਆਪਣੇ ਅਦਾਕਾਰੀ ਸਫ਼ਰ ਦੀ ਸ਼ੁਰੂਆਤ ਕਰਨ ਵਾਲਾ ਹਰੀਸ਼ ਵਰਮਾ ਹੁਣ ਇਸ ਫਿਲਮ ਜ਼ਰੀਏ ਫ਼ਿਲਮੀ ਪਰਦੇ 'ਤੇ ਵੀ ਨਾਟਕ ਖੇਡਦਾ ਨਜ਼ਰ ਆਵੇਗਾ। ਇਸ ਫ਼ਿਲਮ ਵਿੱਚ ਹਰੀਸ਼ ਵਰਮਾ ਨੇ ਪਹਿਲੀ ਵਾਰ ਪੂਰੀ ਫਿਲਮ ਵਿੱਚ ਪੱਗ ਬੰਨੀ ਹੈ। ਫਿਲਮ ਦਾ ਟ ?ਰੇਲਰ ਹਾਲਹਿ ਵਿੱਚ ਰਿਲੀਜ ਹੋਇਆ ਹੈ ਜਿਸ ਨੂੰ ਚੁਫੇਰਿਓ ਸ਼ਾਨਦਾਰ ਹੁੰਗਾਰਾ ਮਿਲ ਰਿਹਾ ਹੈ। ਟ ?ਰੇਲਰ ਤੋਂ ਝਲਕ ਰਿਹਾ ਹੈ ਇਸ ਫਿਲਮ ਦੀ ਕਹਾਣੀ ਬੇਹੱਦ ਦਿਲਚਸਪ ਹੈ। ਫਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਸੰਗੀਤ ਵੀ ਦਿਲ ਟੁੰਭਦਾ ਨਜ਼ਰ ਆ ਰਿਹਾ ਹੈ।

"ਗਿੱਲ ਮੋਸ਼ਨ ਪਿਕਚਰ"ਦੇ ਬੈਨਰ ਹੇਠ ਬਣੀ ਨਿਰਮਾਤਾ ਜਸਕਰਨ ਸਿੰਘ ਦੀ ਇਸ ਫਿਲਮ ਦੀ ਕਹਾਣੀ ਚੰਦਰ ਕੰਬੋਜ ਨੇ ਲਿਖੀ ਹੈ। ਫਿਲਮ ਨੂੰ ਡਾਇਰੈਕਟ ਚੰਦਰ ਕੰਬੋਜ ਅਤੇ ਉਪਿੰਦਰ ਰੰਧਾਵਾ ਨੇ ਸਾਂਝੇ ਤੌਰ 'ਤੇ ਕੀਤਾ ਹੈ। ਫਿਲਮ ਦੇ ਸਹਿ ਨਿਰਮਾਤਾ ਵਿਕਾਸ ਧਵਨ, ਸੰਜੀਵ ਕੁਮਾਰ,ਰਾਜਵਿੰਦਰ ਕੌਰ ਅਤੇ ਅਜਰ ਭੱਟ ਹਨ। ਕਰੇਟਿਵ ਡਾਇਰੈਕਟਰ ਆਰ ਘਾਲੀ ਦੀ ਦੇਖਰੇਖ ਹੇਠ ਬਣੀ ਇਸ ਖ਼ੂਬਸੂਰਤ ਫ਼ਿਲਮ ਬਾਰੇ ਗੱਲਬਾਤ ਕਰਦਿਆਂ ਹਰੀਸ਼ ਵਰਮਾ ਨੇ ਦੱਸਿਆ ਕਿ ਇਸ ਫਿਲਮ ਦਾ ਟਾਈਟਲ ਹੀ ਫਿਲਮ ਬਾਰੇ ਬਹੁਤ ਕੁਝ ਬਿਆਨ ਕਰ ਰਿਹਾ ਹੈ। ਇਹ ਫਿਲਮ ਰੰਗਮੰਚ ਦੇ ਕਲਾਕਾਰਾਂ ਤੇ ਉਹਨਾਂ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੈ। ਪਾਕਿਸਤਾਨ ਦੇ ਡਰਾਮੇ ਪੂਰੀ ਦੁਨੀਆਂ ਵਿੱਚ ਦੇਖੇ ਜਾਂਦੇ ਹਨ। ਪਾਕਿਸਤਾਨ ਤੋਂ ਲੰਡਨ ਆਪਣਾ ਨਾਟਕ ਲੈ ਕੇ ਪੁਹੰਚੀ ਇਕ ਨਾਟਕ ਮੰਡਲੀ ਦੀ ਹਾਲਤ ਉਦੋਂ ਹਾਸੋਹੀਣੀ ਹੋ ਜਾਂਦੀ ਹੈ ਜਦੋਂ ਨਾਟਕ ਦੀ ਟੀਮ ਨਾਲ ਆਇਆ ਇਕ ਕਲਾਕਾਰ ਅਚਾਨਕ ਭੱਜ ਜਾਂਦਾ ਹੈ। ਬਿਗਾਨੇ ਮਲਕ ਵਿੱਚ ਉਸ ਲਾਪਤਾ ਕਲਾਕਾਰ ਨੂੰ ਵੀ ਲੱਭਣਾ ਹੈ ਅਤੇ ਪ੍ਰੋਮੋਟਰ ਵੱਲੋ ਰੱਖੇ ਗਏ ਨਾਟਕ ਦੇ ਸ਼ੋਅ ਨੂੰ ਵੀ ਪੂਰਾ ਕਰਨਾ ਹੈ। ਇਹ ਸਾਰਾ ਡਰਾਮਾ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗਾ। ਉਹ ਨਿੱਜੀ ਜ਼ਿੰਦਗੀ ਵਿੱਚ ਵੀ ਰੰਗਮੰਚ ਨਾਲ ਜੁੜਿਆ ਰਿਹਾ ਹੈ ਇਸ ਲਈ ਫਿਲਮ ਵਿੱਚ ਇਸ ਤਰ੍ਹਾਂ ਦਾ ਕਿਰਦਾਰ ਨਿਭਾਉਣਾ ਉਸ ਲਈ ਬੇਹੱਦ ਰੁਮਾਂਚਿਤ ਸੀ।

ਕਈ ਪੰਜਾਬੀ ਫ਼ਿਲਮਾਂ ਵਿੱਚ ਨਜ਼ਰ ਆ ਚੁੱਕੀ ਅਦਾਕਾਰਾ ਸ਼ਰਨ ਕੌਰ ਇਸ ਵਿੱਚ ਇੱਕ ਵੱਖਰੇ ਅੰਦਾਜ਼ ਵਿੱਚ ਨਜ਼ਰ ਆਵੇਗੀ। ਉਹ ਇਸ ਫ਼ਿਲਮ ਵਿੱਚ ਪਾਕਿਸਤਾਨ ਦੀ ਇੱਕ ਨਾਮੀ ਮੇਕਅੱਪ ਆਰਟਿਸਟ ਦਾ ਕਿਰਦਾਰ ਨਿਭਾ ਰਹੀ ਹੈ। ਫ਼ਿਲਮ ਦੇ ਲੇਖਕ ਤੇ ਡਾਇਰੈਕਟਰ ਚੰਦਰ ਕੰਬੋਜ ਮੁਤਾਬਕ ਇਹ ਫ਼ਿਲਮ ਦੋ ਮੁਲਕਾਂ ਦੀ ਆਪਣੀ ਕਲਾਤਮਿਕ ਸਾਂਝ ਦਾ ਨਮੂਨਾ ਹੋਵੇਗੀ। ਇਹ ਫ਼ਿਲਮ ਹਰ ਵਰਗ ਦੇ ਦਰਸ਼ਕ ਨੂੰ ਪਸੰਦ ਆਵੇਗੀ। ਮਨੋਰੰਜਨ ਦੇ ਨਾਲ ਨਾਲ ਵੱਡਾ ਸੁਨੇਹਾ ਵੀ ਦਿੰਦੀ ਇਸ ਫ਼ਿਲਮ ਨਾਲ ਉਹ ਵੀ ਬਤੌਰ ਫ਼ਿਲਮ ਨਿਰਦੇਸ਼ਕ ਆਪਣੀ ਸ਼ੁਰੂਆਤ ਕਰ ਰਹੇ ਹਨ। ਪੰਜਾਬੀ ਸਿਨਮਾ ਦੇ ਮਾਣ ਵਿੱਚ ਹੋਰ ਵਾਧਾ ਕਰਦੀ ਇਹ ਫ਼ਿਲਮ ਦੋਵਾਂ ਪੰਜਾਬ ਦੀ ਸਾਂਝ ਵੀ ਹੋਰ ਗੂੜੀ ਕਰੇਗੀ।

9779591482


## Metrimonial

Suitable match for Parminder Singh Josan Sikh boy, trucking business in Kansas USA, age 29 years, Height 5'-7". Contact 913-256-9498



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

Uscipp Insurance Services
1050 N Carpenter RD STE C, Modesto, CA 95351



TRUCK INSURANCE
TRUCK TAX IFTA



Amarjit S Bir
amarjit@uscipp.org
Lic#0I15593CA
Ph: (925)318-1247

## ਅੱਖਾਂ 'ਚ ਰੜਕੇ ਪੰਜਾਬ !

'ਖੜਗ ਭੁਜਾ' ਕਹਿ ਇਹਨੂੰ ਵਡਿਆਈ ਜਾਂਦੇ
ਨਾਲੇ ਛਾਂਗਦੇ ਵਾਂਗ ਹਤਿਆਰਿਆਂ ਦੇ।
ਬੇਇਨਸਾਫੀ ਦੀ ਝੱਲਦਾ ਮਾਰ ਆਇਆ
ਕਿੱਸੇ ਬਹੁਤ ਹਨ 'ਕੇਂਦਰੀ ਕਾਰਿਆਂ' ਦੇ।
ਲਾਉਂਦੇ ਆ ਰਹੇ ਟਿੱਲ ਹਨ ਕੱਢਣੇ ਨੂੰ
ਪਏ ਰਗਾਂ ਵਿੱਚ ਅਸਰ 'ਜੈਕਾਰਿਆਂ' ਦੇ।
ਅਣਖੀ ਹੋਣ ਦਾ ਤਾਰਦਾ ਮੁੱਲ ਆਇਆ
ਝੁਕਦਾ ਨਹੀਂ ਜੋ ਮੋਹਰੇ ਹੰਕਾਰਿਆਂ ਦੇ।
ਗੱਲੀਂ ਬਾਤੀਂ ਪੰਜਾਬ ਦੀ ਕਰਨ ਸੋਭਾ
ਪੱਲੇ ਪਾਉਣ 'ਭਰੋਸੇ' ਹੀ ਲਾਰਿਆਂ ਦੇ।
ਬਹਿ ਜਏ ਕੋਈ ਵੀ ਦਿੱਲੀ ਦੇ ਤਖਤ ਉੱਤੇ
ਰਹਿੰਦਾ ਰੜਕਦਾ ਅੱਖਾਂ ਵਿੱਚ ਸਾਰਿਆਂ ਦੇ!



ਤਰਲੋਚਨ ਸਿੰਘ 'ਦੁਪਾਲਪੁਰ'
79146-92724

## ਮਾਂ ਸਵਿਤਰੀ ਬਾਈ



ਜੜ੍ਹਾਂ ਝੂਠ ਪਾਖੰਡ ਦੀਆਂ ਪੱਟ ਜਿਸਨੇ,
ਐਸਾ ਵਕਤ ਵਿਪਰ ਨੂੰ ਪਾ ਦਿੱਤਾ।
ਅੰਧਕਾਰ ਬਿਪਰ ਦੇ ਵਿੱਚ ਜਿਸਨੇ,
ਇੱਕ ਗਿਆਨ ਦਾ ਦੀਪ ਜਗਾ ਦਿੱਤਾ।
ਜਿਹਨੇ ਬੁਰਜ਼ ਹੰਕਾਰ ਦਾ ਢਾਹੁਣ ਲਈ,
ਸਿਰ ਧੜ ਦੀ ਬਾਜ਼ੀ ਲਾਈ ਸੀ।
ਬੁੱਧ ਵਿਵੇਕ ਗਿਆਨ ਦਾ ਸਾਗਰ,
ਸਾਡੀ ਮਾਂ ਸਵਿਤਰੀ ਬਾਈ ਸੀ...

ਹੱਕ ਸੱਚ ਦਾ ਵਿਗਲ ਵਜਾ ਜਿਸਨੇ,
ਆਪਣੇ ਰੋਹ ਨੂੰ ਐਸਾ ਤਾਅ ਦਿੱਤਾ।
ਸਾਮਰਾਜ ਮਨੂੰ ਦਾ ਖੜਾ ਜਿਸਨੇ,
ਧੁਰ ਨੀਹਾਂ ਤੱਕ ਹਿਲਾ ਦਿੱਤਾ।
ਮਨੂੰਵਾਦ ਦਾ ਕੱਢ ਜਲੂਸ ਜਿਸਨੇ,
ਫਿਰ ਹੱਥ ਤੇ ਸਰ੍ਹੋਂ ਜਮਾਈ ਸੀ।
ਬੁੱਧ ਵਿਵੇਕ ਗਿਆਨ ਦਾ ਸਾਗਰ,
ਸਾਡੀ ਮਾਂ ਸਵਿਤਰੀ ਬਾਈ ਸੀ...

ਘਰ ਛੱਡਿਆ ਵਿੱਚ ਤਕਲੀਫਾਂ ਦੇ,
ਤੀਜਾ ਇਨਕਲਾਬ ਲਿਆਉਣ ਲਈ।
ਪੱਥਰ ਖਾ-ਖਾ ਵੰਡਦੀ ਗਿਆਨ ਰਹੀ,
ਅੰਨ੍ਹਿਆਂ ਨੂੰ ਰਾਹੇ ਪਾਉਣ ਲਈ।
ਭਾਰਤ ਦੀ ਪਹਿਲੀ ਪੜ੍ਹੀ ਲਿਖੀ,
ਵਿਦਿਆ ਦੀ ਦੇਵੀ ਆਈ ਸੀ।
ਬੁੱਧ ਵਿਵੇਕ ਗਿਆਨ ਦਾ ਸਾਗਰ,
ਸਾਡੀ ਮਾਂ ਸਵਿਤਰੀ ਬਾਈ ਸੀ...

ਕੌਣ ਜਾਣਦਾ ਮਾਂ ਸਵਿਤਰੀ ਨੂੰ,
ਜੋ ਦੁਨੀਆਂ ਦੇ ਦਰਦ ਵੰਡਾਉਦੀ ਰਹੀ।
ਢੋਹ-ਢੋਹ ਪਿੱਠ ਖੁਦ ਬੀਮਾਰਾਂ ਨੂੰ,
ਦਵਾ ਖਾਨਿਆਂ ਵਿੱਚ ਲਿਆਉਂਦੀ ਰਈ।
ਭਾਵੇਂ ਰੋਗੀ ਹੋ ਗਈ ਰੋਗ ਮਿਟਾਉਂਦੀ,
ਉਹਨੇ ਧਰਤੀ ਸੂਰਗ ਬਣਾਈ ਸੀ।
ਬੁੱਧ ਵਿਵੇਕ ਗਿਆਨ ਦਾ ਸਾਗਰ,
ਸਾਡੀ ਮਾਂ ਸਵਿਤਰੀ ਬਾਈ ਸੀ...

ਯੁੱਧ ਜਿੱਤਿਆ ਮਾਂ ਸਵਿਤਰੀ ਨੇ,
ਤਾਨਾਸ਼ਾਹ ਨੂੰ ਸਬਕ ਸਿਖਾ ਦਿੱਤਾ।
ਗੁੱਲੀ, ਡੰਡਾ, ਡੀਲਾ, ਸੌਂਕ ਜਿਨ੍ਹੇ,
ਸਭ ਬਾਹਣਾਂ ਦੇ ਵਿੱਚ ਬਾਹ ਦਿੱਤਾ।
'ਹਰਦਾਸਪੁਰੀ' ਹੌਂਸਲੇ ਸਿਰੜ ਜਿਹਦੇ,
ਜ਼ੁਲਮਾਂ ਦੀ ਕਰੀ ਤਬਾਹੀ ਸੀ।
ਬੁੱਧ ਵਿਵੇਕ ਗਿਆਨ ਦਾ ਸਾਗਰ,
ਸਾਡੀ ਮਾਂ ਸਵਿਤਰੀ ਬਾਈ ਸੀ...



ਮਲਕੀਤ ਹਰਦਾਸਪੁਰੀ
ਫੋਨ-00306947249768

## ਟੇਕ : ਰੱਬ ਰਾਜ਼ੀ ਰੱਖੇ, ਰੰਗਲੇ ਪੰਜਾਬ ਨੂੰ

ਪਾਣੀ 'ਚ ਮਿਲਾਏ ਹੋਏ ਰੰਗ ਵਾਂਗਰਾ
ਬੇਲੇ ਵਿਚ ਮਸਤ ਮਲੰਗ ਵਾਂਗਰਾ
ਵੇਖਦਾ ਨਾ ਕੋਈ ਹੁਣ ਕਿਸੇ 'ਸਾਬ ਨੂੰ
ਰੱਬ ਰਾਜ਼ੀ ਰੱਖੇ ਰੰਗਲੇ ਪੰਜਾਬ ਨੂੰ

ਪੀਰ ਤੇ ਫਕੀਰ ਇਹਨੂੰ ਭਾਗ ਲਾ ਗਏ
ਵਿਚ ਸਾਰੀ ਦੁਨੀਆਂ ਪੰਜਾਬੀ ਛਾ ਗਏ
ਕਰਦੇ ਸਲਾਮਾਂ ਹੁਣ ਇਹਦੀ ਤਾਬ ਨੂੰ
ਰੱਬ ਰਾਜ਼ੀ ਰੱਖੇ ਰੰਗਲੇ ਪੰਜਾਬ ਨੂੰ

ਲੋਭੀ ਸਾਜ਼ਿਸ਼ਾਂ ਨੇ ਇਹਨੂੰ ਸਦਾ ਵੰਡਿਆ
ਭਾਂਵੇ ਵੈਰੀਆ ਨੇ ਇਹਨੂੰ ਸਦਾ ਭੰਡਿਆ
ਸਕੇ ਨਾ ਉਧੇੜ ਉਣੇ ਹੋਏ ਖਾਬ ਨੂੰ
ਰੱਬ ਰਾਜ਼ੀ ਰੱਖੇ ਰੰਗਲੇ ਪੰਜਾਬ ਨੂੰ

ਪੂਰੀ ਦੁਨੀਆਂ ਚ ਇਹਦੀ ਧਾਕ ਵੱਜਦੀ
ਦੁੱਖ 'ਚ ਪੰਜਾਬੀਆਂ ਨੂੰ ਹਾਕ ਸੱਜਦੀ
ਦਿੰਦੇ ਸਾਰੇ ਮਾਣ ਬਾਬੇ ਦੀ ਰਬਾਬ ਨੂੰ
ਰੱਬ ਰਾਜ਼ੀ ਰੱਖੇ ਰੰਗਲੇ ਪੰਜਾਬ ਨੂੰ



ਵੀਨਾ ਬਟਾਲਵੀ

## ਸੱਚ

ਭੋਗੀਆਂ ਦੇ ਭੋਗ ਦਿਨੋਂ ਦਿਨ ਵਧੀ ਜਾਂਦੇ ਨੇ
ਲੋਭੀਆਂ ਦੇ ਲੋਭ ਦਿਨੋਂ ਦਿਨ ਵਧੀ ਜਾਂਦੇ ਨੇ
ਸਿਰ ਤੇ ਚੜ੍ਹਾ ਲਿਆ ਨਿਕੰਮੇ ਕਿਉਂਕਿ ਖੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ

ਬੁੱਕਲਾਂ 'ਚ ਨਾਗ ਪਾਲੇ ਜਾਣ ਬੁੱਝ ਡੰਗਦੇ
ਕਰਦੇ ਸ਼ਿਕਾਰ ਕੋਬਰੇ ਏਹ ਕਾਲੇ ਰੰਗ ਦੇ
ਰੱਖਦੇ ਸਪੋਲਿਆਂ ਦੇ ਨਾਲ ਜਿਹੜੇ ਟੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ

ਕਰੋ ਜਰਾ ਪਤਾ ਲੋਕੋ ਵਜ੍ਹਾ ਕੀ ਐ ਏਸ ਦੀ
ਪਾਵੇ ਜੋ ਪੁਵਾੜੇ ਜੜ੍ਹ ਕੌਣ ਹੈ ਕਲੇਸ਼ ਦੀ
ਜਾਣ ਬੁੱਝ ਸੁੱਟਦੇ ਜੋ ਪੈਰਾਂ ਥੱਲੇ ਕੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ

ਵੇਖੀਂ ਤੇਰੇ ਵੈਰੀ ਬਣ ਜਾਣ ਨਾ ਖਿਆਲ ਓਏ
ਖਰੀਆਂ ਸੁਣਾਉਂਦਾ ਕਿਉਂਕਿ ਤੂੰ ਏਂ ਧਾਲੀਵਾਲ ਓਏ
ਦੇਕੇ ਰੇਸ ਵੇਖੀਂ ਛੱਡ ਦੇਣ ਨਾ ਕਲੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ
ਚੁੱਕਕੇ ਚੁਰਾਹੇ ਫਾਹਾ ਲਾਂਵਦੇ ਨੇ ਸੱਚ ਨੂੰ

ਧੰਨਾ ਧਾਲੀਵਾਲ

## ਪ੍ਰਹਾਰ...

ਚੰਦਨ ਵਰਗੀ ਮਹਿਕ
ਖਿਲਾਰੀ ਫਿਰਦੇ ਆਂ,
ਬੁੱਕਲ ਦੇ ਵਿੱਚ ਸੱਪਾਂ ਦੀ
ਭਰਮਾਰ ਹੈ ਤਾਂ...
ਝੂਠ ਦੇ ਆਂਚਲ ਥੱਲੇ
ਸੱਚ ਛੁਪਾਉਂਦੇ ਨਹੀਂ,
ਆਪਣਿਆਂ ਤੋਂ ਅਕਸਰ ਖਾਧੀ
ਮਾਰ ਹੈ ਤਾਂ...
ਅੱਖ ਅਸਾਂ ਦੇ ਨਾਲ ਤੂੰ
ਫੇਰ ਮਿਲਾਈ ਤਾਂ...
ਦਰਦਾਂ ਦੇ ਨਾਲ ਹੋ ਜਾਣਾ
ਦੋ-ਚਾਰ ਹੈ ਤਾਂ...
ਹਿਰਦਿਆਂ ਦੇ ਵਿੱਚ ਸਾਡੇ
ਅਤਿ-ਬੇਚੈਨੀ ਹੈ,
ਸੁਪਨਿਆਂ ਦਾ ਸਾਡੇ ਅੰਦਰ
ਭੰਡਾਰ ਹੈ ਤਾਂ...
ਕਦਮਾਂ ਦੇ ਨਾਲ ਸਾਡੇ
ਕਦਮ ਮਿਲਾਈ ਤਦ..
ਵਕਤ-ਬੁਰੇ ਦਾ ਜਰ ਲੈਣਾ
'ਪ੍ਰਹਾਰ' ਹੈ ਤਾਂ...
ਮਸਤ ਹਾਥੀਆਂ ਦੇ ਸਿਰ
ਵਿੰਨਣੇ ਸੌਖੇ ਨਹੀਂ..
ਅੰਦਰ ਵਾਲੀ ਜੁੜੇ ਲਾਜ਼ਮੀ
ਤਾਰ ਹੈ ਤਾਂ...
ਮੱਥਿਆਂ ਅੰਦਰ ਸੂਰਜ
ਤੱਕ ਸਮੋਏ ਹਨ...
ਸਿਰ ਦਿੱਤੇ ਹਨ, ਲਕਬ ਮਿਲੇ
ਸਰਦਾਰ ਹੈ ਤਾਂ...
ਚੰਦਨ ਵਰਗੀ ਮਹਿਕ
ਖਿਲਾਰੀ ਫਿਰਦੇ ਆਂ,
ਬੁੱਕਲ ਦੇ ਵਿੱਚ ਸੱਪਾਂ ਦੀ
ਭਰਮਾਰ ਹੈ ਤਾਂ...

-ਗੁਰਸ਼ਰਨ ਸ. ਸੋਹਲ
9914003562

## ਫੁਕਰੇ

ਘਟੀਆ ਤੇ ਬਦਤਮੀਜ਼, ਫੁਕਰੇ ਜਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ
ਇਹੋ ਜਿਹੇ ਲੋਕਾਂ ਨਾਲ ਰੱਖਣਾ ਹੈ ਮੇਲਜੋਲ
ਨਹੀਂ ਹੈ ਸਾਡੀ ਕੋਈ ਮਜ਼ਬੂਰੀ ਮਿੱਤਰੋ

ਔਖੀ ਵੇਲੇ ਇਹੇ ਸਾਰੇ ਵੇਖਦੇ ਤਮਾਸ਼ਾ ਏ
ਖੁਸ਼ੀ ਵੇਲੇ ਚਿਹਰਿਆਂ ਤੋਂ ਉੱਡ ਜਾਂਦਾ ਹਾਸਾ ਏ
ਇਸੇ ਲਈ ਇਹ ਗੱਲ ਹੈ ਜਰੂਰੀ ਮਿੱਤਰੋ
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ ...

ਹੁੰਦੀ ਨਹੀਂ ਤਮੀਜ਼ ਕਿਵੇਂ ਕਰਨੀ ਹੈ ਗੱਲ ਇਨ੍ਹਾਂ
ਕਾਮਯਾਬੀ ਥੋਡੀ ਨਹੀਓਂ ਹੁੰਦੀ ਕਦੇ ਝੱਲ ਇਨ੍ਹਾਂ
ਰਹਿੰਦੇ ਇਹੇ ਵਿੱਚ ਮਗਰੂਰੀ ਮਿੱਤਰੋ
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ ...

ਦਿਲਾਂ ਵਿੱਚ ਰੱਖਦੇ ਇਹ ਈਰਖਾ ਤੇ ਸਾੜਾ ਬਈ
ਖੁੰਝਦੇ ਨਹੀਂ ਮੌਕਾ ਇਹ ਬਣਾਈਏ ਕਿਵੇਂ ਮਾੜਾ ਬਈ
ਵੇਖ ਕੇ ਅਜਿਹੇ ਵੱਟੋ ਘੂਰੀ ਮਿੱਤਰੋ ....
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ ...

'ਦੂਹੜਿਆਂ ਦੇ ਖੁਸ਼ੀ' 'ਕੱਲੇ ਆਏ 'ਕੱਲੇ ਜਾਣਾਂ ਏਂ
ਝੱਲੀਏ ਨਾ ਧੌਂਸ, ਖਾਣਾ ਓਹੀ ਜੋ ਕਮਾਉਣਾ ਏਂ
ਖੋਲ੍ਹ ਦਿੱਤੀ ਗੱਲ ਜੋ ਅਧੂਰੀ ਮਿੱਤਰੋ
ਇਹੋ ਜਿਹੇ ਘਟੀਆ ਤੇ ਫੁਕਰੇ ਜਿਹੇ ਲੋਕਾਂ ਕੋਲੋਂ
ਰੱਖੀਏ ਬਣਾ ਕੇ ਸਦਾ ਦੂਰੀ ਮਿੱਤਰੋ....



ਖੁਸ਼ੀ ਮੁਹੰਮਦ 'ਚੱਠਾ'

## ਧੀ

ਪੁੱਤਰ ਜੰਮੇ ਤਾਂ ਲੱਡੂ ਵੰਡੀਏ,
ਵੰਡੀਏ ਧੀ ਦੀ ਵਾਰੀ ਬਰਫ਼ੀ।

ਦੋਨਾਂ ਦੀਆਂ ਲੋਹੜੀ ਪਾਈਏ,
ਖੁਸ਼ੀ ਮਨਾਈਏ ਚੌਤਰਫ਼ੀ।

ਇੱਕੋ ਵਿਹੜੇ ਖੇਡ ਕੇ ਪਲਦੇ,
ਚੜ੍ਹ ਇੱਕ ਹੀ ਮਾਂ ਦੀ ਗੋਦੀ ।

ਫਿਰ ਫ਼ਰਕ ਕੁੜੀ ਮੁੰਡੇ ਵਿੱਚ,
ਕਿਉਂ ਕਰਦੇ ਨੇ ਚੰਦਰੇ ਲੋਕੀ।

ਤੁਰ ਜਾਂਦੀ ਛੱਡ ਦੇਸ ਪਰਾਏ,
ਪਿੰਡ ਖੇੜੇ ਦੀ ਖ਼ੈਰ ਮਨਾਉਂਦੀ।

ਧੀ ਜਦੋਂ ਹੈ ਮੁੜ ਪੇਕੇ ਆਉਂਦੀ,
ਨਕਾਬ ਪਾ ਕੇ ਦੁੱਖ ਛੁਪਾਉਂਦੀ।

ਮਾਂ ਨੂੰ ਸੁਣਕੇ ਬਾਪ ਨੂੰ ਸੁਣਦੀ,
ਖੁਦ ਗਮ ਸੀਨੇ 'ਚ ਦਬਾਉਂਦੀ।

ਬਾਪੂ ਦੇ ਵਿਹੜੇ ਦੇਹ ਅਸੀਸਾਂ,
ਰੋਂਦੀ ਰੋਂਦੀ ਤੁਰ ਮੁਸਕਾਉਂਦੀ।

ਭਰਾ ਭਾਬੋ ਭਾਵੇਂ ਬਣੇ ਸ਼ਰੀਕੇ,
ਪਰ ਸਭ ਨੂੰ ਲਾਡ ਲਡਾਉਂਦੀ।

ਨ ਭੁੱਲਦੀ ਪਿੰਡ ਦੀਆਂ ਜੂਹਾਂ,
ਜਿੱਥੇ ਸੀ ਬਚਪਨ ਹੰਢਾਉਂਦੀ।

ਵੰਡਕੇ ਮੋਹ ਪਿਆਰ ਸੌਗਾਤਾਂ,
ਭੈਣ ਮਾਂ ਦਾ ਰੋਲ ਨਿਭਾਉਂਦੀ।

ਨਾ ਹੱਕ ਪੇਕੇ ਨਾ ਹੱਕ ਸਹੁਰੇ,
ਧੁਣਖੀ ਵਾਂਗੂੰ ਤਨ ਪਿੰਜਾਉਂਦੀ।

ਪੇਕੇ ਕਹਿੰਦੇ ਅਮਾਨਤ ਪਰਾਈ,
ਸਹੁਰੇ ਬਿਗਾਨੀ ਧੀ ਕਹਾਉਂਦੀ।

ਫਿਰ ਵੀ ਬਿਚਾਰੀ ਜੱਗ ਮੂੰਹੋਂ,
ਕਿਉਂ ਮਰਜਾਣੀ ਅਖਵਾਉਂਦੀ ?



ਸੇਵਾ ਸਿੰਘ "ਨੂਰਪੁਰੀ"

## ਪੇਪਰਾਂ ਦੀ ਤਿਆਰੀ

ਨਵੇਂ ਸਾਲ ਵਿੱਚ ਪੇਪਰ ਵੀ ਹੋਣਗੇ,
ਜੋ ਨਾ ਪੜ੍ਹੇ ਬੱਚੇ ਉਹ ਬੈਠ ਰੋਣਗੇ।
ਗਿਆ ਸਮਾਂ ਮਿਲਦਾ ਨੀਂ ਮੁੱਲ ਬੱਚਿਓ,
ਹੁਣ ਤੋਂ ਤਿਆਰੀ ਕਰੋ ਫੁੱਲ ਬੱਚਿਓ।
ਹੱਥੋਂ ਗਿਆ ਮੌਕਾ ਮੁੜ ਕੇ ਨੀ ਆਂਵਦਾ,
ਜੋ ਨਾ ਕਰੇ ਗੌਰ ਪਿੱਛੋਂ ਪਛਤਾਂਵਦਾ।
ਵੇਲਾ ਲੰਘੇ ਜਾਣ ਅੱਖਾਂ ਖੁੱਲ ਬੱਚਿਓ ,
ਹੁਣ ਤੋਂ ਤਿਆਰੀ.........
ਵਿਦਿਆ ਹੈ ਤੀਜਾ ਨੇਤਰ ਮਨੁੱਖ ਦਾ,
ਅਣਪੜ੍ਹਾ ਨੂੰ ਨਹੀਂ ਇੱਥੇ ਕੋਈ ਪੁੱਛਦਾ,
ਗਿਆਨ ਬਿਨਾਂ ਦੀਵਾ ਹੋਵੇ ਗੁੱਲ
ਬੱਚਿਓ।
ਹੁਣ ਤੋਂ ਤਿਆਰੀ ..........
ਨਵੇਂ ਸਾਲ ਨਵੀਆਂ ਪੁਲਾਂਘਾਂ ਪੁੱਟਿਓ,
ਦੂਈ ਤੇ ਦਵੈਤ ਨੂੰ ਜੜੋਂ ਪੁੱਟ ਸੁੱਟਿਓ।
ਸਭ ਨਾਲ ਰਹਿਓ ਤੁਸੀਂ ਘੁੱਲ
ਬੱਚਿਓ,
ਹੁਣ ਤੋਂ ਤਿਆਰੀ........
ਪੱਤੋ, ਦੇਵੇ ਨਵੇਂ ਸਾਲ ਦੀਆਂ ਮੁਬਾਰਕਾਂ,
ਇਹ ਨੇ ਭਵਿੱਖ ਥੋਡੇ ਦੀਆਂ ਵਾਰਤਾਂ।
ਮਿਹਨਤ ਨਾਲ ਕਿਸਮਤ ਜਾਵੇ ਖੁੱਲ ਬੱਚਿਓ।
ਹੁਣ ਤੋਂ ਤਿਆਰੀ ਕਰੋ ਫੁੱਲ ਬੱਚਿਓ।

ਹਰਪ੍ਰੀਤ ਪੱਤੋ
94658-21417

## ਸਿਰਜਣਹਾਰੇ ?

ਚਲੋ ਬਣਾਈਏ ਚਰਚ, ਮੰਦਰ ਤੇ ਮਸਜਿਦ, ਗੁਰੂਦੁਆਰੇ।
ਐਨੇ ਵਿੱਚ ਨੀ' ਸਰਨਾ ਦੇਈਏ ਮੜ੍ਹ ਸੋਨੇ ਵਿੱਚ ਸਾਰੇ।

ਅਪਣੇ ਅਸੀ ਬਣਾ ਹੀ ਲਏ ਨੇ ਸ਼ਰਮ ਭੋਰਾ ਹੁਣ ਕਰੀਏ,
ਅੱਲਾ, ਗੋਡ, ਵਾਹਿਗੁਰੂ, ਭਗਵਨ ਬੇਘਰ ਹਨ ਵਿਚਾਰੇ।

ਵਿੱਚ ਟਿਕਾਈਏ ਅਤੇ ਸਜਾਈਏ ਅਪਣੀਆਂ ਸਿਰਜੀਆਂ ਚੀਜਾਂ,
ਉੱਚੀ-ਉੱਚੀ ਗਾਈਏ 'ਇਹ ਸ਼੍ਰਿਸ਼ਟੀ ਦੇ ਸਿਰਜਣਹਾਰੇ।'

ਆਪਣੇ ਧੁਰ ਅੰਦਰ ਦੀ ਪਰ ਨਾ ਨਿਰਖ ਪਰਖ ਕੋਈ ਕਰੀਏ,
ਕੌਣ ਬੋਲਦੈ ਜਾਂ ਬੁਲਵਾਉਂਦੇ ਇਸ ਦੇਹੀ ਵਿਚਕਾਰੇ।

ਬਾਹਲਾ ਸਿਆਣਾ ਬਣ ਨਾ ਰੋਮੀ ਗੱਲ ਪਤੇ ਦੀ ਕਰਕੇ,
ਪਿੰਡ ਘੜਾਮੇਂ ਕਿਧਰੇ ਪੈ ਨਾ ਜਾਣ ਮਾਮਲੇ ਭਾਰੇ।

ਸੋਧੇ, ਫਤਵੇ, ਛੇਕ-ਛਕਈਏ ਸਹਿਣ ਤੈਥੋਂ ਨੀ' ਹੋਣੇ,
ਰੋਲੂ ਜਦੋਂ ਪੁਜਾਰੀ ਲਾਣਾ ਸਰਕਾਰੇ ਦਰਬਾਰੇ।

ਪਰ ਜੇ ਜ਼ਿੰਦਗੀ ਜਿਉਂ ਨੀ' ਹੁੰਦੀ ਗੂੰਗਾ, ਬੋਲਾ ਬਣ ਕੇ,
ਚਾਹੁੰਨੈ ਤੇਰੀ ਗੱਲ ਵੀ ਆਖਿਰ ਲੱਗੇ ਕਿਸੇ ਕਿਨਾਰੇ।

'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ',
ਪੜ੍ਹੀ ਧਿਆਨ ਨਾਲ਼ ਬਾਬਾ ਜੀਹਨੇ ਬੋਲ ਇਹ ਪ੍ਰਚਾਰੇ।

ਰੋਮੀ ਘੜਾਮੇਂ ਵਾਲਾ।
9855281105

## ਘਰ ਦੀ ਰੌਣਕ

ਬਜ਼ੁਰਗ ਹੋਣ ਜੇ ਵਿੱਚ ਘਰਾਂ ਦੇ ਘਰ ਹੁੰਦੇ ਨੇ ਸੋਂਹਦੇ,
ਪਰ ਬੀਤ ਜਾਣ ਜੋ ਵੇਲੇ ਫਿਰ ਨਾਂ ਮੁੜਕੇ ਵਾਪਸ ਔਂਦੇ,
ਬੇਸ਼ੱਕ ਹੋ ਜਾਏ ਸਭ ਕੁੱਝ ਪਰ ਉਹ ਰੰਗ ਰੂਪ ਨਾਂ ਫੱਬੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਬਜ਼ੁਰਗ ਹੋਣ ਜੇ ਵਿੱਚ ਘਰਾਂ ਦੇ ਸੌ ਸੌ ਦੁੱਖ ਸੁੱਖ ਕਰਦੇ,
ਕਿਸੇ ਚੀਜ਼ ਦੀ ਘਾਟ ਨਾਂ ਰਹਿੰਦੀ ਸਿਰ ਤੇ ਹੱਥ ਜਦ ਧਰਦੇ,
ਜ਼ਿੰਦਗੀ ਦੇ ਵਿੱਚ ਕਦੇ ਮੁਸ਼ਕਿਲਾਂ ਨਹੀਂ ਆਉਂਦੀਆਂ ਅੱਗੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਬੜਾ ਚੇਤੇ ਔਣ ਬਜ਼ੁਰਗ ਸਦਾ ਹੀ ਖੁਸ਼ੀਆਂ ਗ਼ਮੀਆਂ ਵੇਲੇ,
ਉਦੋਂ ਹੌਲ ਦਿਲਾਂ ਨੂੰ ਪੈਂਦੇ ਨੇ ਫਿਰ ਉਨ੍ਹਾਂ ਕਮੀਆਂ ਵੇਲੇ,
ਬੜਾ ਭਾਲਣ ਅੱਖਾਂ ਨਹੀਂ ਕੋਈ ਦਿਸਦਾ ਉਦੋਂ ਸੱਜੇ ਖੱਬੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਜਦ ਵਾਰੋ ਵਾਰੀ ਤੁਰ ਜਾਂਦੇ ਸਭ ਘਰ ਦੇ ਵੱਡ ਵਡੇਰੇ,
ਫਿਰ ਇਕਬਾਲ ਕਦੇ ਨਹੀਂ ਉਹ ਚੜ੍ਹਦੇ ਸੁਰਖ਼ ਸਵੇਰੇ,
ਧਾਲੀਵਾਲ ਉਹ ਰਹਿਣ ਨਾਂ ਮੌਜਾਂ ਘਰ ਨਾਂ ਸੱਜੇ ਧੱਜੇ,
ਬਜ਼ੁਰਗਾਂ ਤੋਂ ਬਿਨਾਂ ਘਰ ਦੀ ਰੌਣਕ ਫਿੱਕੀ ਫਿੱਕੀ ਲੱਗੇ।

ਇਕਬਾਲ ਧਾਲੀਵਾਲ

# ਪ੍ਰੀਖਿਆ ਲਈ ਤਿਆਰ ਨਹੀਂ ?



ਬੋਰਡ ਦੇ ਇਮਤਿਹਾਨ ਦਿਮਾਗੀ ਤੌਰ ’ਤੇ ਖਰਾਬ ਹੋ ਸਕਦੇ ਹਨ। ਭਾਵੇਂ ਤੁਸੀਂ ਇਮਤਿਹਾਨਾਂ ਅਤੇ ਹੋਰ ਇਮਤਿਹਾਨਾਂ ਵਿੱਚ ਸ਼ਾਮਲ ਹੋਣ ਤੋਂ ਡਰਦੇ ਨਹੀਂ ਹੋ, ਘਰ ਅਤੇ ਸਕੂਲ ਦਾ ਦਬਾਅ, ਪਰਿਵਾਰ ਦੇ ਨਾਲ-ਨਾਲ ਅਧਿਆਪਕਾਂ ਦੀਆਂ ਉਮੀਦਾਂ ਦਾ ਭਾਰ ਤਣਾਅਪੂਰਨ ਹੋ ਸਕਦਾ ਹੈ। ਪ੍ਰੀ ਬੋਰਡ ਇਮਤਿਹਾਨਾਂ ਅਤੇ ਬੋਰਡਾਂ ਵਿਚਕਾਰ ਸਮਾਂ ਬਹੁਤ ਮਹੱਤਵਪੂਰਨ ਹੁੰਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਪ੍ਰੀ ਬੋਰਡ ਇਮਤਿਹਾਨਾਂ ਵਿੱਚ ਆਪਣੇ ਪ੍ਰਦਰਸ਼ਨ ਦੇ ਆਧਾਰ ’ਤੇ ਆਪਣੇ ਕਮਜ਼ੋਰ ਪੁਆਇੰਟਾਂ ਦੀ ਪਛਾਣ ਕਰ ਸਕਦੇ ਹੋ ਅਤੇ ਕੰਮ ਕਰ ਸਕਦੇ ਹੋ। ਨਿਰਾਸ਼ ਨਾ ਹੋਵੋ ਜੇਕਰ ਤੁਹਾਡੇ ਪ੍ਰੀ-ਬੋਰਡ ਪ੍ਰੀਖਿਆ ਦੇ ਨਤੀਜੇ ਵਧੀਆ ਨਹੀਂ ਸਨ; ਅਜੇ ਵੀ ਸਮਾਂ ਹੈ ਕਿ ਤੁਸੀਂ ਸੋਚੋ ਕਿ ਤੁਸੀਂ ਕਿੱਥੇ ਗਲਤ ਹੋ ਗਏ ਅਤੇ ਕੁਝ ਕੋਰਸ ਸੁਧਾਰ ਕਰੋ। ਜਦੋਂ ਪ੍ਰੀਖਿਆ ਲਈ ਅਧਿਐਨ ਕਰਨ ਦੀ ਗੱਲ ਆਉਂਦੀ ਹੈ ਤਾਂ ਆਪਣੇ ਖੁਦ ਦੇ ਨੋਟਸ ਬਣਾਉਣਾ ਬਹੁਤ ਮਦਦਗਾਰ ਹੁੰਦਾ ਹੈ। ਅਜਿਹਾ ਕਰਨ ਦਾ ਸਭ ਤੋਂ ਪ੍ਰਭਾਵੀ ਤਰੀਕਾ ਇਹ ਹੋਵੇਗਾ ਕਿ ਕਲਾਸ-ਰੂਮ ਵਿੱਚ ਇੱਕ ਕਾਪੀ ਅਤੇ ਪੈੱਨ ਹੱਥ ਵਿੱਚ ਰੱਖੋ, ਤਾਂ ਜੋ ਤੁਸੀਂ ਉਸ ਚੀਜ਼ ਨੂੰ ਨੋਟ ਕਰ ਸਕੋ ਜਿਸਨੂੰ ਤੁਸੀਂ ਅਧਿਆਪਕ ਪੜ੍ਹਾਉਂਦੇ ਸਮੇਂ ਮਹੱਤਵਪੂਰਨ ਸਮਝਦੇ ਹੋ। ਆਪਣੇ ਅਧਿਆਪਕਾਂ ਨੂੰ ਮਹੱਤਵਪੂਰਨ ਵਿਸ਼ਿਆਂ ਅਤੇ ਸਵਾਲਾਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਕਹੋ। ਯਾਦ ਰੱਖੋ, ਜਦੋਂ ਅਧਿਆਪਕ ਕਿਸੇ ਮਹੱਤਵਪੂਰਨ ਵਿਸ਼ੇ ਦਾ ਜ਼ਿਕਰ ਕਰਦੇ ਹਨ, ਤਾਂ 95 ਪ੍ਰਤੀਸ਼ਤ ਸੰਭਾਵਨਾ ਹੁੰਦੀ ਹੈ ਕਿ ਤੁਹਾਡੀਆਂ ਅੰਤਿਮ ਪ੍ਰੀਖਿਆਵਾਂ ਵਿੱਚ ਉਸ ਤੋਂ ਪ੍ਰਸ਼ਨ ਹੋਣਗੇ। ਉਹਨਾਂ ਦਾ ਇੱਕ ਨੋਟ ਬਣਾਓ. ਜੇਕਰ ਤੁਸੀਂ ਸਾਲ ਭਰ ਅਜਿਹਾ ਨਹੀਂ ਕੀਤਾ ਹੈ, ਤਾਂ ਅਜੇ ਵੀ ਬਹੁਤੀ ਦੇਰ ਨਹੀਂ ਹੋਈ। ਤੁਸੀਂ ਘਰ ਬੈਠੇ ਆਪਣੀ ਪਾਠ ਪੁਸਤਕ ਖੋਲ੍ਹ ਸਕਦੇ ਹੋ ਅਤੇ ਮਹੱਤਵਪੂਰਨ ਨੁਕਤਿਆਂ ਦੇ ਨੋਟ ਬਣਾ ਸਕਦੇ ਹੋ। ਜੇਕਰ ਤੁਸੀਂ ਕਿਸੇ ਬਿੰਦੂ ’ਤੇ ਫਸ ਗਏ ਹੋ, ਤਾਂ ਤੁਸੀਂ ਆਪਣੇ ਅਧਿਆਪਕ ਨਾਲ ਸਲਾਹ ਕਰ ਸਕਦੇ ਹੋ, ਜਾਂ ਤੁਸੀਂ ਅਧਿਆਇ ਦੀ ਵਿਆਖਿਆ ਕਰਨ ਵਾਲੇ ਅਧਿਆਪਕ ਦਾ YouTube ਵੀਡੀਓ ਦੇਖ ਸਕਦੇ ਹੋ। ਇਹ ਯੂਟਿਊਬ ਇਨਟਰੈਕਟਰ ਸੰਸ਼ੋਧਨ ਲਈ ਜਾਂ ਜਦੋਂ ਤੁਸੀਂ ਸਮੇਂ ਦੀ ਕਮੀ ਵਿੱਚ ਹੁੰਦੇ ਹੋ ਤਾਂ ਬਹੁਤ ਮਦਦਗਾਰ ਹੁੰਦੇ ਹਨ। ਵਿਸ਼ਿਆਂ ਨੂੰ ਯਾਦ ਕਰਨ ਲਈ ਵਰਤੇ ਜਾਣ ਵਾਲੇ ਸੰਖੇਪ ਸ਼ਬਦ ਅਤੇ ਜੁਗਤਾਂ ਇੱਕ ਲੰਮਾ ਸਫ਼ਰ ਤੈਅ ਕਰਦੀਆਂ ਹਨ, ਖਾਸ ਕਰਕੇ ਜਦੋਂ ਤੁਹਾਨੂੰ ਲੰਮੀ ਸੂਚੀਆਂ ਜਿਵੇਂ ਕਿ ਪੀਰੀਅਡਿਕ ਟੇਬਲ ਨੂੰ ਸਿੱਖਣਾ ਪੈਂਦਾ ਹੈ। ਇੱਕ ਹੋਰ ਲਾਭਦਾਇਕ ਚੀਜ਼ ਇੱਕ ਵਿਸ਼ੇ ਦੇ ਕੀਵਰਡਸ ਨੂੰ ਯਾਦ ਕਰਨਾ ਹੈ. ਜੇਕਰ ਤੁਸੀਂ ਇਹਨਾਂ ਨੂੰ ਜਾਣਦੇ ਹੋ, ਤਾਂ ਤੁਹਾਨੂੰ ਸਿਰਫ਼ ਆਪਣੀ ਭਾਸ਼ਾ ਦੇ ਹੁਨਰ ਦੀ ਵਰਤੋਂ ਉਹਨਾਂ ਨੂੰ ਸਮਝਣ ਯੋਗ ਅਤੇ ਬੁੱਧੀਮਾਨ ਵਾਕਾਂ ਵਿੱਚ ਸਮੂਹ ਕਰਨ ਲਈ ਕਰਨ ਦੀ ਲੋੜ ਹੈ। ਤੁਹਾਡੀ ਉੱਤਰ ਪੁਸਤਿਕਾ ਦੀ ਜਾਂਚ ਕਰਨ ਵਾਲੇ ਪਰੀਖਿਅਕ ਨੂੰ ਪ੍ਰਭਾਵਿਤ ਕਰਨ ਲਈ ਕੀਵਰਡ ਜ਼ਰੂਰੀ ਹਨ। ਗੁੰਝਲਦਾਰ ਵਿਸ਼ਿਆਂ ਅਤੇ ਲੰਬੇ ਜਵਾਬਾਂ ਨੂੰ ਬਿਹਤਰ ਢੰਗ ਨਾਲ ਯਾਦ ਰੱਖਣ ਲਈ, ਤੁਸੀਂ ਕੀਵਰਡਸ ਦੀ ਵਰਤੋਂ ਕਰਕੇ ਅੰਕ ਬਣਾ ਸਕਦੇ ਹੋ ਅਤੇ ਸ਼ਾਇਦ ਉਹਨਾਂ ਨੂੰ ਆਪਣੇ ਸਿਰ ਵਿੱਚ ਨੰਬਰ ਵੀ ਦੇ ਸਕਦੇ ਹੋ। ਇਸ ਤਰ੍ਹਾਂ, ਜਦੋਂ ਤੁਸੀਂ ਅਸਲ ਵਿੱਚ ਇਮਤਿਹਾਨ ਲਿਖ ਰਹੇ ਹੋ ਅਤੇ ਕਿਸੇ ਖਾਸ ਸਵਾਲ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਸੀਂ ਆਸਾਨੀ ਨਾਲ ਜਾਣਦੇ ਹੋ ਕਿ ਕੀ ਤੁਹਾਡੇ ਕੋਲ ਅੰਕ ਗੁਆਚ ਰਹੇ ਹਨ। ਸਮਾਂ ਪ੍ਰਬੰਧਨ ਕੁਝ ਵਿਦਿਆਰਥੀਆਂ ਲਈ ਇੱਕ ਚੁਣੌਤੀ ਸਾਬਤ ਹੋ ਸਕਦਾ ਹੈ, ਖਾਸ ਕਰਕੇ ਪ੍ਰੀਖਿਆ ਹਾਲ ਵਿੱਚ। ਪੇਪਰ ਨੂੰ ਸਮੇਂ ਸਿਰ ਪੂਰਾ ਕਰਨਾ ਜ਼ਰੂਰੀ ਹੈ, ਤਰਜੀਹੀ ਤੌਰ ’ਤੇ ਸੋਧ ਕਰਨ ਲਈ 15 ਮਿੰਟ ਹੱਥ ਵਿੱਚ ਰੱਖੋ। ਆਪਣੀ ਲਿਖਣ ਦੀ ਗਤੀ ਨੂੰ ਵਧਾਉਣ ਅਤੇ ਇਹ ਸਮਝਣ ਲਈ ਕਿ ਤੁਸੀਂ ਕਿੰਨੀ ਸਮੱਗਰੀ ਨੂੰ ਜਜ਼ਬ ਕਰਨ ਦੇ ਯੋਗ ਹੋ ਗਏ ਹੋ, ਮੌਕ ਟੈਸਟ ਦੇ ਪੇਪਰ ਹੱਲ ਕਰੋ। ਇਨ੍ਹਾਂ ਵਿੱਚ ਪੁਰਾਣੇ ਪ੍ਰਸ਼ਨ ਪੱਤਰ ਜਾਂ ਹੋਰ ਨਮੂਨੇ ਦੇ ਪ੍ਰਸ਼ਨ ਪੱਤਰ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਪ੍ਰਸ਼ਨ ਪੱਤਰਾਂ ਨੂੰ ਹੱਲ ਕਰਦੇ ਸਮੇਂ, ਆਪਣਾ ਸਮਾਂ ਕੱਢੋ। ਸਮਾਂ ਸੀਮਾ ’ਤੇ ਰੱਖੋ ਅਤੇ ਇਸ ਨੂੰ ਅੰਤਿਮ ਪ੍ਰੀਖਿਆ ਵਾਂਗ ਵਰਤੋ। ਕੁਝ ਹੋਰ ਗੱਲਾਂ ਜੋ ਤੁਹਾਨੂੰ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ ਉਹ ਹਨ ਕਿ ਸਾਫ਼-ਸੁਥਰੀ ਅਤੇ ਸਾਫ਼ ਉੱਤਰ ਪੱਤਰੀਆਂ ਬਹੁਤ ਲੰਬੀਆਂ ਜਾਂਦੀਆਂ ਹਨ। ਆਪਣੀਆਂ ਉੱਤਰ ਕਾਪੀਆਂ ਵਿੱਚ ਪੇਸ਼ਕਾਰੀ ਢੰਗ ਨਾਲ ਲਿਖੋ। ਤੁਸੀਂ ਆਪਣੇ ਕੀਵਰਡਸ ਨੂੰ ਰੇਖਾਂਕਿਤ ਕਰਨ ਲਈ ਇੱਕ ਵਾਧੂ ਕਦਮ ਚੁੱਕ ਸਕਦੇ ਹੋ, ਆਪਣੇ ਜਵਾਬ ਬਿੰਦੂਆਂ ਵਿੱਚ ਲਿਖ ਸਕਦੇ ਹੋ, ਹਰ ਜਵਾਬ ਦੇ ਬਾਅਦ ਅੰਤ ਦੀਆਂ ਲਾਈਨਾਂ ਖਿੱਚ ਸਕਦੇ ਹੋ। ਇਹ ਉਹ ਸੁਝਾਅ ਹਨ ਜੋ ਸ਼ਾਇਦ ਤੁਹਾਡੇ ਅਧਿਆਪਕਾਂ ਨੇ ਤੁਹਾਨੂੰ ਪਹਿਲਾਂ ਹੀ ਦਿੱਤੇ ਹੋਣ। ਯਾਦ ਰੱਖੋ ਕਿ ਭਾਵੇਂ ਇਹ ਸੁਝਾਅ ਸਕੂਲ ਵਿੱਚ ਤੁਹਾਡੀਆਂ ਪ੍ਰੀਖਿਆਵਾਂ ਲਈ ਅਪ੍ਰਸੰਗਿਕ ਲੱਗ ਸਕਦੇ ਹਨ, ਇਹ ਤੁਹਾਡੀਆਂ ਬੋਰਡ ਪ੍ਰੀਖਿਆਵਾਂ ਵਿੱਚ ਬਹੁਤ ਮਦਦਗਾਰ ਹੋਣਗੇ। ਪ੍ਰੀਖਿਆ ਲਈ ਹਾਜ਼ਰ ਹੋਣ ਤੋਂ ਪਹਿਲਾਂ, ਆਪਣੇ ਸਿਲੇਬਸ ਨੂੰ ਚੰਗੀ ਤਰ੍ਹਾਂ ਸੋਧੋ। ਇਹ ਤੁਹਾਨੂੰ ਵਿਸ਼ਵਾਸ ਹਾਸਲ ਕਰਨ ਵਿੱਚ ਮਦਦ ਕਰੇਗਾ ਕਿਉਂਕਿ ਤੁਹਾਨੂੰ ਇਹ ਅਹਿਸਾਸ ਹੋਵੇਗਾ ਕਿ ਤੁਸੀਂ ਕਿੰਨਾ ਕੁ ਜਾਣਦੇ ਹੋ। ਤੁਸੀਂ ਆਪਣੇ ਕਮਜ਼ੋਰ ਬਿੰਦੂਆਂ ਨੂੰ ਵੀ ਪਛਾਣ ਸਕਦੇ ਹੋ ਅਤੇ ਕਿਸੇ ਵੀ ਚੀਜ਼ ਵੱਲ ਧਿਆਨ ਦੇ ਸਕਦੇ ਹੋ ਜਿਸ ਲਈ ਤੁਹਾਡੇ ਸਿਰੇ ਤੋਂ ਹੋਰ ਕੰਮ ਦੀ ਲੋੜ ਹੈ। ਇਸ ਸਭ ਦੇ ਨਾਲ, ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਤਿਆਰੀ ਦੇ ਲੰਬੇ ਘੰਟਿਆਂ ਦੇ ਵਿਚਕਾਰ ਨਿਯਮਤ ਬ੍ਰੇਕ ਲੈਂਦੇ ਹੋ ਤਾਂ ਜੋ ਤੁਸੀਂ ਸੜ ਨਾ ਜਾਓ। ਆਪਣੇ ਅਧਿਐਨ ਨੂੰ ਤਰਜੀਹ ਦਿਓਇਹ ਪਤਾ ਲਗਾ ਕੇ ਕਿ ਕੀ ਤੁਸੀਂ ਸਵੇਰ ਦੇ ਵਿਅਕਤੀ ਹੋ ਜਾਂ ਰਾਤ ਦੇ ਵਿਅਕਤੀ, ਇਹ ਪਤਾ ਲਗਾਓ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ ਅਤੇ ਉਸ ਅਨੁਸਾਰ ਕੰਮ ਕਰੋ। ਤੁਹਾਨੂੰ ਆਪਣੇ ਸਮੇਂ ਨੂੰ ਕਿਸੇ ਹੋਰ ਦੇ ਨਾਲ ਮੇਲਣ ਦੀ ਲੋੜ ਨਹੀਂ ਹੈ, ਜਿੰਨਾ ਚਿਰ ਤੁਸੀਂ ਹਰ ਰੋਜ਼ ਕੁਝ ਘੰਟਿਆਂ ਲਈ ਅਧਿਐਨ ਕਰ ਰਹੇ ਹੋ. ਯਾਦ ਰੱਖੋ ਕਿ ਆਪਣੇ ਆਪ ’ਤੇ ਬਹੁਤ ਕਠੋਰ ਨਾ ਬਣੋ, ਜੇ ਲੋੜ ਹੋਵੇ ਤਾਂ ਬ੍ਰੇਕ ਲਓ ਜਾਂ ਝਪਕੀ ਲਓ, ਆਪਣੇ ਦਿਮਾਗ ਨੂੰ ਸਾਫ਼ ਕਰਨ ਲਈ ਇੱਕ ਦੌੜ ਖਾਣ ਲਈ ਜਾਓ, ਅਤੇ ਇੱਕ ਜਾਂ ਦੋ ਝੂਰੇ। ਆਪਣੇ ਸਰੀਰ ਨੂੰ ਸੁਣੋ, ਤੁਹਾਡਾ ਦਿਮਾਗ ਸਖ਼ਤ ਮਿਹਨਤ ਕਰ ਰਿਹਾ ਹੈ ਕਿਉਂਕਿ ਇਹ ਤੁਹਾਡੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਦਾ ਹੈ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

# ਪਰਵਾਸ ਦੇ ਮੌਜੂਦਾ ਵਰਤਾਰੇ ਨੇ ਕੈਨੇਡਾ ’ਚ ਨਵੀਆਂ ਮੁਸ਼ਕਲਾਂ ਪੈਦਾ ਕੀਤੀਆਂ

*ਸਟੱਡੀ ਵੀਜ਼ੇ ’ਤੇ ਆ ਰਹੇ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਵਾਧਾ ਕਰ ਕੇ ਉਨ੍ਹਾਂ ਤੇ ਉਨ੍ਹਾਂ ਦੇ ਮਾਪਿਆਂ ਦੀਆਂ ਮੁਸ਼ਕਲਾਂ ਵਧਾ ਰਹੀ ਹੈ। ਸੱਚਾਈ ਇਹ ਹੈ ਕਿ ਕੈਨੇਡਾ ਦੀ ਆਰਥਿਕਤਾ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਵੱਡਾ ਯੋਗਦਾਨ ਹੈ। ਇਨ੍ਹਾਂ ਦੀ ਗਿਣਤੀ ਘਟਾਉਣ ਬਾਰੇ ਸਰਕਾਰ ਦੇ ਇਕ ਮੰਤਰੀ ਦਾ ਕਹਿਣਾ ਹੈ ਕਿ ਇਹ ਹਥੌੜੇ ਨਾਲ ਸਰਜਰੀ ਕਰਨ ਵਾਂਗ ਹੋਵੇਗਾ।*



ਪਰਵਾਸ ਕੋਈ ਸਿੱਧ ਪੱਧਰਾ ਵਰਤਾਰਾ ਨਹੀਂ ਹੈ। ਇਸ ਵਿਚ ਬਹੁਤ ਸਾਰੀਆਂ ਚੁਣੌਤੀਆਂ ਦਰਕਾਰ ਹਨ। ਆਪਣੀਆਂ ਜੜ੍ਹਾਂ ਤੋਂ ਉੱਖੜ ਕੇ ਕਿਸੇ ਪਰਾਈ ਧਰਤੀ ਦੀ ਬੇਗਾਨੀ ਮਿੱਟੀ ਵਿਚ ਆਪਣੀਆਂ ਜੜ੍ਹਾਂ ਲਾਉਣੀਆਂ ਤੇ ਵਿਗਸਣਾ, ਫੈਲਣਾ ਜਟਿਲ ਪ੍ਰਕਿਰਿਆ ਹੈ। ਜ਼ਰੂਰੀ ਨਹੀਂ ਹੁੰਦਾ ਹਰ ਮਿੱਟੀ ਤੁਹਾਨੂੰ ਮਾਂ ਵਾਂਗ ਗਲ਼ ਨਾਲ਼ ਲਾ ਲਵੇ ਤੇ ਹਨੇਰੀਆਂ, ਤੂਫ਼ਾਨਾਂ ਤੋਂ ਤੁਹਾਡੀ ਰੱਖਿਆ ਕਰੇ। ਪਰਵਾਸੀ ਬੰਦੇ ਨੂੰ ਬਹੁਤੇ ਝੱਖੜ ਆਪਣੇ ਨੰਗੇ ਪਿੰਡੇ ’ਤੇ ਆਪ ਹੀ ਝੱਲਣੇ ਪੈਂਦੇ ਹਨ। ਸਮੇਂ-ਸਮੇਂ ’ਤੇ ਚਣੌਤੀਆਂ ਆਪਣਾ ਰੂਪ ਬਦਲਦੀਆਂ ਰਹਿੰਦੀਆਂ ਹਨ।

ਉਸ ਖਿੱਤੇ ਦੇ ਲੋਕਾਂ ਦੀ ਅੱਖ ਵਿਚ ਤੁਸੀਂ ਕੰਕਰ ਬਣ ਕੇ ਰੜਕ ਵੀ ਸਕਦੇ ਹੋ। ਉਸ ਦੇਸ਼ ਦੀ ਸੱਤਾ ’ਤੇ ਕਾਬਜ਼ ਧਿਰ ਤੁਹਾਡੀ ਕਿਰਤ-ਕਮਾਈ ਵਿੱਚੋਂ ਆਪਣੇ ਮੁਨਾਫ਼ੇ ਨੂੰ ਜ਼ਰਬ ਦੇਣ ਲਈ ਨਵੀਆਂ ਨੀਤੀਆਂ ਨੂੰ ਤੁਹਾਡੇ ਉੱਪਰ ਠੋਸ ਵੀ ਸਕਦੀ ਹੈ। ਤੁਹਾਡੇ ਉਸ ਦੇਸ਼ ਵਿਚ ਦਾਖ਼ਲ ਹੋਣ ਅਤੇ ਵਸਣ ਦੀ ਪ੍ਰਕਿਰਿਆ ਨੂੰ ਕਠਿਨ ਤੇ ਮਹਿੰਗੀ ਵੀ ਕਰ ਸਕਦੀ ਹੈ। ਪਰਵਾਸ ਲਈ ਘਰੋਂ ਪੈਰ ਪੁੱਟਣ ਲੱਗਿਆਂ ਇਹ ਸਭ ਗੱਲਾਂ ਪੱਲੇ ਬੰਨ੍ਹ ਕੇ ਤੁਰਨਾ ਚਾਹੀਦਾ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਤੁਸੀਂ ਕਠਿਨ ਹਾਲਾਤ ਵਿਚ ਬਿਹਤਰ ਸੁੱਖ-ਸਹੂਲਤਾਂ ਵਣਜਣ ਜਾ ਰਹੇ ਹੋ। ਉੱਥੇ ਕੁਝ ਵੀ ਥਾਲੀ ਵਿਚ ਪਰੋਸਿਆ ਨਹੀਂ ਮਿਲਣਾ। ਕਿਰਤ ਕਰਨੀ ਪੈਣੀ ਹੈ।

ਸੰਘਰਸ਼ ਕਰਨਾ ਪੈਣਾ ਹੈ। ਜੀਵਨ ਸਿਫ਼ਰ ਤੋਂ ਸ਼ੁਰੂ ਕਰਨਾ ਪੈਣਾ ਹੈ। ਤੰਗੀਆਂ-ਤੁਰਸ਼ੀਆਂ ਸਹਿਣੀਆਂ ਪੈਣੀਆਂ ਹਨ। ਵਿਹਲੜ ਅੰਗਾਂ ਤੇ ਪਸਤ ਇਰਾਦਿਆਂ ਅੰਦਰ ਸੇਕ ਪੈਦਾ ਕਰਨਾ ਪੈਣਾ ਹੈ। ਮਹਿੰਗੇ ਸ਼ੌਕ ਤੇ ਫੁਕਰੀਆਂ ਆਦਤਾਂ ਤਿਆਗਣੀਆਂ ਪੈਣੀਆਂ ਹਨ। ਇਕ ਨਵਾਂ ਭਾਈਚਾਰਾ ਸਿਰਜਣਾ ਪੈਣਾ ਹੈ। ਨਵੀਆਂ ਤੇ ਬਿਹਤਰ ਜੀਵਨ ਹਾਲਤਾਂ ਪੈਦਾ ਕਰਨੀਆਂ ਪੈਣੀਆਂ ਹਨ। ਇਹ ਤੇ ਅਜਿਹੇ ਕਈ ਹੋਰ ਸਚਿਆਰੇ ਉਪਰਾਲੇ ਕਰਨ ਤੇ ਪ੍ਰਚਾਰਨ ਨਾਲ਼ ਅਸੀਂ ਪਰਵਾਸ ਨੂੰ ਕਲਪਿਤ ਸਵਰਗ ਵਰਗਾ ਸੁਖਦਾਇਕ ਤੇ ਮਨਮੋਹਕ ਬਣਾ ਸਕਦੇ ਹਾਂ। ਹਿੰਸਾ ਬਾਹਰਲੀ ਵੀ ਹੁੰਦੀ ਹੈ ਤੇ ਸਾਡੇ ਅੰਦਰਲੀ ਵੀ।

ਆਪਣੇ ਅੰਦਰਲੀ ਹਿੰਸਾ ’ਤੇ ਕਾਬੂ ਪਾਉਣਾ ਨਿਰਸੰਦੇਹ ਕਠਿਨ ਕਾਰਜ ਹੈ ਪਰ ਇਸ ’ਤੇ ਕਾਬੂ ਪਾਏ ਬਿਨਾਂ ਮਨੁੱਖੀ ਵਿਕਾਸ ਸੰਭਵ ਨਹੀਂ ਹੈ। ਇਸ ਹਿੰਸਾ ’ਤੇ ਕਾਬੂ ਪਾਉਣ ਲਈ ਸਾਨੂੰ ਸ਼ੁੱਧ ਤੇ ਪਵਿੱਤਰ ਵਿਚਾਰਾਂ ਦੇ ਹਥਿਆਰਾਂ ਨਾਲ ਲੈਸ ਹੋਣਾ ਪਵੇਗਾ। ਅਜਿਹੇ ਵਿਚਾਰ ਤੁਹਾਡੇ ਪਰਵਾਸ ਵਿਚ ਤੁਹਾਡੀ ਢਾਲ਼ ਬਣਨਗੇ। ਪਰਵਾਸ ਦੇ ਮੌਜੂਦਾ ਵਰਤਾਰੇ ਨੇ ਇੱਥੇ ਕੈਨੇਡਾ ਵਿਚ ਕੁਝ ਨਵੀਆਂ ਚਣੌਤੀਆਂ ਪੈਦਾ ਕੀਤੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਪਿਛਲੇ ਬਾਰਾਂ ਮਹੀਨਿਆਂ ਵਿਚ ਬਾਰਾਂ ਲੱਖ ਲੋਕਾਂ ਦੇ ਕੈਨੇਡਾ ਵਿਚ ਪੁੱਜਣ ਦੇ ਅੰਕੜੇ ਤੋਂ ਸਰਕਾਰ ਵੀ ਹੈਰਾਨ ਹੈ। ਚਾਰ ਕਰੋੜ ਤੋਂ ਵੱਧ ਵਸੋਂ ਵਾਲੇ ਇਸ ਮੁਲਕ ਵਿਚ ਇਹ ਵਾਧਾ ਅੰਤਰਰਾਸ਼ਟਰੀ ਪਰਵਾਸ ਕਾਰਨ ਹੋਇਆ ਹੈ। ਸਟੱਡੀ ਵੀਜ਼ੇ ’ਤੇ ਕੈਨੇਡਾ ਆ ਰਹੇ ਵਿਦਿਆਰਥੀਆਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਕਿਰਾਏ ’ਤੇ ਘਰ ਨਹੀਂ ਮਿਲ ਰਹੇ। ਮਹਿੰਗਾਈ ਨੇ ਘੱਟ ਆਮਦਨ ਵਾਲੇ ਲੋਕਾਂ ਦਾ ਜੀਵਨ ਮੁਸ਼ਕਲ ਕਰ ਦਿੱਤਾ ਹੈ। ਕੈਨੇਡਾ ਵਿਚ ਘਰਾਂ ਦੀ ਮੰਗ ਬਾਰੇ ਹਾਊਸਿੰਗ ਐਂਡ ਮਾਰਗੇਜ ਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਇਸ ਵੇਲ਼ੇ 35 ਲੱਖ ਮਕਾਨਾਂ ਦੀ ਕਮੀ ਹੈ।

ਫ਼ਿਕਰ ਇਹ ਵੀ ਹੈ ਕਿ ਜੇਕਰ ਆਉਂਦੇ ਪੰਜਾਂ ਸਾਲਾਂ ਵਿਚ ਮਕਾਨਾਂ ਦੀ ਉਸਾਰੀ ਦੁੱਗਣੀ ਨਾ ਕੀਤੀ ਗਈ ਤਾਂ ਮਕਾਨਾਂ ਦੀਆਂ ਕੀਮਤਾਂ ਅਤੇ ਕਿਰਾਇਆ ਹੋਰ ਉੱਪਰ ਚਲਾ ਜਾਵੇਗਾ। ਪਰਵਾਸੀਆਂ ਦੇ ਵੱਡੀ ਗਿਣਤੀ ਵਿਚ ਆਉਣ ਦਾ ਸਭ ਤੋਂ ਵੱਧ ਪ੍ਰਭਾਵ ਭਾਰਤ ਖ਼ਾਸ ਕਰਕੇ ਪੰਜਾਬ ਵਿੱਚੋਂ ਆ ਰਹੇ ਵਿਦਿਆਰਥੀਆਂ ਉੱਪਰ ਪੈ ਰਿਹਾ ਹੈ। ਸਟੱਡੀ ਵੀਜ਼ੇ ’ਤੇ ਕੈਨੇਡਾ ਆ ਰਹੇ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਟੋਰਾਂਟੋ ਤੇ ਇਸ ਦੇ ਨਾਲ਼ ਲੱਗਦੇ ਸ਼ਹਿਰ ਮਿਸੀਸਾਗਾ, ਬਰੈਂਪਟਨ, ਕਿਚਨਰ ਆਦਿ ਹਨ।

ਨਤੀਜਾ ਇਹ ਹੋਇਆ ਹੈ ਕਿ ਇਸ ਖਿੱਤੇ ਵਿਚ ਮਕਾਨਾਂ ਦੀ ਘਾਟ, ਬੇਰੁਜ਼ਗਾਰੀ ਤੇ ਮਹਿੰਗਾਈ ਦਾ ਅਸਰ ਸਭ ਤੋਂ ਵੱਧ ਵੇਖਣ ਨੂੰ ਮਿਲ ਰਿਹਾ ਹੈ। ਸਰਕਾਰ ਦੀ ਨਾਕਾਮੀ ਇਹ ਹੈ ਕਿ ਵੱਡੀ ਗਿਣਤੀ ਵਿਚ ਆ ਰਹੇ ਪਰਵਾਸੀਆਂ ਦਾ ਸਵਾਗਤ ਕਰ ਰਹੀ ਕੈਨੇਡਾ ਸਰਕਾਰ ਉਨ੍ਹਾਂ ਦੇ ਰਹਿਣ-ਸਹਿਣ, ਰੁਜ਼ਗਾਰ, ਹੈਲਥ ਤੇ ਜ਼ਰੂਰੀ ਵਸਤਾਂ ਦੀ ਉਪਲਬਤਾ ਦਾ ਲੋੜੀਂਦਾ ਪ੍ਰਬੰਧ ਨਹੀਂ ਕਰ ਰਹੀ।

ਉਲਟਾ ਸਟੱਡੀ ਵੀਜ਼ੇ ’ਤੇ ਆ ਰਹੇ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਵਾਧਾ ਕਰ ਕੇ ਉਨ੍ਹਾਂ ਤੇ ਉਨ੍ਹਾਂ ਦੇ ਮਾਪਿਆਂ ਦੀਆਂ ਮੁਸ਼ਕਲਾਂ ਵਧਾ ਰਹੀ ਹੈ। ਸੱਚਾਈ ਇਹ ਹੈ ਕਿ ਕੈਨੇਡਾ ਦੀ ਆਰਥਿਕਤਾ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਵੱਡਾ ਯੋਗਦਾਨ ਹੈ। ਇਨ੍ਹਾਂ ਦੀ ਗਿਣਤੀ ਘਟਾਉਣ ਬਾਰੇ ਸਰਕਾਰ ਦੇ ਇਕ ਮੰਤਰੀ ਦਾ ਕਹਿਣਾ ਹੈ ਕਿ ਇਹ ਹਥੌੜੇ ਨਾਲ ਸਰਜਰੀ ਕਰਨ ਵਾਂਗ ਹੋਵੇਗਾ। ਮਤਲਬ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਦਾ ਮਹੱਤਵ ਸਮਝਦੇ ਵੀ ਹਨ ਤੇ ਉਨ੍ਹਾਂ ਦੀਆਂ ਦੁਸ਼ਵਾਰੀਆਂ ਦਾ ਕੋਈ ਢੁੱਕਵਾਂ ਹੱਲ ਲੱਭਣ ਲਈ ਸੁਹਿਰਦ ਵੀ ਨਹੀਂ ਹਨ। ਅਸਲ ਵਿਚ ਨੇੜੇ ਢੁੱਕ ਰਹੀਆਂ ਚੋਣਾਂ ਦਾ ਅਸਰ ਹਰ ਲੋਕਤੰਤਰ ਦੀ ਕਮਜ਼ੋਰੀ ਹੈ। ਲੋਕਤੰਤਰ ਕਿਉਂਕਿ ਹੁਣ ਲੋਕਾਂ ਦੁਆਰਾ, ਲੋਕਾਂ ਦਾ, ਲੋਕਾਂ ਲਈ ਰਾਜ ਨਹੀਂ ਰਿਹਾ। ਲੋਕਤੰਤਰ ਹੁਣ ਸਰਮਾਏਦਾਰੀ ਨਿਜ਼ਾਮ ਜਾਂ ਕਾਰਪੋਰਟ ਘਰਾਣਿਆਂ ਦਾ ਹੱਥ ਠੋਕਾ ਬਣ ਕੇ ਰਹਿ ਗਿਆ ਹੈ।

ਇਸ ਲਈ ਪਰਵਾਸ ਉੱਪਰ ਵੀ ਇਸ ਨਿਜ਼ਾਮ ਜਾਂ ਘਰਾਣਿਆਂ ਦਾ ਅਸਰ ਹੋਣਾ ਸੁਭਾਵਿਕ ਹੈ। ਪਰਵਾਸ ਦਾ ਸੁਪਨਾ ਸਜਾਈਆਂ ਅੱਖਾਂ ਵਿਚ ਇਕ ਹੋਰ ਰੜਕ ਪੈਣ ਵਾਲੀ ਹੈ। ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨਾਲ ਮੇਰੀ ਕੋਈ ਗੱਲ ਨਹੀਂ ਹੋਈ ਨਾ ਟਰੂਡੋ ਭਾਅ ਨਾਲ ਇਸ ਵਿਸ਼ੇ ’ਤੇ ਮੇਰੀ ਕੋਈ ਚਰਚਾ ਹੋਈ ਹੈ।

ਪਰ ਮੀਡੀਆ ਦੀਆਂ ਖ਼ਬਰਾਂ ਹਨ ਕਿ ਕੈਨੇਡੀਅਨ ਸਰਕਾਰ ਨੇ ਪੋਸਟ ਗ੍ਰੈਜੂਏਟ ਵਰਕ ਪਰਮਿਟ ਧਾਰਕਾਂ ਨੂੰ ਵਾਧੂ ਅਠਾਰਾਂ ਮਹੀਨੇ ਦੇ ਵਰਕ ਪਰਮਿਟ ਜਾਰੀ ਕਰਨ ਦੀ ਅਸਥਾਈ ਨੀਤੀ ਨੂੰ ਨਾ ਵਧਾਉਣ ਦਾ ਫ਼ੈਸਲਾ ਕੀਤਾ ਹੈ। ਇਹ ਨੀਤੀ ਨਵੇਂ ਵਰ੍ਹੇ ਦੀ ਪਹਿਲੀ ਤਰੀਕ ਨੂੰ ਜਾਂ ਇਸ ਤੋਂ ਬਾਅਦ ਖ਼ਤਮ ਹੋਣ ਵਾਲੇ ਵਰਕ ਪਰਮਿਟ ਧਾਰਕਾਂ ਉੱਪਰ ਲਾਗੂ ਹੋਵੇਗੀ।

ਕਹਿਣ ਤੋਂ ਭਾਵ ਹੈ ਕਿ ਜਿਨ੍ਹਾਂ ਦੇ ਵਰਕ ਪਰਮਿਟ ਆਉਂਦੇ ਮਹੀਨਿਆਂ ਵਿਚ ਖ਼ਤਮ ਹੋਣ ਵਾਲੇ ਹਨ, ਉਨ੍ਹਾਂ ਨੂੰ ਵਾਪਸ ਜਾਣਾ ਪੈ ਸਕਦਾ ਹੈ। ਇਕ ਹੋਰ ਖ਼ਬਰ ਮੁਤਾਬਕ ਕੈਨੇਡਾ ਨੇ ਪਿਛਲੇ ਛੇ ਮਹੀਨਿਆਂ ਵਿਚ ਨਾਜਾਇਜ਼ ਤਰੀਕਿਆਂ ਨਾਲ਼ ਰਹਿ ਰਹੇ ਸੱਤ ਹਜ਼ਾਰ ਤੋਂ ਵੱਧ ਪਰਵਾਸੀਆਂ ਨੂੰ ਡਿਪੋਰਟ ਕੀਤਾ ਹੈ। ਉਪਰੋਕਤ ਸਾਰੀਆਂ ਗੱਲਾਂ ਸਾਂਝੀਆਂ ਕਰਨ ਦਾ ਮਤਲਬ ਡਰ ਪੈਦਾ ਕਰਨਾ ਨਹੀਂ ਹੈ।

ਇਹ ਫ਼ਿਕਰ ਤਾਂ ਉਨ੍ਹਾਂ ਪੰਜਾਬੀਆਂ ਤੇ ਭਾਰਤੀਆਂ ਲਈ ਹੈ ਜਿਹੜੇ ਹਰ ਹਾਲਤ ਵਿਚ ਕੈਨੇਡਾ ਪਹੁੰਚਣਾ ਚਾਹੁੰਦੇ ਹਨ। ਪੰਜਾਬ ਵਿਚ ਚੰਗੀਆਂ ਨੌਕਰੀਆਂ ਕਰ ਰਹੇ, ਸੌਖੀ ਰੋਟੀ ਖਾ ਰਹੇ, ਕਾਰੋਬਾਰ ਕਰ ਰਹੇ, ਖੇਤੀਬਾੜੀ ਕਰ ਰਹੇ ਅਤੇ ਬਿਹਤਰ ਜੀਵਨ ਹਾਲਤਾਂ ’ਚ ਜੀਅ ਰਹੇ ਲੋਕਾਂ ਨੂੰ ਆਪਣੇ ਘਰਾਂ ਨੂੰ ਜਿੰਦਰੇ ਮਾਰ ਕੇ ਜਹਾਜ਼ੇ ਚੜ੍ਹਨ ਤੋਂ ਪਹਿਲਾਂ ਠੰਢੇ ਦਿਮਾਗ ਨਾਲ਼ ਸੋਚਣਾ ਜ਼ਰੂਰ ਚਾਹੀਦਾ ਹੈ। ਭਾਰਤੀ ਸਿਸਟਮ ਸਾਡੀਆਂ ਭਾਵਨਾਵਾਂ ਦੀ ਤਰਜ਼ਮਾਨੀ ਨਹੀਂ ਕਰਦਾ ਪਰ ਇਸ ਸਿਸਟਮ ਕੋਲੋਂ ਭੱਜ ਜਾਣ ਨਾਲ਼ ਵੀ ਕੋਈ ਮਸਲਾ ਹੱਲ ਨਹੀਂ ਹੋਣ ਵਾਲਾ। ਪਰਵਾਸ ਨੂੰ ਨਿੱਜੀ ਹਿੱਤਾਂ ਤੋਂ ਬਾਹਰ ਜਾ ਕੇ ਸੋਚਣ-ਵਿਚਾਰਨ ਦੀ ਲੋੜ ਹੈ।

-ਮਲਵਿੰਦਰ

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD